A1 Roofing & Siding Ltd.
• ROOFING • SIDING • SOFFIT • STUCCO • HARDIE • FASCIA • EAVESTROUGH
ਘਰਾਂ ਦੀਆਂ ਛੱਤਾਂ ਅਤੇ ਸਾਈਡਿੰਗ, ਸਟੱਕੋ ਦਾ ਤਸੱਲੀਬਖ਼ਸ਼ ਕੰਮ ਕਰਵਾਓ
Jaswinder 403-614-2094 Harwinder 403-402-5615

The Punjabi Newspaper
ਪੰਜਾਬੀਅਤ ਦਾ ਪਹਿਰੇਦਾਰ

# ਪੰਜਾਬੀ ਅਖ਼ਬਾਰ
Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000
Chief Editor : Harbans Buttar

Look & Find your dream home with
MANJIT JASWAL REALTOR®
THE NAME YOU CAN TRUST FOR YOUR ALL BUYING & SELLING REAL ESTATE NEEDS
CENTURY 21 Bravo Realty
403.861.2253

Vol: 13 No: 300 Website : www.punjabiakhbaar.ca Email: editor@punjabiakhbaar.ca Friday, 18 September 2026

# ਜ਼ਬਰੀ ਉਗਰਾਹੀ ਅਤੇ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਿਲ 4 ਪੰਜਾਬੀ ਨੌਜਵਾਨਾਂ ਨੂੰ ਦੇਸ਼ ਨਿਕਾਲਾ

## ਹੁਣ ਤੱਕ 111 ਸ਼ੱਕੀਆਂ ਨੂੰ ਕੈਨੇਡਾ ਤੋਂ ਬਾਹਰ ਕੱਢਿਆ



ਔਟਵਾ (ਪੰਜਾਬੀ ਅਖ਼ਬਾਰ ਬਿਊਰੋ) ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੇ ਕੈਨੇਡਾ ਵਿੱਚ ਵੱਧ ਰਹੇ ਸੰਗਠਿਤ ਅਪਰਾਧ ਅਤੇ ਫਿਰੌਤੀ ਦੇ ਮਾਮਲਿਆਂ 'ਤੇ ਵੱਡੀ ਕਾਰਵਾਈ ਕਰਦਿਆਂ ਪੰਜਾਬ ਨਾਲ ਸਬੰਧਤ ਚਾਰ ਭਾਰਤੀ ਨੌਜਵਾਨਾਂ ਨੂੰ ਜ਼ਬਰੀ ਉਗਰਾਹੀ ਅਤੇ ਹਿੰਸਕ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਿਲ ਹੋਣ ਦੇ ਦੋਸ਼ ਹੇਠ ਕੈਨੇਡਾ ਤੋਂ ਡਿਪੋਰਟ ਕਰ ਦਿੱਤਾ ਹੈ।ਏਜੰਸੀ ਵੱਲੋਂ ਸਾਂਝੀ ਕੀਤੀ ਗਈ ਜਾਣਕਾਰੀ ਅਨੁਸਾਰ ਇਨ੍ਹਾਂ ਚਾਰਾਂ ਨੌਜਵਾਨਾਂ ਦੀ ਪਛਾਣ ਪਲਵਿੰਦਰ ਸਿੰਘ, ਜਸਮੇਰ ਸਿੰਘ, ਅਮਿਤੋਜ਼ ਬਾਜਵਾ ਅਤੇ ਸਾਹਿਬਜੋਤ ਸਿੰਘ ਵੱਜੋਂ ਹੋਈ ਹੈ। ਇਨ੍ਹਾਂ ਵਿਅਕਤੀਆਂ ਉੱਪਰ ਜ਼ਬਰਦਸਤੀ ਉਗਰਾਹੀ, ਗੋਲੀਬਾਰੀ ਅਤੇ ਵੱਖ-ਵੱਖ ਹਿੰਸਕ ਵਾਰਦਾਤਾਂ ਵਿੱਚ ਸ਼ਾਮਿਲ ਹੋਣ ਦੇ ਗੰਭੀਰ ਮਾਮਲੇ ਦਰਜ ਸਨ।

'ਇਮੀਗ੍ਰੇਸ਼ਨ ਐਂਡ ਰਿਫਿਊਜੀ ਪ੍ਰੋਟੈਕਸ਼ਨ ਐਕਟ' ਅਧੀਨ 'ਇਮੀਗ੍ਰੇਸ਼ਨ ਐਂਡ ਰਿਫਿਊਜੀ ਬੋਰਡ ਆਫ ਕੈਨੇਡਾ' ਨੇ ਇਨ੍ਹਾਂ ਨੂੰ ਅਪਰਾਧਿਕ ਸੰਗਠਨਾਂ ਨਾਲ ਸਬੰਧਾਂ ਅਤੇ ਗੰਭੀਰ ਅਪਰਾਧਾਂ ਦੇ ਆਧਾਰ 'ਤੇ ਕੈਨੇਡਾ ਵਿੱਚ ਰਹਿਣ ਲਈ ਅਯੋਗ ਠਹਿਰਾਇਆ ਸੀ, ਜਿਸ ਤੋਂ ਬਾਅਦ ਇਹ ਬਣਦੀ ਕਾਰਵਾਈ ਕੀਤੀ ਗਈ।

**ਹੁਣ ਤੱਕ 111 ਸ਼ੱਕੀਆਂ ਨੂੰ ਕੈਨੇਡਾ ਤੋਂ ਬਾਹਰ ਕੱਢਿਆ**

ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੇ ਖ਼ੁਲਾਸਾ ਕੀਤਾ ਹੈ ਕਿ ਸਾਲ 2026 ਦੇ ਪਿਛਲੇ ਮਹੀਨਿਆਂ ਦੌਰਾਨ ਫਿਰੌਤੀ ਅਤੇ ਗੋਲੀਬਾਰੀ ਦੀਆਂ ਵਾਰਦਾਤਾਂ ਵਿੱਚ ਸ਼ਾਮਿਲ ਕੁੱਲ 111 ਸ਼ੱਕੀਆਂ ਨੂੰ ਦੇਸ਼ ਨਿਕਾਲਾ ਦਿੱਤਾ ਜਾ ਚੁੱਕਾ ਹੈ। ਇਸ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਹੋਰ ਸ਼ੱਕੀ ਅਪਰਾਧੀਆਂ ਵਿਰੁੱਧ ਵੀ ਜਾਂਚ ਅਤੇ ਦੇਸ਼ ਨਿਕਾਲੇ ਦੀਆਂ ਕਾਰਵਾਈਆਂ ਤੇਜ਼ੀ ਨਾਲ ਚੱਲ ਰਹੀਆਂ ਹਨ।

ਬਾਕੀ ਸਫ਼ਾ 23 'ਤੇ

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ।
ਪੰਜਾਬੀ ਵਿੱਚ ਗੱਲਬਾਤ ਕਰਨ ਲਈ
ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਸੰਪਰਕ ਕਰੋ
Harman Buttar, BA, CIRP, LIT, Managing Partner
harmanb@bnadebtsolutions.ca
Simmie Pandher, Senior Administrator
Simmiep@bnadebtsolutions.ca
• Licensed Insolvency Trustees • Proposal Administrators
BNA Debt Solutions
P: 403-232-6220
F: 403-232-6262
#150, 703-64th Ave. SE
Calgary, AB T2H 2C3
www.bnadebtsolutions.ca

GOLDEN HARMONY CARE
ਬਜ਼ੁਰਗਾਂ ਦੀ ਸਾਂਭ-ਸੰਭਾਲ ਦਾ ਫਿਕਰ ਛੱਡੋ, ਉਹ ਤੁਹਾਡੇ ਘਰ ਆਕੇ ਅਸੀਂ ਕਰਾਂਗੇ
ਆਪਣੇ ਘਰ ਵਿੱਚ ਮੁਫ਼ਤ ਸਲਾਹ-ਮਸ਼ਵਰੇ ਲਈ ਅੱਜ ਹੀ ਬੁਕਿੰਗ ਕਰੋ।
ਹੁਣੇ ਕਾਲ ਕਰੋ - 403-439-6688
goldenharmonycare@gmail.com
info@goldenharmonycare.ca
www.goldenharmonycare.ca
ਘਰ ਵਿੱਚ ਦੇਖਭਾਲ ਸੇਵਾ
- ਨਿੱਜੀ ਦੇਖਭਾਲ
- ਡਿਮੈਂਸ਼ੀਆਂ ਕੇਅਰ
- ਖਾਣਾ ਬਣਾਉਣਾ
- ਸਫਾਈ
- ਸਾਥ-ਸੰਗਤ
- ਹੋਸਪਿਸ ਸਮਰਥਨ
- ਆਵਾਜਾਈ ਸੇਵਾ
- ਰੈਸਪਾਈਟ ਕੇਅਰ
- ਨਰਸਿੰਗ ਸੇਵਾਵਾਂ
- 24 ਘੰਟੇ ਦੇਖਭਾਲ
ਮਰੀਜ਼ ਲਈ ਕੋਈ ਖਰਚਾ ਨਹੀਂ
ਏਐਚਐਸ ਦੁਆਰਾ ਮਨਜ਼ੂਰ
ਸੀਡੀਐਚਸੀਆਈ ਦੁਆਰਾ ਮਨਜ਼ੂਰ
ਸਰਕਾਰੀ ਫੰਡ ਨਾਲ ਘਰ ਵਿੱਚ ਦੇਖਭਾਲ ਦੀਆਂ ਸੇਵਾਵਾਂ।
Golden Harmony Care ਤੁਹਾਡੀਆਂ ਮਨਜ਼ੂਰਸ਼ੁਦਾ ਸੇਵਾਵਾਂ ਲਈ AHS ਨੂੰ ਸਿੱਧਾ ਬਿੱਲ ਭੇਜਦਾ ਹੈ, ਬਿਨਾਂ ਕੋਈ ਵਾਧੂ ਖਰਚਾ ਲਏ।
ਕੈਲਗਰੀ, ਐਡਮੰਟਨ ਅਤੇ ਆਲੇ-ਦੁਆਲੇ ਦੇ ਸਾਰੇ ਖੇਤਰਾਂ ਵਿੱਚ ਸੇਵਾ ਪ੍ਰਦਾਨ ਕਰਦਾ ਹੈ
ਮੈਡੀਕਲ ਅਤੇ ਪੈਰਾਮੈਡਿਕ ਤਜਰਬੇ ਵਾਲੀਆਂ ਤੁਹਾਡੀਆਂ ਆਪਣੀਆਂ ਪੰਜਾਬੀ ਕੁੜੀਆਂ

Narmaan Sidhu
Mortgage Expert
License # 510430
ਘਰ ਦੀ ਮਾਰਗੇਜ ਦਾ ਹੱਲ! ਨਰਮਾਣ ਸਿੱਧੂ ਕੋਲ ਚੱਲ
Alberta & Saskatchewan
403.818.0140
narmaan.sidhu@dominionlending.ca
www.NarmaanSidhu.com
THE MORTGAGE FIRM
Dominion Lending Centres

Sunder Building Supplies Ltd.
We believe in quality
• CRC Roofing Supplies
• Drywall, Insulation
• Sound Control Products
• Stucco, T-Bar Ceiling
• Manufactdured Stone
• Steel Studs &
• Accessories
Stucco Paper Flashing Wiring
Free Estimate BEST Rates
Nirvair Singh Johal 403-690-8700
Bhajan Singh Johal 403-561-0227
3875 - 108th Avenue NE Calgary.

CARPET EMPIRE
Calgary Carpet Empire
SALE
CARPET, HARDWOOD, LAMINATE, TILES, VINYL PLANKS, CARPET TILES & LINO
Carpet Starting at $1.99 Sf (Burber material with installation)
FINANCING OPTIONS AVAILABLE
Special Discount Over 2000 Sf
Kam: 403 991 0074
Office: 403 510 1515
2935 19 St NE Calgary(AB) T2E7A2
sales@carpetempire.ca www.carpetempire.ca

Cityscape Family Dental
Dr. Rashmi Bajaj & Associates
403 226 2121
Serving Individuals, Families & Communities Since 2016


88 West
RENTALS
ਨਵੇਂ ਕਿਰਾਏਦਾਰਾਂ ਨੂੰ ਮਿਲੇਗਾ
ਇੱਕ
ਮਹੀਨਾ
ਕਿਰਾਇਆ ਮੁਫ਼ਤ!
+ ਮੁਫ਼ਤ ਏ/ਸੀ ਅਤੇ 1 ਸਾਲ
ਮੁਫ਼ਤ ਪਾਰਕਿੰਗ
ਜਦੋਂ ਤੁਸੀਂ 13 ਮਹੀਨਿਆਂ ਦੀ ਲੀਜ਼ ਸਾਈਨ ਕਰੋ*
*ਸ਼ਰਤਾਂ ਲਾਗੂ ਹਨ*
ਸਿਰਫ਼ ਮੂਵ-ਇਨ ਲਈ ਵੈਧ 31 ਅਕਤੂਬਰ, 2026 ਤੱਕ
ਹੋਰ ਜਾਣਕਾਰੀ ਲਈ 403.796.4533 'ਤੇ ਕਾਲ ਕਰੋ
88westrentals.com
*ਨਿਯਮ ਅਤੇ ਸ਼ਰਤਾਂ ਲਾਗੂ ਹਨ। ਪੇਸ਼ਕਸ਼ ਬਿਨਾਂ ਕਿਸੇ ਸੂਚਨਾ ਦੇ ਬਦਲੀ ਜਾ ਸਕਦੀ ਹੈ। ਵੇਰਵਿਆਂ ਲਈ ਲੀਜ਼ਿੰਗ ਟੀਮ ਨਾਲ ਸੰਪਰਕ ਕਰੋ।
88 West
FOR RENT
1 & 2 BDRM
(403).796.4533


ਨਵੇਂ ਕਿਰਾਏਦਾਰਾਂ ਨੂੰ ਮਿਲੇਗਾ
2 ਮਹੀਨੇ
ਕਿਰਾਇਆ ਮੁਫ਼ਤ
+ ਮੁਫ਼ਤ ਏ/ਸੀ ਅਤੇ
1 ਸਾਲ ਮੁਫ਼ਤ ਪਾਰਕਿੰਗ
ਜਦੋਂ ਤੁਸੀਂ 26 ਮਹੀਨਿਆਂ ਦੀ ਲੀਜ਼ ਸਾਈਨ ਕਰੋ*
*ਸ਼ਰਤਾਂ ਲਾਗੂ ਹਨ*
ਸਿਰਫ਼ ਮੂਵ-ਇਨ ਲਈ ਵੈਧ
31 ਅਕਤੂਬਰ, 2026 ਤੱਕ
88 West
RENTALS
ਹੋਰ ਜਾਣਕਾਰੀ ਲਈ 403.796.4533 'ਤੇ ਕਾਲ ਕਰੋ
88westrentals.com
*ਨਿਯਮ ਅਤੇ ਸ਼ਰਤਾਂ ਲਾਗੂ ਹਨ। ਪੇਸ਼ਕਸ਼ ਬਿਨਾਂ ਸੂਚਨਾ ਦੇ ਬਦਲੀ ਜਾ ਸਕਦੀ ਹੈ।
ਹੋਰ ਜਾਣਕਾਰੀ ਲਈ ਲੀਜ਼ਿੰਗ ਟੀਮ ਨਾਲ ਸੰਪਰਕ ਕਰੋ।



ਪੰਜਾਬੀ ਅਖ਼ਬਾਰ ਰੀਜਾਇਨਾ ਐਡੀਸਨ ਵਿੱਚ ਐਡਵਰਟਾਈਜ਼ਮੈਂਟ ਦੇਣ ਲਈ ਗੁਰਬਿੰਦਰ ਸਿੰਘ ਗਾਗੋਂਵਾਲ ਨਾਲ ਸੰਪਰਕ ਕਰੋ

1 306 520 4313

ਮੁੱਖ ਦਫਤਰ: 1 403 640 2000

The Punjabi Newspaper

ਪੰਜਾਬੀਅਤ ਦਾ ਪਰਚਮ

# ਪੰਜਾਬੀ ਅਖ਼ਬਾਰ

Punjabi Akhbaar

ਮੁੱਖ ਸੰਪਾਦਕ: ਹਰਬੰਸ ਬੁੱਟਰ 403 640 2000

Chief Editor : Harbans Buttar

Vol: 13 No: 300 Website : www.punjabiakhbaar.ca Email: editor@punjabiakhbaar.ca Friday, 18 September 2026


# ਕੈਲਗਰੀ-ਸ਼ਾਅ ਦੇ ਚੋਣ ਨਤੀਜਿਆਂ ਨੇ ਯੂ ਸੀ ਪੀ ਨੂੰ ਹਟ ਪਿੱਛੇ ਕਹਿੰਦਿਆਂ ਐਨ ਡੀ ਪੀ ਨੂੰ ਜੇਤੂ ਕਰਾਰ ਦਿੱਤਾ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਅਲਬਰਟਾ ਐਨ ਡੀ ਪੀ ਦੇ ਨਾਹੀਦ ਨੇਨਸ਼ੀ ਦੇ ਆਗੂ ਬਣਨ ਤੋਂ ਬਾਅਦ ਪਾਰਟੀ ਨੇ ਹੁਣ ਤੱਕ ਚਾਰ ਉਪ-ਚੋਣਾਂ ਜਿੱਤੀਆਂ ਹਨ, ਜਿਸ ਵਿੱਚ ਕੈਲਗਰੀ-ਸ਼ਾਅ ਤੋਂ ਕਾਇਲ ਕੈਂਪਬੈਲ ਦਾ ਐਮਐਲਏ ਵਜੋਂ ਵਿਧਾਨ ਸਭਾ ਲਈ ਚੁਣਿਆ ਜਾਣਾ ਵੀ ਸ਼ਾਮਿਲ ਹੈ। ਆਏ ਚੋਣ ਨਤੀਜਿਆਂ ਅਨੁਸਾਰ ਐਨ ਡੀ ਪੀ ਨੂੰ 7461 ਅਤੇ ਮੌਜੂਦਾ ਸੱਤਾਧਾਰੀ ਯੂ ਸੀ ਪੀ ਨੂੰ 6879 ਨਾਲ ਹਾਰ ਸਵੀਕਾਰ ਕਰਨੀ ਪਈ। ਜਦੋਂ ਕਿ ਚੋਣ ਮੈਦਾਨ ਵਿੱਚ ਬਾਕੀ ਪਾਰਟੀਆਂ ਜਿਹਨਾਂ ਵਿੱਚ ਟੋਰੀ 978 ਅਤੇ ਲਿਬਰਲ ਦੇ ਉਮੀਦਵਾਰ ਸਿਰਫ 602 ਵੋਟਾਂ ਹੀ ਲੈ ਸਕੇ।




ਕੈਲਗਰੀ ਸ਼ਾਅ ਤੋਂ ਜੇਤੂ ਕਾਇਲ ਕੈਂਪਬੈਲ ਅਤੇ ਅਲਬਰਟਾ ਐਨ ਡੀ ਪੀ ਦੇ ਆਗੂ ਨਾਹੀਦ ਨੇਨਸ਼ੀ

ਅਲਬਰਟਾ ਐਨਡੀਪੀ ਦੇ ਆਗੂ ਨਾਹੀਦ ਨੇਨਸ਼ੀ ਨੇ ਕਿਹਾ, "ਇਹ ਅਲਬਰਟਾ ਦੇ ਨਿਊ ਡੈਮੋਕਰੇਟਸ ਲਈ ਇੱਕ ਇਤਿਹਾਸਕ ਜਿੱਤ ਸੀ, ਅਤੇ ਕੈਲਗਰੀ-ਸ਼ਾਅ ਦੇ ਵੋਟਰਾਂ ਨੇ ਅੱਜ ਡੈਨੀਅਲ ਸਮਿਥ ਅਤੇ ਯੂਸੀਪੀ ਸਰਕਾਰ ਨੂੰ ਇੱਕ ਸਖ਼ਤ ਸੰਦੇਸ਼ ਦਿੱਤਾ ਹੈ ਕਿ ਇਹ ਸਰਕਾਰ ਲੋੜੀਂਦੇ ਮਿਆਰ 'ਤੇ ਖਰੀ ਨਹੀਂ ਉੱਤਰ ਰਹੀ।" "ਇਸ ਸੀਟ ਨੂੰ ਕੰਜ਼ਰਵੇਟਿਵ ਪਾਰਟੀ ਲਈ ਇੱਕ ਸੁਰੱਖਿਅਤ ਸੀਟ ਮੰਨਿਆ ਜਾਂਦਾ ਸੀ ਜਿਸ 'ਤੇ ਉਹ ਵੱਡੇ ਫਰਕ ਨਾਲ ਜਿੱਤਦੇ ਰਹੇ ਹਨ। ਅੱਜ, ਵੋਟਰਾਂ ਨੇ ਸਾਬਤ ਕਰ ਦਿੱਤਾ ਹੈ ਕਿ ਕੈਲਗਰੀ ਵਿੱਚ ਕੋਈ ਵੀ ਸੀਟ ਯੂਸੀਪੀ ਦੇ ਹੱਕ ਵਿੱਚ ਨਹੀਂ ਹੈ।"ਅਲਬਰਟਾ ਵਿੱਚ ਵੱਖਵਾਦੀਆਂ ਦਾ ਸਮਰਥਨ ਕਰਨਾ ਜਿੱਤ ਦਾ ਰਾਹ ਨਹੀਂ ਹੈ। ਕੈਨੇਡੀਅਨਾਂ ਦੀ ਬਜਾਏ ਟਰੰਪ ਦਾ ਸਾਥ ਦੇਣਾ ਜਿੱਤ ਦਾ ਰਾਹ ਨਹੀਂ ਹੈ। ਸਾਡੇ ਵਧ ਰਹੇ ਸ਼ਹਿਰਾਂ ਵਿੱਚ ਨਿਵੇਸ਼ ਕਰਨ ਤੋਂ ਇਨਕਾਰ ਕਰਨਾ ਜਿੱਤ ਦਾ ਰਾਹ ਨਹੀਂ ਹੈ।"ਅਲਬਰਟਾ ਦੇ ਲੋਕ ਅਜਿਹੀ ਸਰਕਾਰ ਚਾਹੁੰਦੇ ਹਨ ਜੋ ਉਨ੍ਹਾਂ ਦੀਆਂ ਤਰਜੀਹਾਂ 'ਤੇ ਧਿਆਨ ਕੇਂਦਰਿਤ ਕਰੇ। ਉਹ ਅਜਿਹੀ ਸਿਹਤ ਸੰਭਾਲ ਪ੍ਰਣਾਲੀ ਚਾਹੁੰਦੇ ਹਨ ਜੋ ਵਧੀਆ ਢੰਗ ਨਾਲ ਕੰਮ ਕਰੇ, ਆਪਣੇ ਇਲਾਕਿਆਂ ਵਿੱਚ ਸਕੂਲ ਚਾਹੁੰਦੇ ਹਨ, ਅਤੇ ਵਧਦੀ ਮਹਿੰਗਾਈ ਤੋਂ ਰਾਹਤ ਚਾਹੁੰਦੇ ਹਨ। ਕਾਇਲ ਕੈਂਪਬੈਲ ਨੇ ਇਨ੍ਹਾਂ ਤਰਜੀਹਾਂ 'ਤੇ ਕੇਂਦ੍ਰਿਤ ਇੱਕ ਮਜ਼ਬੂਤ ਚੋਣ ਮੁਹਿੰਮ ਚਲਾਈ ਅਤੇ ਕੈਲਗਰੀ-ਸ਼ਾਅ ਨੇ ਬਦਲਾਅ ਨੂੰ ਚੁਣਿਆ।" ਉਹਨਾਂ ਕਿਹਾ ਕੈਂਪਬੈਲ ਦੀ ਜਿੱਤ ਇਸ ਗੱਲ ਦਾ ਸਬੂਤ ਹੈ ਕਿ ਅਲਬਰਟਾ ਦੇ ਲੋਕ ਭਵਿੱਖ ਵਿੱਚ ਕਿਸ ਤਰ੍ਹਾਂ ਦੀ ਸਰਕਾਰ ਦੇਖਣ ਲਈ ਤਿਆਰ ਹਨ। ਅਜਿਹੀ ਸਰਕਾਰ ਜੋ ਪਰਿਵਾਰਾਂ ਦੀ ਗੱਲ ਸੁਣੇ, ਸਭ ਤੋਂ ਅਹਿਮ ਮੁੱਦਿਆਂ 'ਤੇ ਕੰਮ ਕਰੇ, ਅਤੇ ਸਿਆਸੀ ਉਲਝਣਾਂ ਨਾਲੋਂ ਅਲਬਰਟਾ ਦੇ ਭਵਿੱਖ ਨੂੰ ਪਹਿਲ ਦੇਵੇ।


Nav Immigration Services
· Student Visa · Worker Visa · Visitor Visa · Supervisa
· Permanent Residency Applications · PR Card Renewal
· Express Entry · Family Sponsorship · Refugee Applications
· Citizenship Applications · LMIA Applications · PNP
Giving my best for your success
ਕਨੇਡਾ ਵਿੱਚ ਚੰਗੇ ਭਵਿੱਖ ਲਈ ਚੰਗੇ ਇਮੀਗ੍ਰੇਸ਼ਨ ਸਲਾਹਕਾਰ ਦਾ ਹੋਣਾ ਜਰੂਰੀ ਹੈ
Navjeet Kaur
Director, RCIC
(Regulated Canadian Immigration Consultant)
306-201-4464
Regina, SK navimmigrationservices@gmail.com

PUNJAB TOWING
Punjab Towing Regina (SK)
New horizon park #9 building, Pilot Butte, SK S0G 3Z0
Punjab Towing Swift Current (SK )
1975 Chaplin St W, Swift Current, SK S9H 5G6
Now Service Saskatoon & Surrounding Areas
1 306 552 9629, 1 306 510 4929
Dispatch@punjabtowing.co
Semi truck, trailer towing expert
Tow & recovery, storage service
Anywhere in SK, AB, MB, BC, ON 24/7 available

ਓਨਰ ਅਪਰੇਟਰ ਅਤੇ ਕੰਪਨੀ ਡਰਾਈਵਰ ਚਾਹੀਦੇ ਹਨ
BLACKBIRD LOGISTICS
ਬਲੈਕਬਰਡ ਲੋਜਿਸਟਿਕਸ
COMPETITIVE PAY
STEADY MILES
CONSISTENT HOME TIME
SAFETY FOCUSED
DRIVER SUPPORT
1639-915-0286 | 1639-997-1353
info@blackbirdlogistics.ca
445 Winnipeg St, Regina (SK) S4P 1T2

ਕਨੇਡਾ ਅਮਰੀਕਾ ਲਈ ਡਰਾਈਵਰਾਂ ਅਤੇ ਓਨਰ ਅਪਰੇਟਰਾਂ ਦੀ ਲੋੜ ਹੈ
H&H TRANSPORTS INC.
1575 PARK STREET, REGINA
Needs Driver for Canada, Prairies and Local Runs
Turn Pikes Runs
Health benefits
• Great Mile Rate
• SINP/LMIA ਲਈ ਵੀ ਮਦਦ ਕਰਦੇ ਹਨ।
• Home Time on Every Weekend
• Just CAN-USA Runs
• Long and Short Haul
HARRY 306-537-6403
GARRY 306-201-9222

Bullet
Now Hiring
We are hiring Company Drivers & Owner Operators for USA Open Board
SPECIAL OFFER
MUST HAVE
- Clean Driver Abstract and CVOR
- Clear Criminal Search
- Minimum 6 months verifiable experience
- Steady Milage and Home time
- Bi Week Directly diposit
- Execellent equipment Dedicated to you
- Paid Border cross and waiting time
- after 2 hours
COMPETITIVE GREAT WAGES & REGULAR HOME TIME
COME INTO CHECK OUT OUR FAMILY, SEE OUR TRUCKS AND MEET OUR TEAM
BULLET EXPRESS INC, 1041 KEARNS CRES, REGINA
info@bulletexpress.ca 306-914-7733/647-221-4700

EVERY DAY AUTO SALES LTD
• Cars for Newcomers
• Used cars sale & purchase.
• Many cars available around $10,000
ਹੁਣ ਹਰ ਕੋਈ ਕਾਰ ਦਾ ਮਾਲਕ ਬਣ ਸਕਦਾ ਹੈ
306 988 2200
1675 Winnipeg Street, Regina

WE'RE IN THE PEOPLE BUSINESS, WE JUST HAPPEN TO DO MORTGAGES.®
Bob Dhindsa
Mortgage Associate & SK Regional Team Lead
306.596.5047
bob.dhindsa@vinegroup.ca
ਰੀਜਾਇਨਾ ਅਤੇ ਆਸ ਪਾਸ ਦੇ ਇਲਾਕੇ ਵਿੱਚ ਮੌਰਗੇਜ ਕਰਵਾਉਣ ਲਈ ਭਰੋਸੇਮੰਦ ਨਾਂਅ
VINE GROUP MORTGAGE BROKERAGE
LIC. 512011
200 1965 Broad Street, Regina, SK S4P 1Y1

# ਲੱਛੂ ਕਬਾੜੀਆ ਅਤੇ ਕੋਈ ਮੋੜ ਲਿਆਵੋ ਨੀ, ਨਾਟਕ 4 ਅਕਤੂਬਰ ਨੂੰ ਖੇਡੇ ਜਾਣਗੇ







ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਪ੍ਰੋਗਰੈਸਿਵ ਕਲਚਰਲ ਐਸੋਸੀਏਸ਼ਨ ਕੈਲਗਰੀ ਦੇ ਸੱਦੇ 'ਤੇ ਪਿਛਲੇ ਸਾਲਾਂ ਦੀ ਤਰ੍ਹਾਂ ਡਾ: ਸਾਹਿਬ ਸਿੰਘ ਇੱਕ ਵਾਰ ਫਿਰ ਆਪਣੇ ਨਾਟਕ ਲੈ ਕੇ ਕੈਲਗਰੀ ਪਹੁੰਚ ਚੁੱਕੇ ਹਨ ਅਤੇ ਪ੍ਰੋਗਰਾਸਿਵ ਕਲਾ ਮੰਚ ਕੈਲਗਰੀ ਦੀ ਟੀਮ ਨਾਲ ਨਵੇਂ ਨਾਟਕ " ਕੋਈ ਮੋੜ ਲਿਆਵੋ ਨੀ " ਦੀ ਤਿਆਰੀ ਆਰੰਭ ਕਰ ਦਿੱਤੀ ਹੈ। ਇਹ ਨਾਟਕ ਕੈਨੇਡਾ ਵਿੱਚ ਵਾਪਰੀਆਂ ਫ਼ਿਰੌਤੀ ਦੀਆਂ ਘਟਨਾਵਾਂ ਨੂੰ ਆਧਾਰ ਬਣਾ ਕੇ ਨੌਜਵਾਨਾਂ ਦੀ ਜ਼ਿੰਦਗੀ ਦੀਆਂ ਚੁਣੌਤੀਆਂ ਤੇ ਮੁਸ਼ਕਲਾਂ ਨੂੰ ਵੀ ਪੇਸ਼ ਕਰੇਗਾ ਤੇ ਗਲਤੀਆਂ 'ਤੇ ਵੀ ਉਂਗਲ ਧਰੇਗਾ। ਇਸ ਨਾਟਕ ਵਿੱਚ 16 ਕਲਾਕਾਰ ਹਿੱਸਾ ਲੈ ਰਹੇ ਹਨ। 4 ਅਕਤੂਬਰ 2026 ਨੂੰ ਇਹ ਨਾਟਕ Bert Church Theater -1000 East Lake BLVD NE Airdrie (AB) T4A1P6 ਵਿਖੇ ਖੇਡਿਆ ਜਾਵੇਗਾ। ਇਸ ਮੌਕੇ ਡਾ: ਸਾਹਿਬ ਸਿੰਘ ਆਪਣੇ ਪ੍ਰਸਿੱਧ ਨਾਟਕ "ਲੱਛੂ ਕਬਾੜੀਆ " ਦਾ 225ਵਾਂ ਸ਼ੋਅ ਵੀ ਪੇਸ਼ ਕਰਨਗੇ।ਇਸ ਤੋਂ ਇਲਾਵਾ ਡਾ: ਸਾਹਿਬ ਸਿੰਘ ਆਪਣੇ ਪ੍ਰਸਿੱਧ ਨਾਟਕ "ਤੂੰ ਅਗਲਾ ਵਰਕਾ ਫੋਲ " ਦੀਆਂ ਪੇਸ਼ਕਾਰੀਆਂ ਵੀ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਕਰਨਗੇ। 27 ਸਤੰਬਰ ਨੂੰ ਸਰੀ ਦੇ ਤਾਜ ਪਾਰਕ ਕਨਵੈਨਸ਼ਨ ਸੈਂਟਰ ਵਿਖੇ ਅਤੇ 10 ਅਕਤੂਬਰ ਨੂੰ ਕੰਵਰ ਫਾਰਮ ਚਿਲਾਵੈਕ ਵਿਖੇ ਇਹ ਨਾਟਕ ਖੇਡਿਆ ਜਾਵੇਗਾ। ਪਿਛਲੇ ਸਾਲਾਂ ਵਿੱਚ ਡਾ: ਸਾਹਿਬ ਸਿੰਘ "ਧਨੁ ਲੇਖਾਰੀ ਨਾਨਕਾ,ਸੰਮਾਂ ਵਾਲੀ ਡਾਂਗ,ਲੱਛੂ ਕਬਾੜੀਆ,ਸੰਦੂਕੜੀ ਖੋਲ੍ਹ ਨਰੈਣਿਆਂ " ਦੀਆਂ ਪੇਸ਼ਕਾਰੀਆਂ ਕੈਨੇਡਾ ਦੇ ਵੱਖ-ਵੱਖ ਸ਼ਹਿਰਾਂ ਵਿੱਚ ਕਰ ਚੁੱਕੇ ਹਨ। ਪ੍ਰੋਗਰੈਸਿਵ ਕਲਾ ਮੰਚ ਕੈਲਗਰੀ ਦੀ ਟੀਮ ਨਾਲ " ਤੇਰੀ ਕਹਾਣੀ ਮੇਰੀ ਕਹਾਣੀ,ਐੱਲ ਐਮ ਆਈ ਏ,ਬੇਸਮੈਂਟ 'ਚ ਤਰੇੜ ਹੈ " ਨਾਟਕ ਤਿਆਰ ਕਰਵਾ ਕੇ ਕਾਮਯਾਬੀ ਨਾਲ ਖੇਡ ਚੁੱਕੇ ਹਨ।

ਕਰਜ਼ਾ ਸਿਰ ਚੜ੍ਹ ਜਾਵੇ ਤਾਂ ਘਬਰਾਉਣ ਦੀ ਲੋੜ ਨਹੀਂ ਸਗੋਂ ਕਰਜ਼ੇ ਦੀ ਸੈਟਲਮੈਂਟ ਲਈ ਚੰਗੀ ਸਲਾਹ ਦੀ ਲੋੜ ਹੁੰਦੀ ਹੈ। ਪੰਜਾਬੀ ਵਿੱਚ ਗੱਲਬਾਤ ਕਰਨ ਲਈ ਹਰਮਨ ਬੁੱਟਰ ਜਾਂ ਸਿੰਮੀ ਪੰਧੇਰ ਨਾਲ ਗੱਲਬਾਤ ਕਰੋ।
403-232-6220




ਆਪਣੇ ਫੋਨ ਵਿੱਚ ਪੰਜਾਬੀ ਅਖ਼ਬਾਰ ਦੀ ਐਪ ਫਰੀ ਡਾਊਨ ਲੋਡ ਕਰੋ
App Store
Play Store



# ਇੰਡੋ-ਕੈਨੇਡੀਅਨ ਕਮਿਊਨਿਟੀ ਐਸੋਸੀਏਸ਼ਨ ਨੇ ਆਪਣਾ ਦਸਵਾਂ ਸਥਾਪਨਾ ਦਿਵਸ ਮਨਾਇਆ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਇੰਡੋ-ਕੈਨੇਡੀਅਨ ਕਮਿਊਨਿਟੀ ਐਸੋਸੀਏਸ਼ਨ ਨੇ ਦਸ ਸਾਲ ਪੂਰੇ ਹੋਣ ਦੀ ਖ਼ੁਸ਼ੀ ਵਿੱਚ 4 ਸਤੰਬਰ ਨੂੰ ਫਾਲਕਨਰਿੱਜ ਕਮਿਊਨਿਟੀ ਸੈਂਟਰ ਵਿੱਚ ਵਿਸ਼ੇਸ਼ ਸਮਾਗਮ ਆਯੋਜਿਤ ਕੀਤਾ। ਇਸ ਵਿੱਚ ਕੈਲਗਰੀ ਦੀਆਂ ਦੂਜੀਆਂ ਸੱਭਿਆਚਾਰਕ ਸਭਾਵਾਂ ਦੇ ਮੈਂਬਰਾਂ ਨੇ ਵੀ ਹਾਜ਼ਰੀ ਭਰੀ। ਪ੍ਰਧਾਨ, ਡਾ: ਸੇਵਾ ਸਿੰਘ ਪ੍ਰੇਮੀ ਨੇ ਸਵਾਗਤ ਕਰਨ ਉਪ੍ਰੰਤ ਐਸੋਸੀਏਸ਼ਨ ਦੀਆਂ ਦਸਾਂ ਸਾਲਾਂ ਦੀਆਂ ਮੁੱਖ ਪ੍ਰਾਪਤੀਆਂ ਦਾ ਲੇਖਾ-ਜੋਖਾ ਪੇਸ਼ ਕੀਤਾ ਤੇ ਕਿਹਾ ਕਿ ਐਸੋਸੀਏਸ਼ਨ ਬਿਨਾ ਕਿਸੇ ਭੇਦ-ਭਾਵ ਦੇ ਸਭ ਲੋੜਵੰਦਾਂ ਲਈ ਕੰਮ ਕਰ ਰਹੀ ਹੈ ਜਿਵੇਂ ਇੰਮੀਗੇਰੇਸ਼ਨ, ਪੈਨਸ਼ਨ, ਜਾਂ ਸਰਕਾਰੀ ਸਹੂਲਤਾਂ ਲੈਣ ਲਈ ਸਲਾਹ ਦੇਣੀ ਅਤੇ ਫ਼ਾਰਮ ਭਰਨੇ ਆਦਿ। ਹਰ ਸਾਲ ਮਹੱਤਵਪੂਰਨ ਦਿਨ ਮਨਾਏ ਜਾਂਦੇ ਹਨ ਅਤੇ ਬਹੁ-ਸਭਿਆਚਾਰਕ ਪ੍ਰੋਗਰਾਮ ਕਰਵਾਏ ਜਾਂਦੇ ਹਨ। ਕਿਸੇ ਅਹਿਮ ਖੇਤਰ ਵਿੱਚ ਯੋਗਦਾਨ ਪਾਉਣ ਵਾਲ਼ੀਆਂ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਜਾਂਦਾ ਹੈ। ਉਨ੍ਹਾਂ ਨੇ ਸਪਾਂਸਰਾਂ ਅਤੇ ਮੀਡੀਆ ਕਰਮੀਆਂ ਦੇ ਨਾਂ ਲੈ ਕੇ ਉਨ੍ਹਾਂ ਦਾ ਉਚੇਚੇ ਤੌਰ 'ਤੇ ਧੰਨਵਾਦ ਕੀਤਾ ਤੇ ਮੰਨਿਆਂ ਕਿ ਇਨ੍ਹਾਂ ਸਭਨਾਂ ਦੀ ਸਹਾਇਤਾ, ਸਹਿਯੋਗ ਅਤੇ ਹੌਸਲਾ ਅਫ਼ਜ਼ਾਈ ਨਾਲ਼ ਹੀ ਅਸੀਂ ਆਪਣੇ ਲੋਕਭਲਾਈ ਦੇ ਕਾਰਜ ਕਰਨ ਵਿੱਚ ਸਫਲ ਹੋਏ ਹਾਂ। ਮਾਊਂਟ ਰੋਇਲ ਯੂਨੀਵਰਸਿਟੀ ਅਤੇ ਯੂਨੀਵਰਸਿਟੀ ਆਫ ਕੈਲਗਰੀ ਦੀ ਪ੍ਰੋਫੈਸਰ, ਡਾ: ਜੇਬੂਨਿਸਾ ਚਾਪੋਲਾ ਅਤੇ ਉਸ ਦੀ ਹੋਣਹਾਰ ਧੀ, ਯੂਨੀਵਰਸਿਟੀ ਦੀ ਵਿਦਿਆਰਥਣ,ਪ੍ਰਾਰਥਨਾ ਦੱਤਾ ਨੇ ਮਿਲ ਕੇ ਕਾਜ਼ੀ ਨਸਰੁਲ ਇਸਲਾਮ ਦਾ ਲਿਖਿਆ ਬੰਗਲਾ ਗੀਤ - ਸ਼ੂਕਨੋ ਪਾਤਰ ਨੂਪੁਰ ਪਾਏ - ਏਨਾ ਸੁਰ ਮਿਲਾ ਕੇ ਪੇਸ਼ ਕੀਤਾ ਕਿ ਦਰਸ਼ਕ ਬੰਗਲਾ ਭਾਸ਼ਾ ਦੀ ਮਿਠਾਸ ਦਾ ਪੂਰਾ ਅਨੰਦ ਮਾਣ ਸਕੇ। ਮਾਊਂਟ ਰੋਇਲ ਯੂਨੀਵਰਸਿਟੀ ਦੀ ਪ੍ਰੋਫੈਸਰ ਡਾ: ਰੀਟਾ ਕਾਰਮਾਕਰ ਨੇ ਦੋ ਹਿੰਦੀ ਗਾਣੇ ਗਾ ਕੇ ਲਤਾ ਮੰਗੇਸ਼ਕਰ ਦੀ ਯਾਦ ਤਾਜ਼ਾ ਕਰਵਾ ਦਿੱਤੀ - ਇੱਕ ਪਿਆਰ ਕਾ ਨਗ਼ਮਾ ਹੈ ਮੌਜੋਂ ਕੀ ਰਵਾਨੀ ਹੈ / ਜ਼ਿੰਦਗੀ ਔਰ ਕੁਛ ਭੀ ਨਹੀਂ ਤੇਰੀ ਮੇਰੀ ਕਹਾਨੀ ਹੈ। ਦੂਜਾ ਗੀਤ - ਸਾਂਸ ਕੀ ਜ਼ਰੂਰਤ ਹੈ ਜੈਸੇ ਜ਼ਿੰਦਗੀ ਕੇ ਲੀਏ / ਬਸ ਇੱਕ ਸਨਮ ਚਾਹੀਏ ਆਸ਼ਕੀ ਕੇ ਲੀਏ। ਉਸਤਾਦ ਗਾਇਕ ਡਾ: ਜੋਗਾ ਸਿੰਘ ਸਹੋਤਾ ਨੇ ਗ਼ਜ਼ਲ ਅਤੇ ਮਾਹੀਆ ਗਾ ਕੇ ਪਰਪੱਕ ਗਾਇਕੀ ਦਾ ਪ੍ਰਭਾਵ ਛੱਡਿਆ। ਸੁਰੀਲੇ ਗਾਇਕ ਰਵੀ ਜਨਾਗਲ ਨੇ 'ਦਿਲ ਤਾਂ ਪਾਗਲ ਹੈ ਦੋ ਘੜੀਆਂ ਰੋ ਕੇ ਚੁੱਪ ਕਰ ਜਾਊ' ਗਾ ਕੇ ਦਰਸ਼ਕਾਂ ਨੂੰ ਚੁੱਪ ਕਰ ਕੇ ਸੁਣਨ ਲਈ ਮਜਬੂਰ ਕਰ ਦਿੱਤਾ। ਸੁਖਮੰਦਰ ਗਿੱਲ ਦੇ ਗਾਣੇ- ਇੱਕ ਦਿਨ ਆਪਾਂ ਫੇਰ ਮਿਲਾਂਗੇ - ਨੇ ਦੁਬਾਰਾ ਮਿਲਣ ਦੀ ਤਾਂਘ ਜਗਾ ਦਿੱਤੀ। ਜਗਦੀਸ਼ ਕੌਰ ਸਰੋਆ ਨੇ - ਕਿੰਨੀਂ ਚੰਗੀ ਲੱਗਦੀ ਦੁਪਹਿਰ- ਗਾ ਕੇ ਗੁਰਦਾਸ ਮਾਨ ਦੀ ਬਰਾਬਰੀ ਕੀਤੀ। ਡਾ: ਹਰਮਿੰਦਰਪਾਲ ਸਿੰਘ ਨੇ 'ਛੱਲਾ' ਏਨੀ ਬੁਲੰਦ ਆਵਾਜ਼ ਵਿੱਚ ਗਾਇਆ ਕਿ ਬੱਲੇ-ਬੱਲੇ ਹੋ ਗਈ। 'ਧਮਕ ਪੰਜਾਬ ਦੀ' ਗਰੁਪ ਦੇ ਗੱਭਰੂਆਂ ਅਤੇ ਮਗਰੋਂ ਮੁਟਿਆਰਾਂ ਨੇ ਭੰਗੜਾ ਪਾ ਕੇ ਸਮਾਗਮ ਦੀ ਰੌਣਕ ਨੂੰ ਸਿਖਰ 'ਤੇ ਪੁਚਾ ਦਿੱਤਾ। ਸਟੇਜੀ ਕਾਰਵਾਈ ਨੂੰ ਸਕੱਤਰ ਅਮਰੀਕ ਸਿੰਘ ਸਰੋਆ ਨੇ ਚਲਾਇਆ ਅਤੇ ਇੰਜੀਨੀਅਰ ਮਨੀਪਾਲ ਜੱਸਲ ਨੇ ਕਾਰਵਾਈ ਨੂੰ ਕੈਮਰਾਬੰਦ ਕੀਤਾ। ਅਖੀਰ ਵਿੱਚ ਡਾ: ਪ੍ਰੇਮੀ ਦੁਆਰਾ ਕਹੇ ਧੰਨਵਾਦੀ ਸ਼ਬਦਾਂ ਮਗਰੋਂ ਸਭ ਨੇ ਸਵਾਦਿਸ਼ਟ ਭੋਜਨ ਦਾ ਲੁਤਫ਼ ਲਿਆ।

# ਅਰਪਨ ਲਿਖਾਰੀ ਸਭਾ ਦੇ ਮੈਂਬਰਾਂ ਨੇ ਪਾਸ਼ ਅਤੇ ਇਕਬਾਲ ਖ਼ਾਨ ਵੱਲੋਂ ਬਿਤਾਏ ਸਾਂਝੇ ਪਲਾਂ ਦੀਆਂ ਯਾਦਾਂ ਸਾਂਝੀਆਂ ਕੀਤੀਆਂ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਅਰਪਨ ਲਿਖਾਰੀ ਸਭਾ ਦੀ 12 ਸਤੰਬਰ ਨੂੰ ਕੋਸੋਹਾਲ ਵਿੱਚ ਹੋਈ ਮੀਟਿੰਗ ਪਾਸ਼ ਨੂੰ ਸਮਰਪਿਤ ਕੀਤੀ ਗਈ। ਇਸ ਦੀ ਪ੍ਰਧਾਨਗੀ ਜਰਨੈਲ ਤੱਗੜ ਅਤੇ ਸਟੇਜ ਦੇ ਧਨੀ ਜਸਵੰਤ ਰਾਏ ਸ਼ਰਮਾ ਨੇ ਕੀਤੀ। ਸਕੱਤਰ ਦਰਸ਼ਨ ਸਿੰਘ ਬਰਾੜ ਨੇ ਸਤੰਬਰ ਮਹੀਨੇ ਦੇ ਅਧਿਆਪਕ ਦਿਵਸ, ਮਜ਼ਦੂਰ ਦਿਵਸ, ਪਾਸ਼ ਦਾ ਜਨਮ ਦਿਨ, ਬਾਬਾ ਫ਼ਰੀਦ ਦਾ ਜਨਮ ਦਿਹਾੜਾ, ਆਦਿ ਗ੍ਰੰਥ ਦਾ 422ਵਾਂ ਪ੍ਰਕਾਸ਼-ਪੁਰਬ ਆਦਿ ਕੁੱਝ ਇਤਿਹਾਸਕ ਦਿਨਾਂ ਬਾਰੇ ਦੱਸਿਆ। ਡਾ: ਮਨਮੋਹਨ ਬਾਠ, ਜਤਿੰਦਰ ਸਿੰਘ ਕੈਂਥ, ਗੁਰਚਰਨ ਸਿੰਘ ਹੇਹਰ, ਸਰੂਪ ਸਿੰਘ ਮੰਡੇਰ, ਸੁਖਮੰਦਰ ਗਿੱਲ, ਪ੍ਰਸਿੱਧ ਗੀਤਕਾਰ ਅਲਬੇਲ ਬਰਾੜ, ਉਸਤਾਦ ਗਾਇਕ ਡਾ: ਜੋਗਾ ਸਿੰਘ ਸਹੋਤਾ, ਗਾਇਕ ਅਵਤਾਰ ਬਰਾੜ, ਸੁਖਵਿੰਦਰ ਤੂਰ ਅਤੇ ਦਰਸ਼ਨ ਬਰਾੜ ਨੇ ਗੀਤਾਂ ਦੀ ਪੇਸ਼ਕਾਰੀ ਰਾਹੀਂ ਵੰਨ-ਸੁਵੰਨੀ ਗਾਇਕੀ ਦੀ ਮਹਿਕ ਬਿਖੇਰੀ। ਜਗਦੇਵ ਸਿੱਧੂ ਨੇ 22 ਸਤੰਬਰ ਨੂੰ ਟਰੀਟੀ ਸੈਵਨ ਅਤੇ 30 ਸਤੰਬਰ ਨੂੰ ਸੁਲਾਹ-ਸਫ਼ਾਈ ਦਿਵਸ(ਰੀਕਨਸੀਲੀਏਸ਼ਨ ਡੇ) ਦੀ ਅਹਿਮੀਅਤ ਯਾਦ ਕਰਾਈ। ਉਸ ਨੇ ਅਤੇ ਸਤਨਾਮ ਢਾਅ ਨੇ ਅਵਤਾਰ ਪਾਸ਼ ਬਾਰੇ ਬਹੁ-ਪੱਖੀ ਜਾਣਕਾਰੀ ਸਾਂਝੀ ਕਰਦਿਆਂ ਉਸ ਦੀਆਂ ਕਵਿਤਾਵਾਂ ਦਾ ਉਚਾਰਨ ਕਰ ਕੇ ਇਨਕਲਾਬੀ ਮਾਹੌਲ ਸਿਰਜਿਆ। ਪਾਸ਼ ਅੰਤਰਰਾਸ਼ਟਰੀ ਮੈਮੋਰੀਅਲ ਟਰਸਟ ਦੇ ਕਨਵੀਨਰ ਡਾ: ਸੁਰਿੰਦਰ ਧੰਜਲ ਅਤੇ ਹੋਰ ਸੰਸਥਾਵਾਂ ਦੁਆਰਾ ਪਾਸ਼ ਦਾ 9 ਸਤੰਬਰ ਨੂੰ ਜਨਮ ਦਿਨ ਮਨਾਉਣ ਸੰਬੰਧੀ ਹੋਏ ਸਮਾਗਮਾਂ ਦਾ ਜ਼ਿਕਰ ਕੀਤਾ। ਲੋਕ-ਲਹਿਰਾਂ ਦੇ ਕਾਰਕੁਨ ਸਤਨਾਮ ਸ਼ੇਰਗਿੱਲ ਨੇ ਪਾਸ਼ ਅਤੇ ਇਕਬਾਲ ਖ਼ਾਨ ਨਾਲ਼ ਬਿਤਾਏ ਪਲਾਂ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਪਰਮਜੀਤ ਭੰਗੂ ਨੇ ਇਨਕਲਾਬੀ ਕਵੀ ਸੰਤ ਰਾਮ ਉਦਾਸੀ ਦੀਆਂ ਕਵਿਤਾਵਾਂ ਦੀਆਂ ਕੁਝ ਸਤਰਾਂ ਸੁਣਾਈਆਂ। ਜ਼ੀਰ ਸਿੰਘ ਬਰਾੜ ਨੇ ਵੀ ਇਸੇ ਵਿਸ਼ੇ ਤੇ ਵਿਚਾਰ ਰੱਖੇ। ਲਖਵਿੰਦਰ ਸਿੱਧੂ, ਸੋਹਣ ਸਿੰਘ ਭੁੱਚੋ, ਮਾਸਟਰ ਹਰਭਜਨ ਸਿੰਘ, ਸਵਰਨ ਸਿੰਘ ਸੰਧੂ, ਪ੍ਰਿੰਸੀਪਲ ਚਰਨਦੀਪ ਕੌਰ, ਮੋਹਨ ਸਿੰਘ ਪਪਰਾ਼ਲਾ, ਗੁਰਰਾਜ ਸਿੰਘ ਵਿਰਕ, ਗੁਰਦੀਪ ਧਾ਼ਲੀਵਾ਼ਲ ਅਤੇ ਜਰਨੈਲ ਤੱਗੜ ਨੇ ਕਵਿਤਾਵਾਂ ਸੁਣਾਈਆਂ। ਜਸਵੰਤ ਰਾਏ ਸ਼ਰਮਾ ਨੇ ਗੁਰੂ ਗ੍ਰੰਥ ਸਾਹਿਬ ਵਿੱਚੋਂ ਗੁਰਬਾਣੀ ਦੀਆਂ ਤੁਕਾਂ ਦੇ ਹਵਾਲੇ ਦੇ ਕੇ ਇਸ ਨੂੰ ਸਭ ਧਰਮਿਕ ਗ੍ਰੰਥਾਂ ਤੋਂ ਆਧੁਨਿਕ, ਨਿਵੇਕਲਾ ਅਤੇ ਸਮੁੱਚੀ ਮਾਨਵਤਾ ਦੇ ਕਲਿਆਣ ਦਾ ਸ੍ਰੋਤ ਦੱਸਿਆ। ਸਤਨਾਮ ਸਿੰਘ ਢਾਅ ਨੇ ਸੋਹਨ ਸਿੰਘ ਭਕਨਾ ਅਤੇ ਕਰਤਾਰ ਸਿੰਘ ਸਰਾਭਾ ਦਰਮਿਆਨ ਹੋਈ ਵਾਰਤਾਲਾਪ ਨੂੰ ਕਵੀਸ਼ਰੀ ਰਾਹੀਂ ਸਨਮੁਖ ਕੀਤਾ। ਉਸ ਨੇ ਪਾਸ਼ ਦੇ ਸਮਕਾਲੀ, ਜੇਲ੍ਹ ਵਿਚ ਰਹੇ ਸਾਥੀ, ਨਕਸਲੀ ਯੋਧੇ ਅਤੇ ਇਸ ਸਭਾ ਦੇ ਮੁੱਢਲੇ ਮੈਂਬਰ ਇਕਬਾਲ ਸਿੰਘ ਕਾਲੀਰਾਏ ਉਰਫ਼ ਇਕਬਾਲ ਖ਼ਾਨ ਦੀ ਦੇਣ ਨੂੰ ਯਾਦ ਕੀਤਾ। ਉਸ ਨੇ ਸੂਚਨਾ ਦਿੱਤੀ ਕਿ ਅਗਲੀ 10 ਅਕਤੂਬਰ ਨੂੰ ਹੋਣ ਵਾ਼ਲੀ ਮੀਟਿੰਗ ਦਰਮਿਆਨ ਸਭਾ ਦੇ ਮੋਢੀ ਮੈਂਬਰ, ਨਾਮਵਰ ਸ਼ਾਇਰ ਕੇਸਰ ਸਿੰਘ ਨੀਰ ਬਾਰੇ ਸਿਮਰਤੀ ਗ੍ਰੰਥ ਨੂੰ ਲੋਕ-ਅਰਪਣ ਕਰਨ ਦੀ ਰਸਮ ਕੀਤੀ ਜਾਵੇਗੀ।ਅਖੀਰ ਵਿਚ ਜਰਨੈਲ ਤੱਗੜ ਨੇ ਸਭ ਦਾ ਧੰਨਵਾਦ ਕੀਤਾ ਅਤੇ ਆ ਰਹੇ ਰਿਫਰੈਂਡਮ ਸਮੇਂ ਅਲਬਰਟਾ ਨੂੰ ਕੈਨੇਡਾ ਵਿਚ ਰੱਖਣ ਦੇ ਹੱਕ ਵਿਚ ਵੋਟ ਪਉਣ ਦੀ ਜ਼ੋਰਦਾਰ ਅਪੀਲ ਕੀਤੀ।


SUPERVISA
Medical Insurance

ਤਜ਼ਰਬੇਕਾਰ ਅਤੇ ਭਰੋਸੇਯੋਗ ਟੀਮ ਦੇ ਮੈਂਬਰ ਤੁਹਾਡੀ ਸੇਵਾ ਵਿੱਚ

Pii Punjab Insurance Inc

SERVICES
- Life Insurance
- Mortgage Insurance
- Critical Illness Insurance
- Disability Insurance

ਜਿਹੜੀਆਂ ਸੇਵਾਵਾਂ ਇੰਸ਼ੋਰੈਂਸ ਕਰਨ ਵੇਲੇ ਦੱਸਣਗੇ ਲੋੜ ਪੈਣ ਤੇ ਉਹੀ ਮਿਲਣਗੀਆਂ

403 404 3500
sidhu.harpinder@gmail.com



Harpinder Sidhu
REGIONAL MANAGER

Lovepreet Sidhu
REGIONAL MANAGER

# ਗੁਰਚਰਨ ਸਿੰਘ ਹੇਹਰ ਦਾ ਕਾਵਿ-ਸੰਗ੍ਰਿਹ 'ਅਰਪਨ' ਲੋਕ-ਅਰਪਣ ਕੀਤਾ ਗਿਆ

ਕੈਲਗਰੀ(ਪੰਜਾਬੀ ਅਖਬਾਰ ਬਿਊਰੋ) ਕੈਲਗਰੀ ਲੇਖਕ ਸਭਾ ਦੀ 5 ਸਤੰਬਰ ਦੀ ਮਹੀਨਾਵਾਰ ਮੀਟਿੰਗ ਵਿੱਚ ਸਭਾ ਦੇ ਸਤਿਕਾਰਤ ਮੈਂਬਰ ਗੁਰਚਰਨ ਸਿੰਘ ਹੇਹਰ ਦੀ ਕਾਵਿ-ਪੁਸਤਕ 'ਅਰਪਨ' ਨੂੰ ਲੋਕ-ਅਰਪਣ ਕੀਤਾ ਗਿਆ।




ਚਰਨਦੀਪ ਕੌਰ ਨੇ ਇਸ ਸਬੰਧੀ ਪੇਪਰ ਪੜ੍ਹਦੇ ਦੱਸਿਆ ਕਿ ਕਵੀ ਦੀ ਕਲਮ ਵਿੱਚ ਰਵਾਨਗੀ ਹੈ, ਕਵਿਤਾਵਾਂ ਸੰਦੇਸ਼ ਦੇਂਦੀਆਂ ਹਨ ਅਤੇ ਵਹਾਅ ਕੇ ਨਾਲ ਲੈ ਤੁਰਦੀਆਂ ਹਨ।ਜਗਦੇਵ ਸਿੰਘ ਸਿੱਧੂ ਨੇ ਕਾਵਿ-ਸੰਗ੍ਰਿਹ ਬਾਰੇ ਆਪਣੇ ਵਿਸਥਾਰਤ ਪਰਚੇ ਰਾਹੀਂ ਦਰਸਾਇਆ ਕਿ ਇਸ ਸੰਗ੍ਰਿਹ ਦੇ ਗੀਤਾਂ ਤੇ ਕਵਿਤਾਵਾਂ ਵਿੱਚ ਅਲੰਕਾਰਾਂ ਤੇ ਬਿੰਬਾਂ ਦੀ ਭਰਮਾਰ ਹੈ ਅਤੇ ਬਹਿਰ ਵਜ਼ਨ, ਕਾਫ਼ੀਏ, ਸ਼ਬਦ ਚੋਣ, ਸ਼ਬਦ ਜੜ੍ਹਤ ਤੇ ਰਵਾਨਗੀ ਕਮਾਲ ਦੀ ਹੈ।ਜਸਵੀਰ ਸਿਹੋਤਾ ਨੇ ਗੁਰਚਰਨ ਸਿੰਘ ਹੇਹਰ ਦੀ ਸਿੱਖੀ ਸੋਚ ਅਤੇ ਸਾਫ਼ ਸੁਥਰੀ ਧਾਰਮਿਕ ਰਹਿਣੀ ਬਹਿਣੀ ਦੀ ਪ੍ਰਸ਼ੰਸ਼ਾ ਕਰਦੇ ਕਿਹਾ ਕਿ ਅਜਿਹਾ ਇਨ੍ਹਾਂ ਦੇ ਗੀਤਾਂ ਤੇ ਕਵਿਤਾਵਾਂ ਵਿੱਚ ਵੀ ਪ੍ਰਤੱਖ ਹੈ। ਸੁਰਿੰਦਰ ਢਿਲੋਂ ਨੇ ਕਿਹਾ ਕਿ ਕਵਿਤਾ ਨੂੰ ਜਦ ਸੰਗੀਤ ਦੇ ਦਿੱਤਾ ਜਾਵੇ ਤਾਂ ਉਸ ਤੋਂ ਉਪਰ ਕੁੱਝ ਨਹੀਂ ਹੁੰਦਾ। ਉਨ੍ਹਾਂ ਸੰਗੀਤ ਦੀਆਂ ਸੱਤ ਸੁਰਾਂ ਨੂੰ ਬਾਖ਼ੂਬੀ ਵਿਸਥਾਰਤ ਕੀਤਾ।

ਉਪਰੰਤ ਸਭਾ ਦੇ ਐਗਜ਼ੈਕਟਿਵ ਮੈਂਬਰਾਂ ਨੇ ਕਾਵਿ-ਸੰਗ੍ਰਿਹ 'ਅਰਪਨ' ਨੂੰ ਤਾੜੀਆਂ ਦੀ ਗੂੰਜ ਵਿੱਚ ਲੋਕ ਅਰਪਣ ਕਰਨ ਦੀ ਰਸਮ ਨਿਭਾਈ। ਬਾਦ ਵਿੱਚ ਗੁਰਚਰਨ ਸਿੰਘ ਹੇਹਰ ਜੀ ਨੇ ਆਪਣੇ ਪ੍ਰਵਾਰਿਕ ਮੈਂਬਰਾਂ, ਬੇਟੇ ਵਰਣਪਾਲ ਸਿੰਘ, ਨੂੰਹ ਹਰਪ੍ਰੀਤ ਕੌਰ ਅਤੇ ਭਤੀਜੇ ਤੇ ਭਤੀਜ ਨੂੰਹ ਨਾਲ ਫੋਟੋ ਖਿਚਵਾ ਕੇ ਪਰਵਾਰ ਦੀ ਹਾਜ਼ਰੀ ਲੁਆਈ। ਆਪਣੇ ਸੰਬੋਧਨ ਵਿੱਚ ਉਨ੍ਹਾਂ ਨੇ ਕਿਹਾ ਕਿ ਮੈਂ ਸਾਹਿਤ ਵਿੱਚ ਕਿਸ ਸਥਾਨ ਤੇ ਖੜਾ ਹਾਂ ਮੈਨੂੰ ਇਸ ਕਿਤਾਬ ਬਾਰੇ ਕੀਤੇ ਗਏ ਵਿਸ਼ਲੇਸ਼ਣ ਤੋਂ ਪਤਾ ਲਗਾ ਹੈ। ਗੁਰਦਿਆਲ ਖਹਿਰਾ ਨੇ ਪੰਜਾਬੀ ਬੋਲੀ ਦੀ ਗੁਰੂ ਅੰਗਦ ਦੇਵ ਜੀ ਵਲੋਂ ਖਡੂਰ ਸਾਹਿਬ ਵਿਖੇ ਸ਼ੁਰੂ ਕੀਤੇ ਜਾਣ ਦੀ ਬਾਤ ਪਾਈ।ਲਖਵਿੰਦਰ ਸਿੰਘ ਸਿੱਧੂ ਨੇ ਅਧਿਆਪਕ ਦਿਵਸ ਦੀ ਵਧਾਈ ਦੇਂਦੇ ਕਿਹਾ ਕਿ 'ਸਭ ਕੁੱਝ ਸਿੱਖ ਜਾਈਏ ਕਿਤਾਬਾਂ ਤੋਂ ਜ਼ਰੂਰੀ ਨਹੀਂ, ਵਕਤ ਵੀ ਸਿਖਾ ਦੇਂਦਾ ਹੈ ਹਕੀਕਤਾਂ।' ਗੁਰਮੀਤ ਸਿੰਘ ਨੇ ਵੀ 'ਮਿੱਠੀ ਯਾਦ ਆਉਂਦੀ ਆਪਣੇ ਅਧਿਆਪਕ ਦੀ ਜਿਸਨੇ ਪੜ੍ਹਨਾ ਲਿਖਣਾ ਸਿਖਾਇਆ' ਸ਼ਬਦਾਂ ਨਾਲ ਅਧਿਆਪਕ ਦਿਵਸ ਬਾਰੇ ਗੱਲ ਕੀਤੀ।ਮਨਿੰਦਰ ਕੌਰ ਨੇ 'ਵੈਸੇ ਤਾਂ ਕੋਈ ਗੱਲ ਨਹੀਂ, ਪਰ ਮਹਿਫ਼ਲ ਮੇਰੇ ਵੱਲ ਨਹੀਂ' ਆਪਣੀ ਰਚਨਾ ਪੇਸ਼ ਕਰਕੇ ਹਾਜ਼ਰੀ ਲੁਆਈ। ਸੋਹਣ ਸਿੰਘ ਭੁੱਚੋ, ਅਲਬੇਲ ਬਰਾੜ, ਜਤਿੰਦਰ ਸਿੰਘ, ਸੁਖਵਿੰਦਰ ਤੂਰ, ਮਨਮੋਹਨ ਸਿੰਘ ਬਾਠ ਨੇ ਸੁਰੀਲੀ ਆਵਾਜ਼ ਵਿੱਚ ਗੀਤ ਗਾਏ। ਇੰਜ: ਜੀਰ ਸਿੰਘ ਬਰਾੜ, ਮੋਹਨ ਸਿੰਘ ਪਪਰਾਲਾ, ਗੁਰਦੀਪ ਧਾਲੀਵਾਲ, ਦਰਸ਼ਨ ਬਰਾੜ, ਮਾਸਟਰ ਹਰਭਜਨ ਸਿੰਘ ਨੇ ਆਪੋ ਆਪਣੇ ਅੰਦਾਜ਼ ਨਾਲ ਆਪਣੇ ਵਿਚਾਰਾਂ ਦੀ ਸਾਂਝ ਪਾਈ। ਐਡਮਿੰਟਨ ਤੋਂ ਆਈ ਵਰਿੰਦਰ ਕੌਰ ਨੇ 2 ਅਕਤੂਬਰ ਨੂੰ ਏਅਰ ਡਰੀ ਵਿਖੇ 'ਬਰਟ ਚਰਚ ਥੀਏਟਰ' ਵਿੱਚ ਖੇਡੇ ਜਾਣ ਵਾਲੇ ਆਪਣੇ ਨਾਟਕ 'ਇੱਕ ਕਹਾਣੀ ਹੋਰ'ਬਾਰੇ ਜਾਣਕਾਰੀ ਸਾਂਝੀ ਕੀਤੀ ਜੋ ਕਿ ਅਜੋਕੇ ਸਮੇਂ ਵਿੱਚ ਨੌਜੁਆਨ ਪੀੜ੍ਹੀ, ਔਰਤਾਂ ਅਤੇ ਸਮਾਜ ਨੂੰ ਦਰਪੇਸ਼ ਹੋਰ ਚੁਨੌਤੀਆਂ ਨੂੰ ਪੇਸ਼ ਕਰਦਾ ਨਾਟਕ ਹੈ। ਉਨ੍ਹਾਂ ਸਭ ਹਾਜ਼ਰੀਨ ਨੂੰ ਨਾਟਕ ਦੇਖਣ ਆਉਣ ਦਾ ਸੱਦਾ ਦਿੱਤਾ।

# ਸ੍ਰੀ ਗੁਰੂ ਰਾਮ ਦਾਸ ਦਰਬਾਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਪੁਰਬ ਸ਼ਰਧਾ ਨਾਲ ਮਨਾਇਆ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਗੁਰੂ ਰਾਮ ਦਾਸ ਦਰਬਾਰ, ਕੈਲਗਰੀ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਪੰਜ ਰੋਜ਼ਾ ਧਾਰਮਿਕ ਸਮਾਗਮ ਸ਼ਰਧਾ ਅਤੇ ਉਤਸ਼ਾਹ ਨਾਲ ਕਰਵਾਏ ਗਏ। 9 ਸਤੰਬਰ ਤੋਂ 13 ਸਤੰਬਰ ਤੱਕ ਚੱਲੇ ਇਨ੍ਹਾਂ ਸਮਾਗਮਾਂ ਵਿੱਚ ਕੈਲਗਰੀ ਅਤੇ ਆਸ-ਪਾਸ ਦੇ ਇਲਾਕਿਆਂ ਤੋਂ ਵੱਡੀ ਗਿਣਤੀ ਵਿੱਚ ਸੰਗਤ ਨੇ ਸ਼ਮੂਲੀਅਤ ਕੀਤੀ।




ਇਸ ਮੌਕੇ ਵਿਸ਼ਵ ਪ੍ਰਸਿੱਧ ਕੀਰਤਨੀਏ ਭਾਈ ਨਿਰੰਜਨ ਸਿੰਘ ਜੀ ਜਵੱਦੀ ਕਲਾਂ ਵਾਲੇ ਅਤੇ ਭਾਈ ਮਨਿੰਦਰ ਸਿੰਘ ਜੀ ਸ੍ਰੀਨਗਰ ਵਾਲੇ ਨੇ ਗੁਰਬਾਣੀ ਦੇ ਰਸਭਿੰਨੇ ਕੀਰਤਨ ਰਾਹੀਂ ਸੰਗਤ ਨੂੰ ਨਿਹਾਲ ਕੀਤਾ। ਪੰਜ ਦਿਨਾਂ ਦੌਰਾਨ ਹੋਏ ਕੀਰਤਨ ਸਮਾਗਮਾਂ ਵਿੱਚ ਸੰਗਤ ਨੇ ਇਕਾਗਰਚਿੱਤ ਹੋ ਕੇ ਗੁਰਬਾਣੀ ਕੀਰਤਨ ਸਰਵਣ ਕੀਤਾ।

ਪ੍ਰਕਾਸ਼ ਪੁਰਬ ਸਬੰਧੀ ਗੁਰਦੁਆਰਾ ਸਾਹਿਬ ਵਿਖੇ ਸੰਗਤ ਵਿੱਚ ਵਿਸ਼ੇਸ਼ ਉਤਸ਼ਾਹ ਦੇਖਣ ਨੂੰ ਮਿਲਿਆ। ਗੁਰਬਾਣੀ ਕੀਰਤਨ ਅਤੇ ਧਾਰਮਿਕ ਸਮਾਗਮਾਂ ਦੌਰਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਮਹਾਨਤਾ ਅਤੇ ਸਿੱਖ ਜੀਵਨ ਵਿੱਚ ਗੁਰਬਾਣੀ ਦੀ ਮਹੱਤਤਾ ਬਾਰੇ ਚਾਨਣਾ ਪਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਹਿਲਾ ਪ੍ਰਕਾਸ਼ ਸਿੱਖ ਇਤਿਹਾਸ ਦਾ ਇੱਕ ਅਹਿਮ ਪੜਾਅ ਹੈ। ਸਿੱਖ ਸੰਗਤ ਵੱਲੋਂ ਹਰ ਸਾਲ ਇਹ ਪਾਵਨ ਦਿਹਾੜਾ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਇਸ ਮੌਕੇ ਗੁਰੂ ਸਾਹਿਬ ਅੱਗੇ ਸਰਬੱਤ ਦੇ ਭਲੇ, ਚੜ੍ਹਦੀ ਕਲਾ ਅਤੇ ਸਮੁੱਚੀ ਸੰਗਤ ਦੀ ਸੁੱਖ-ਸ਼ਾਂਤੀ ਲਈ ਅਰਦਾਸ ਕੀਤੀ ਗਈ।

ਗੁਰੂ ਰਾਮ ਦਾਸ ਦਰਬਾਰ ਦੀ ਪ੍ਰਬੰਧਕ ਕਮੇਟੀ ਵੱਲੋਂ ਸਮਾਗਮਾਂ ਵਿੱਚ ਸ਼ਾਮਲ ਹੋਈ ਸਮੁੱਚੀ ਸੰਗਤ ਅਤੇ ਕੀਰਤਨੀ ਜਥਿਆਂ ਦਾ ਧੰਨਵਾਦ ਕੀਤਾ ਗਿਆ। ਪੰਜ ਦਿਨ ਚੱਲੇ ਇਹ ਸਮਾਗਮ ਕੈਲਗਰੀ ਦੀ ਸਿੱਖ ਸੰਗਤ ਲਈ ਗੁਰਬਾਣੀ ਅਤੇ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਨਾਲ ਜੁੜਨ ਦਾ ਵਿਸ਼ੇਸ਼ ਮੌਕਾ ਬਣਿਆ ।








# ਪੰਜਾਬ ਅਤੇ ਦਿੱਲੀ ਦਾ ਇੱਟ-ਖੜੱਕਾ, ਖੇਤਰੀ ਅਣਖ ਤੇ ਹੋਂਦ ਦੀ ਲੜਾਈ



ਗੁਰਮੀਤ ਸਿੰਘ ਪਲਾਹੀ
9815802070

**ਇਤਿਹਾਸ ਗਵਾਹ ਹੈ ਕਿ ਦਿੱਲੀ ਦੇ ਸ਼ਾਹੀ ਤਖ਼ਤ ਨੇ ਪੰਜਾਬ ਦੇ ਰਹਿਬਰਾਂ 'ਤੇ ਅਨੇਕਾਂ ਜ਼ੁਲਮ ਕੀਤੇ। ਛੇਵੀਂ ਪਾਤਸ਼ਾਹੀ ਤੋਂ ਲੈ ਕੇ ਦਸਵੀਂ ਪਾਤਸ਼ਾਹੀ ਤੱਕ ਜ਼ੁਲਮ, ਜਬਰ ਤੇ ਅਨਿਆਂ ਵਿਰੁੱਧ ਸੰਘਰਸ਼ ਦਿੱਲੀ ਦੀ ਹਕੂਮਤ ਨਾਲ ਹੀ ਸੀ। ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਮਨੁੱਖੀ ਹੱਕਾਂ ਦੀ ਰਾਖੀ ਲਈ ਦਿੱਲੀ ਦੇ ਤਖ਼ਤ ਨੂੰ ਇੱਕ ਸਿੱਧੀ ਵੰਗਾਰ ਸੀ। ਬਾਅਦ ਵਿੱਚ ਸਰਦਾਰ ਬਘੇਲ ਸਿੰਘ, ਜੱਸਾ ਸਿੰਘ ਆਹਲੂਵਾਲੀਆ ਅਤੇ ਜੱਸਾ ਸਿੰਘ ਰਾਮਗੜ੍ਹੀਆ ਵਰਗੇ ਜਰਨੈਲਾਂ ਨੇ ਦਿੱਲੀ ਦੇ ਲਾਲ ਕਿਲੇ 'ਤੇ ਕੇਸਰੀ ਨਿਸ਼ਾਨ ਸਾਹਿਬ ਝੁਲਾ ਕੇ ਦਿੱਲੀ ਦੇ ਤਖ਼ਤ ਨੂੰ ਝੁਕਣ ਲਈ ਮਜਬੂਰ ਕੀਤਾ।**

ਪੰਜਾਬ ਇਸ ਸਮੇਂ ਤਪਿਆ ਪਿਆ ਹੈ। 2027 ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਦੀਆਂ ਸਿਆਸੀ ਸਰਗਰਮੀਆਂ ਤੋਂ ਵੀ ਵੱਧ ਪੰਜਾਬ ਦੇ ਮੁਲਾਜ਼ਮਾਂ, ਕਿਸਾਨਾਂ, ਮਜ਼ਦੂਰਾਂ, ਬੇਰੁਜ਼ਗਾਰਾਂ ਦਾ ਸੰਘਰਸ਼ ਉਸ ਕਹਾਵਤ ਨੂੰ ਯਾਦ ਕਰਾਉਂਦਾ ਹੈ- ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ, ਘਰ ਆਏ ਤਾਂ ਰਾਤਾਂ ਅੱਧੀਆਂ।

ਪੰਜਾਬ ਦੇ ਇਹ ਦਿਨ ਰੋਜ਼ਾਨਾ ਦੇ ਸੰਘਰਸ਼, ਮੁਸ਼ਕਲਾਂ ਅਤੇ ਚੁਣੌਤੀਆਂ ਨਾਲ ਭਰੇ ਹੋਏ ਹਨ। ਪੰਜਾਬ ਸਰਕਾਰ ਅਤੇ ਉਸ ਦਾ ਸਰਕਾਰੀ ਪਰਿਵਾਰ (ਪੰਜਾਬ ਦੇ ਮੁਲਾਜ਼ਮ) ਇੱਕ ਦੂਜੇ ਦੇ ਆਹਮੋ-ਸਾਹਮਣੇ ਖੜ੍ਹੇ ਹਨ। ਜਿਵੇਂ ਪੰਜਾਬੀਆਂ ਦਾ ਦਿੱਲੀ ਨਾਲ ਇੱਟ-ਖੜੱਕਾ ਮਸ਼ਹੂਰ ਹੈ, ਉਵੇਂ ਹੀ ਪੰਜਾਬ ਦੇ ਮੁਲਾਜ਼ਮਾਂ ਦੀ ਪੰਜਾਬ ਸਰਕਾਰ ਨਾਲ ਲੜਾਈ ਮਸ਼ਹੂਰ ਹੋ ਗਈ ਹੈ। ਪਹਿਲਾਂ ਧਰਨੇ-ਹੜਤਾਲਾਂ, ਫਿਰ ਕਾਨੂੰਨੀ ਲੜਾਈ ਅਤੇ ਫਿਰ ਸਰਕਾਰ ਨਾਲ ਸਿੱਧੀ ਟੱਕਰ! ਗੱਲ ਕਿੱਥੇ ਨਿਬੜੇਗੀ, ਕੁਝ ਪਤਾ ਨਹੀਂ, ਪਰ ਇਸ ਵੇਲੇ ਦੋਹੀਂ ਦਲੀ ਮੁਕਾਬਲਾ ਚਰਚਾ ਵਿੱਚ ਹੈ।

ਆਖਰ ਸਰਕਾਰੀ ਮੁਲਾਜ਼ਮਾਂ ਦੀਆਂ ਮੰਗਾਂ ਹਨ ਕਿਹੜੀਆਂ, ਜਿਨ੍ਹਾਂ ਲਈ ਉਨ੍ਹਾਂ ਨੂੰ ਸੜਕਾਂ 'ਤੇ ਰੁਲਣਾ ਪੈ ਰਿਹਾ ਹੈ? ਪੰਜਾਬ ਦੇ ਮੁਲਾਜ਼ਮ 18 ਫੀਸਦੀ ਮਹਿੰਗਾਈ ਭੱਤੇ ਦੀ ਬਕਾਇਆ ਕਿਸ਼ਤ, ਪੁਰਾਣੀ ਪੈਨਸ਼ਨ ਸਕੀਮ ਦੀ ਪੂਰਨ ਬਹਾਲੀ, ਹਜ਼ਾਰਾਂ ਕੱਚੇ ਤੇ ਠੇਕਾ ਮੁਲਾਜ਼ਮਾਂ ਨੂੰ ਪੱਕੇ ਕਰਨ, ਛੇਵੇਂ ਪੇ-ਕਮਿਸ਼ਨ ਦੀਆਂ ਤਰੁੱਟੀਆਂ ਦੂਰ ਕਰਨ, ਪਰੋਬੇਸ਼ਨ ਪੀਰੀਅਡ ਦੌਰਾਨ ਪੂਰੀ ਤਨਖਾਹ ਦੇਣ, ਆਸ਼ਾ ਵਰਕਰਾਂ, ਮਿਡ-ਡੇ-ਮੀਲ ਅਤੇ ਆਂਗਣਵਾੜੀ ਵਰਕਰਾਂ ਲਈ ਘੱਟੋ-ਘੱਟ ਉਜਰਤਾਂ ਤੈਅ ਕਰਨ ਅਤੇ ਵੱਖ-ਵੱਖ ਮਹਿਕਮਿਆਂ ਵਿੱਚ ਅੰਦਰੂਨੀ ਤਰੱਕੀਆਂ ਦੇ ਨਾਲ-ਨਾਲ ਸਰਵਿਸ ਰੂਲਜ਼ ਵਿੱਚ ਸੁਧਾਰ ਲਈ ਸਰਕਾਰ ਤੋਂ ਲਗਾਤਾਰ ਮੰਗ ਕਰ ਰਹੇ ਹਨ। ਜਿਹਨਾਂ ਲਈ ਵਾਇਦਾ ਆਮ ਆਦਮੀ ਪਾਰਟੀ ਨੇ ਹਕੂਮਤ ਸੰਭਾਲਣ ਤੋਂ ਪਹਿਲਾਂ ਆਪਣੇ ਮੁਲਾਜ਼ਮਾਂ ਨਾਲ ਕੀਤਾ ਸੀ।

ਦੂਜੇ ਪਾਸੇ, ਸਰਕਾਰ ਦਾ ਤਰਕ ਹੈ ਕਿ ਪੰਜਾਬ ਦੇ ਮੁਲਾਜ਼ਮ ਪਹਿਲਾਂ ਹੀ ਕੇਂਦਰੀ ਸਰਕਾਰ ਦੇ ਮੁਲਾਜ਼ਮਾਂ ਤੋਂ ਵੱਧ ਤਨਖਾਹਾਂ ਲੈ ਰਹੇ ਹਨ। ਸਰਕਾਰ ਦਾ ਦਾਅਵਾ ਹੈ ਕਿ ਪੰਜਾਬ ਦੀ ਆਰਥਿਕ ਹਾਲਤ ਠੀਕ ਨਹੀਂ ਹੈ ਅਤੇ ਕੁੱਲ ਸਰਕਾਰੀ ਆਮਦਨ ਦਾ ਲਗਭਗ 51 ਫੀਸਦੀ ਹਿੱਸਾ ਮੁਲਾਜ਼ਮਾਂ ਦੀਆਂ ਤਨਖਾਹਾਂ ਤੇ ਪੈਨਸ਼ਨਾਂ 'ਤੇ ਹੀ ਖਰਚ ਹੋ ਜਾਂਦਾ ਹੈ। ਜਦਕਿ ਮੁਲਾਜ਼ਮਾਂ ਦਾ ਪਲਟਵਾਂ ਦੋਸ਼ ਹੈ ਕਿ ਸਰਕਾਰੀ ਖਜ਼ਾਨਾ ਇਸ਼ਤਿਹਾਰਬਾਜ਼ੀ ਅਤੇ ਫਜ਼ੂਲਖਰਚੀ 'ਤੇ ਅੰਨ੍ਹੇਵਾਹ ਰੋੜ੍ਹਿਆ ਜਾ ਰਿਹਾ ਹੈ। ਪੰਜਾਬ ਵਿੱਚ ਮਹਿੰਗਾਈ ਅਸਮਾਨੀਂ ਛੂਹ ਰਹੀ ਹੈ, ਇਸ ਲਈ ਮਹਿੰਗਾਈ ਭੱਤਾ ਲੈਣਾ ਮੁਲਾਜ਼ਮਾਂ ਦਾ ਸੰਵਿਧਾਨਕ ਹੱਕ ਹੈ, ਕੋਈ ਖੈਰਾਤ ਨਹੀਂ।

ਮੌਜੂਦਾ ਸਰਕਾਰ ਮੁਲਾਜ਼ਮਾਂ ਦੀਆਂ ਹੱਕੀ ਮੰਗਾਂ ਨੂੰ ਹਮਦਰਦੀ ਨਾਲ ਸੁਣਨ ਦੀ ਬਜਾਏ ਥਾਂ-ਥਾਂ 'ਤੇ ਲਾਠੀਚਾਰਜ ਕਰਕੇ, ਪਾਣੀ ਦੀਆਂ ਬੋਛਾਰਾਂ ਮਾਰ ਕੇ ਅਤੇ ਪਰਚੇ ਦਰਜ ਕਰਕੇ ਉਨ੍ਹਾਂ ਦੀ ਆਵਾਜ਼ ਨੂੰ ਦੱਬਣ ਦੇ ਰਸਤੇ 'ਤੇ ਪਈ ਹੋਈ ਹੈ। ਇਹੋ ਜਿਹਾ ਹੀ ਤਾਨਾਸ਼ਾਹੀ ਵਤੀਰਾ ਪਿਛਲੇ ਦਿਨਾਂ ਵਿੱਚ ਆਪਣੀਆਂ ਮੰਗਾਂ ਲਈ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਬੇਰੁਜ਼ਗਾਰ ਨੌਜਵਾਨਾਂ, ਕੱਚੇ ਅਧਿਆਪਕਾਂ ਅਤੇ ਕਿਸਾਨਾਂ ਨਾਲ ਵੀ ਵੱਖ-ਵੱਖ ਥਾਵਾਂ 'ਤੇ ਵੇਖਣ ਨੂੰ ਮਿਲਿਆ ਹੈ, ਜਿੱਥੇ ਹੱਕ ਮੰਗਦੇ ਲੋਕਾਂ ਉੱਤੇ ਜਬਰ ਢਾਹਿਆ ਗਿਆ। ਭਾਵੇਂ ਕਿ ਲੰਮੇ ਸਮੇਂ ਬਾਅਦ ਮੁਲਾਜ਼ਮਾਂ ਨਾਲ ਗੱਲਬਾਤ ਦਾ ਰਸਤਾ ਸਰਕਾਰ ਵੱਲੋਂ ਖੋਲ੍ਹਿਆ ਗਿਆ ਹੈ।

ਦੂਜੇ ਪਾਸੇ, ਸੰਯੁਕਤ ਕਿਸਾਨ ਮੋਰਚੇ ਦੀ ਅਗਵਾਈ ਹੇਠ, ਜਿਸ ਵਿੱਚ 32 ਕਿਸਾਨ ਜਥੇਬੰਦੀਆਂ ਸ਼ਾਮਲ ਹਨ, ਕਿਸਾਨ ਪਹਿਲੀ ਸਤੰਬਰ ਤੋਂ ਲਗਾਤਾਰ ਧਰਨੇ 'ਤੇ ਹਨ। ਜੇਕਰ ਅਸੀਂ ਇਤਿਹਾਸ ਵੱਲ ਝਾਤੀ ਮਾਰੀਏ ਤਾਂ 2020-21 ਦਾ ਦਿੱਲੀ ਮੋਰਚਾ ਇੱਕ ਅਜਿਹਾ ਇਤਿਹਾਸਕ ਅੰਦੋਲਨ ਸੀ, ਜਿਸ ਨੇ ਪੂਰੀ ਦੁਨੀਆ ਦਾ ਧਿਆਨ ਖਿੱਚਿਆ। ਕੇਂਦਰ ਸਰਕਾਰ ਦੁਆਰਾ ਲਿਆਂਦੇ ਤਿੰਨ ਖੇਤੀ ਵਿਰੋਧੀ ਕਾਲੇ ਕਾਨੂੰਨਾਂ ਵਿਰੁੱਧ ਪੰਜਾਬ ਦੇ ਕਿਸਾਨਾਂ ਨੇ 26 ਨਵੰਬਰ 2020 ਨੂੰ ਦਿੱਲੀ ਵੱਲ ਕੂਚ ਕੀਤਾ ਅਤੇ ਸਿੰਘੂ ਤੇ ਟਿਕਰੀ ਬਾਰਡਰਾਂ 'ਤੇ 378 ਦਿਨ (ਲਗਭਗ ਇੱਕ ਸਾਲ ਤੋਂ ਵੀ ਵੱਧ ਸਮਾਂ) ਇਤਿਹਾਸਕ ਮੋਰਚਾ ਲਾਇਆ। ਅੰਤ 19 ਨਵੰਬਰ 2021 ਨੂੰ ਕੇਂਦਰ ਸਰਕਾਰ ਨੂੰ ਝੁਕਣਾ ਪਿਆ ਅਤੇ ਇਹ ਕਾਲੇ ਕਾਨੂੰਨ ਰੱਦ ਕਰਨੇ ਪਏ। ਇਹ ਅੰਦੋਲਨ ਇਸ ਕਰਕੇ ਛੇੜਿਆ ਗਿਆ ਸੀ ਕਿਉਂਕਿ ਖੇਤੀ ਤੋਂ ਬਿਨਾਂ ਪੰਜਾਬ ਦਾ ਕਿਸਾਨ ਤੇ ਮਜ਼ਦੂਰ ਜਿਉਂਦਾ ਨਹੀਂ ਰਹਿ ਸਕਦਾ; ਜ਼ਮੀਨ ਪੰਜਾਬ ਦੀ ਰੂਹ ਹੈ।

ਪਰ ਕੇਂਦਰ ਸਰਕਾਰ ਦਾ ਵਤੀਰਾ ਅਜੇ ਵੀ ਪੰਜਾਬ ਪ੍ਰਤੀ ਸਾਫ਼ ਨਹੀਂ ਹੈ। ਜੋ ਖੇਤੀ ਕਾਨੂੰਨ ਕੇਂਦਰ ਸਰਕਾਰ ਸਿੱਧੇ ਤੌਰ 'ਤੇ ਲਾਗੂ ਨਹੀਂ ਕਰ ਸਕੀ, ਉਨ੍ਹਾਂ ਨੂੰ ਹੁਣ ਵਿੰਗੇ-ਟੇਢੇ ਢੰਗਾਂ ਨਾਲ ਲਾਗੂ ਕਰਨ ਦੀਆਂ ਕੋਸ਼ਿਸ਼ਾਂ ਹੋ ਰਹੀਆਂ ਹਨ। ਕੇਂਦਰ ਸਰਕਾਰ ਵੱਲੋਂ ਬਹੁਤ ਲੰਮੀਆਂ-ਲੰਮੀਆਂ ਭਾਰਤਮਾਲਾ ਐਕਸਪ੍ਰੈੱਸ-ਵੇਅ ਅਤੇ ਗਲਿਆਰਿਆਂ ਦੀਆਂ ਸੜਕਾਂ ਬਣਾ ਕੇ ਥਾਂ-ਥਾਂ 'ਤੇ ਅਜਿਹੀਆਂ ਥਾਵਾਂ 'ਤੇ ਜ਼ਮੀਨਾਂ ਐਕਵਾਇਰ ਕੀਤੀਆਂ ਜਾ ਰਹੀਆਂ ਹਨ, ਜਿੱਥੇ ਆਮ ਲੋਕਾਂ ਦੇ ਆਉਣ-ਜਾਣ ਦਾ ਕੋਈ ਖਾਸ ਮਤਲਬ ਵੀ ਨਹੀਂ ਹੈ। ਇਸ ਨਾਂ 'ਤੇ ਪੰਜਾਬ ਦੀ ਉਪਜਾਊ ਜ਼ਮੀਨ ਕਾਰਪੋਰੇਟਾਂ ਹਵਾਲੇ ਕਰਨ ਦੀ ਸਾਜ਼ਿਸ਼ ਰਚੀ ਜਾ ਰਹੀ ਹੈ।

ਅਫ਼ਸੋਸਜਨਕ ਪਹਿਲੂ ਇਹ ਹੈ ਕਿ ਪੰਜਾਬ ਦੀ ਮੌਜੂਦਾ ਸਰਕਾਰ ਵੀ ਕਿਸਾਨਾਂ ਦੇ ਨਾਲ ਖੜ੍ਹਨ ਦੀ ਬਜਾਏ, ਕਿਸੇ ਨਾ ਕਿਸੇ ਹੋਰ ਢੰਗ ਨਾਲ (ਜਿਵੇਂ ਕਿ ਲੈਂਡ ਪੂਲਿੰਗ ਨੀਤੀਆਂ ਅਤੇ ਉਦਯੋਗਿਕ ਪ੍ਰੋਜੈਕਟਾਂ ਦੇ ਨਾਂ 'ਤੇ) ਕਿਸਾਨਾਂ ਦੀਆਂ ਜ਼ਮੀਨਾਂ ਹਥਿਆਉਣ ਲਈ ਪਿਛਲੇ ਸਮੇਂ ਵਿੱਚ ਕਾਰਜਸ਼ੀਲ ਰਹੀ ਹੈ। ਕਿਸਾਨਾਂ ਦੀਆਂ ਮੰਗਾਂ ਬਿਲਕੁਲ ਸਪਸ਼ਟ ਹਨ- ਪੰਜਾਬ ਸਰਕਾਰ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾ ਕੇ ਪੰਜਾਬ ਦੇ ਪਾਣੀਆਂ ਨਾਲ ਸੰਬੰਧਿਤ ਪੁਰਾਣੇ ਸਮਝੌਤੇ ਰੱਦ ਕਰੇ, ਭਾਖੜਾ ਬਿਆਸ ਪ੍ਰਬੰਧਨ ਬੋਰਡ ਵਿੱਚ ਪੰਜਾਬ ਦਾ ਅਧਿਕਾਰ ਬਹਾਲ ਕਰੇ, 22 ਫਸਲਾਂ ਲਈ ਐਮ.ਐੱਸ.ਪੀ. ਦੀ ਕਾਨੂੰਨੀ ਗਾਰੰਟੀ ਦੇਵੇ, ਕਰਜ਼ਾ ਮੁਆਫ਼ ਕਰੇ ਅਤੇ ਗੰਨੇ ਦਾ ਭਾਅ 500 ਰੁਪਏ ਕੁਇੰਟਲ ਕਰੇ। ਪਰ ਪੰਜਾਬ ਅਤੇ ਕੇਂਦਰ ਦੋਵੇਂ ਸਰਕਾਰਾਂ ਚੁੱਪੀ ਧਾਰੀ ਬੈਠੀਆਂ ਹਨ। ਭਾਵੇਂ ਕਿ ਹੁਣ ਉਪਰੋਕਤ ਮੰਗਾਂ ਨੂੰ ਪੂਰਿਆਂ ਕਰਨ ਲਈ ਪੰਜਾਬ ਸਰਕਾਰ ਤੇ ਕਿਸਾਨਾਂ ਦੀਆਂ ਮੰਗਾਂ ਪੂਰਿਆਂ ਕਰਨ ਲਈ ਇੱਕ ਮਹੀਨੇ ਦਾ ਸਮਾਂ ਨੀਅਤ ਕਰਕੇ ਦੋਹਾਂ ਧਿਰਾਂ 'ਚ ਕੁਝ ਸਮੇਂ ਦੀ ਚੁੱਪ ਪਸਰ ਗਈ ਹੈ।

ਪਹਿਲਾਂ ਤੋਂ ਹੀ ਇਹ ਗੱਲ ਸਾਹਮਣੇ ਆਉਂਦੀ ਰਹੀ ਹੈ ਕਿ ਪੰਜਾਬ ਦਾ ਦਿੱਲੀ ਨਾਲ ਟਕਰਾਅ ਸਦੀਆਂ ਪੁਰਾਣਾ, ਇਤਿਹਾਸਕ ਅਤੇ ਸਿਆਸੀ ਸੰਘਰਸ਼ ਹੈ। ਦਿੱਲੀ ਹਮੇਸ਼ਾ ਕੇਂਦਰੀਕ੍ਰਿਤ ਤਾਕਤ ਦਾ ਗੜ੍ਹ ਰਹੀ ਹੈ ਅਤੇ ਪੰਜਾਬ ਹਮੇਸ਼ਾ ਆਪਣੀ ਸਵੈ-ਮਾਣਤਾ, ਅਣਖ ਅਤੇ ਸੂਬਾਈ ਖੁਦਮੁਖਤਿਆਰੀ ਲਈ ਲੜਦਾ ਰਿਹਾ ਹੈ। ਹੁਣ ਤਾਂ ਮੌਜੂਦਾ ਪੰਜਾਬ ਸਰਕਾਰ ਉੱਤੇ ਵੀ ਇਹ ਇਲਜ਼ਾਮ ਲੱਗ ਰਹੇ ਹਨ ਕਿ ਦਿੱਲੀ ਦੇ ਦੂਜੇ ਹਾਕਮ ਪੰਜਾਬ ਉੱਤੇ ਆਪਣੇ ਸੂਬਾ-ਦਫਤਰਾਂ ਰਾਹੀਂ ਰਾਜ ਕਰਦੇ ਹਨ, ਮਨਮਾਨੀਆਂ ਕਰਦੇ ਹਨ ਅਤੇ ਪੰਜਾਬੀਆਂ ਦੀ ਕੋਈ ਗੱਲ ਨਹੀਂ ਸੁਣੀ ਜਾ ਰਹੀ। ਸਗੋਂ ਉਨ੍ਹਾਂ ਨੂੰ 'ਮੁਫ਼ਤ ਦੀਆਂ ਰੇਵੜੀਆਂ' ਦਾ ਮਿੱਠਾ ਜ਼ਹਿਰ ਦੇ ਕੇ ਮੂਰਛਿਤ ਕੀਤਾ ਜਾ ਰਿਹਾ ਹੈ ਅਤੇ ਵੋਟਰਾਂ ਨੂੰ ਭਾਵਨਾਤਮਕ ਤੌਰ 'ਤੇ ਖਰੀਦਣ ਦਾ ਯਤਨ ਹੋ ਰਿਹਾ ਹੈ।

ਇਤਿਹਾਸ ਗਵਾਹ ਹੈ ਕਿ ਦਿੱਲੀ ਦੇ ਸ਼ਾਹੀ ਤਖ਼ਤ ਨੇ ਪੰਜਾਬ ਦੇ ਰਹਿਬਰਾਂ 'ਤੇ ਅਨੇਕਾਂ ਜ਼ੁਲਮ ਕੀਤੇ। ਛੇਵੀਂ ਪਾਤਸ਼ਾਹੀ ਤੋਂ ਲੈ ਕੇ ਦਸਵੀਂ ਪਾਤਸ਼ਾਹੀ ਤੱਕ ਜ਼ੁਲਮ, ਜਬਰ ਤੇ ਅਨਿਆਂ ਵਿਰੁੱਧ ਸੰਘਰਸ਼ ਦਿੱਲੀ ਦੀ ਹਕੂਮਤ ਨਾਲ ਹੀ ਸੀ। ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਮਨੁੱਖੀ ਹੱਕਾਂ ਦੀ ਰਾਖੀ ਲਈ ਦਿੱਲੀ ਦੇ ਤਖ਼ਤ ਨੂੰ ਇੱਕ ਸਿੱਧੀ ਵੰਗਾਰ ਸੀ। ਬਾਅਦ ਵਿੱਚ ਸਰਦਾਰ ਬਘੇਲ ਸਿੰਘ, ਜੱਸਾ ਸਿੰਘ ਆਹਲੂਵਾਲੀਆ ਅਤੇ ਜੱਸਾ ਸਿੰਘ ਰਾਮਗੜ੍ਹੀਆ ਵਰਗੇ ਜਰਨੈਲਾਂ ਨੇ ਦਿੱਲੀ ਦੇ ਲਾਲ ਕਿਲੇ 'ਤੇ ਕੇਸਰੀ ਨਿਸ਼ਾਨ ਸਾਹਿਬ ਝੁਲਾ ਕੇ ਦਿੱਲੀ ਦੇ ਤਖ਼ਤ ਨੂੰ ਝੁਕਣ ਲਈ ਮਜਬੂਰ ਕੀਤਾ।

ਆਜ਼ਾਦੀ ਤੋਂ ਬਾਅਦ ਵੀ ਪੰਜਾਬ ਨਾਲ ਕੇਂਦਰ ਸਰਕਾਰ ਵੱਲੋਂ ਕੀਤੇ ਵਾਅਦਿਆਂ ਤੋਂ ਪਿੱਛੇ ਹਟਣ, ਪੰਜਾਬ ਦੇ ਪਾਣੀਆਂ ਦੀ ਅਣ-ਅਧਿਕਾਰਤ ਵੰਡ ਅਤੇ ਰਾਜਧਾਨੀ ਚੰਡੀਗੜ੍ਹ ਦੇ ਮੁੱਦੇ 'ਤੇ ਕੇਂਦਰ ਨਾਲ ਟਕਰਾਅ ਲਗਾਤਾਰ ਵਧਦਾ ਗਿਆ। 1973 ਦਾ 'ਅਨੰਦਪੁਰ ਸਾਹਿਬ ਦਾ ਮਤਾ' ਕੇਂਦਰ ਅਤੇ ਦਿੱਲੀ ਨਾਲ ਟਕਰਾਅ ਦਾ ਮੁੱਖ ਕਾਰਨ ਬਣਿਆ, ਜੋ ਵੱਧ ਅਧਿਕਾਰਾਂ ਅਤੇ ਸੂਬਾਈ ਖੁਦਮੁਖਤਿਆਰੀ ਦੀ ਮੰਗ ਕਰਦਾ ਸੀ। ਫਿਰ 1984 ਦੇ ਦੁਖਾਂਤ-ਸਾਕਾ ਨੀਲਾ ਤਾਰਾ ਅਤੇ 1984 ਦੀ ਸਿੱਖ ਨਸਲਕੁਸ਼ੀ ਵਰਗੇ ਦਰਦਨਾਕ ਕਾਂਡਾਂ ਨੇ ਦਿੱਲੀ ਅਤੇ ਪੰਜਾਬ ਵਿਚਕਾਰ ਇਸ ਪਾੜੇ ਨੂੰ ਹੋਰ ਡੂੰਘਾ ਕਰ ਦਿੱਤਾ।

ਅਸਲ ਵਿੱਚ, ਪੰਜਾਬ ਅਤੇ ਦਿੱਲੀ ਦਾ ਇਹ ਇੱਟ-ਖੜੱਕਾ ਕੇਵਲ ਨਫ਼ੇ-ਨੁਕਸਾਨ ਦਾ ਨਹੀਂ, ਸਗੋਂ ਕੇਂਦਰੀਕਰਨ ਵਿਰੁੱਧ ਖੇਤਰੀ ਅਣਖ ਤੇ ਹੋਂਦ ਦੀ ਲੜਾਈ ਹੈ। ਪੰਜਾਬੀ ਸੁਭਾਅ ਤੋਂ ਹੀ ਕਿਸੇ ਦੀ ਗੁਲਾਮੀ ਜਾਂ ਧੱਕੇਸ਼ਾਹੀ ਬਰਦਾਸ਼ਤ ਨਹੀਂ ਕਰਦੇ, ਜਦਕਿ ਦਿੱਲੀ ਦਾ ਤਖ਼ਤ ਹਮੇਸ਼ਾ ਹਰ ਚੀਜ਼ 'ਤੇ ਆਪਣਾ ਏਕਾਧਿਕਾਰ ਅਤੇ ਕੰਟਰੋਲ ਚਾਹੁੰਦਾ ਹੈ।

ਧੱਕੇਸ਼ਾਹੀ ਦਾ ਇਹ ਵਰਤਾਰਾ ਅੱਜ ਪੰਜਾਬ ਦੇ ਮੁਲਾਜ਼ਮ ਵੀ ਭੁਗਤ ਰਹੇ ਹਨ, ਪੰਜਾਬ ਦੇ ਬੇਰੁਜ਼ਗਾਰ ਤੇ ਕੱਚੇ ਮੁਲਾਜ਼ਮ ਵੀ ਅਤੇ ਕਿਸਾਨ-ਮਜ਼ਦੂਰ ਵੀ। ਇਸ ਰੌਲੇ-ਰੱਪੇ ਵਿੱਚ ਪੰਜਾਬ ਦਾ ਮਾਹੌਲ ਬੇਹੱਦ ਅਸ਼ਾਂਤ ਹੋ ਰਿਹਾ ਹੈ। ਪੰਜਾਬ ਦੇ ਆਮ ਲੋਕ, ਜੋ ਇੱਕ ਪਾਸੇ ਬੁਰੀ ਤਰ੍ਹਾਂ ਮਹਿੰਗਾਈ ਵਿੱਚ ਪਿਸ ਰਹੇ ਹਨ, ਉੱਥੇ ਦੂਜੇ ਪਾਸੇ ਨਿੱਤ ਦਿਹਾੜੇ ਸਰਕਾਰਾਂ ਦੇ ਜ਼ਿੱਦੀ ਰਵੱਈਏ ਕਾਰਨ ਹੋ ਰਹੀਆਂ ਹੜਤਾਲਾਂ, ਚੱਕਾ-ਜਾਮ ਅਤੇ ਬੰਦ ਦਾ ਸ਼ਿਕਾਰ ਹੋ ਰਹੇ ਹਨ।

ਸਵਾਲ ਪੈਦਾ ਹੁੰਦਾ ਹੈ ਕਿ ਕੀ ਜਮਹੂਰੀਅਤ ਵਿੱਚ ਬਦਲ ਕੇਵਲ 'ਟਕਰਾ' ਹੀ ਰਹਿ ਗਿਆ ਹੈ? ਕਿੱਥੇ ਗਈ ਆਮ ਸਹਿਮਤੀ ਬਣਾਉਣ ਲਈ ਪੰਜਾਬ ਵਿੱਚ 'ਸੱਥਾਂ' ਦੀ ਪਰੰਪਰਾ ਅਤੇ ਸੁਖਾਵਾਂ ਮਾਹੌਲ? ਸਰਕਾਰ ਦਾ ਇਹ ਅੜੀਅਲ ਰਵੱਈਆ ਪੰਜਾਬ ਲਈ ਘਾਤਕ ਸਿੱਧ ਹੋ ਰਿਹਾ ਹੈ। ਕੇਂਦਰ ਵੱਲੋਂ ਪੰਜਾਬ ਦੇ ਹੱਕ ਖੋਹੇ ਜਾ ਰਹੇ ਹਨ। ਪੰਜਾਬ ਤੇ ਕੇਂਦਰ ਸਰਕਾਰ ਵੱਲੋਂ ਕਿਸਾਨਾਂ-ਮਜ਼ਦੂਰਾਂ ਦੀਆਂ ਮੰਗਾਂ ਨਹੀਂ ਮੰਨੀਆਂ ਜਾ ਰਹੀਆਂ, ਨੌਜਵਾਨਾਂ ਨੂੰ ਰੁਜ਼ਗਾਰ ਮੁਹੱਈਆ ਨਹੀਂ ਹੋ ਰਿਹਾ, ਅਤੇ ਪੰਜਾਬ ਨਸ਼ਿਆਂ ਦੀ ਦਲਦਲ 'ਚ ਫਸ ਚੁੱਕਾ ਹੈ। ਬੇਰੁਜ਼ਗਾਰੀ ਨਾਲ ਮਾਰਿਆ ਪੰਜਾਬ ਦਾ ਨੌਜਵਾਨ ਬੇਗਾਨੇ ਮੁਲਕਾਂ ਵੱਲ ਵਹੀਰਾਂ ਘੱਤ ਰਿਹਾ ਹੈ।

ਦੂਜੇ ਪਾਸੇ, ਸਿਆਸੀ ਲੋਕ ਸਿਰਫ਼ ਤੇ ਸਿਰਫ਼ ਵੱਡੇ-ਵੱਡੇ ਇਕੱਠ ਕਰਕੇ ਆਪਣੀ ਸ਼ਕਤੀ ਦਾ ਪ੍ਰਦਰਸ਼ਨ ਕਰ ਰਹੇ ਹਨ, ਪਰ ਲੋਕਾਂ ਦੇ ਮੁੱਢਲੇ ਮਸਲਿਆਂ ਪ੍ਰਤੀ ਉਨ੍ਹਾਂ ਦੀ ਸੰਜੀਦਗੀ ਜ਼ੀਰੋ ਹੈ। ਉਨ੍ਹਾਂ ਦੀ ਇਹ ਖ਼ਾਮੋਸ਼ੀ ਕਿਸੇ ਸਾਜ਼ਿਸ਼ ਤੋਂ ਘੱਟ ਨਹੀਂ ਜਾਪਦੀ। ਕਿੱਧਰ ਜਾਣ ਪੰਜਾਬ ਦੇ ਇਹ ਬੇਵਸ ਲੋਕ? ਉਸ ਪੰਜਾਬ ਦੇ ਵਾਰਿਸ, ਜੋ ਕਦੇ ਕਿਸੇ ਦੀ ਈਨ ਨਹੀਂ ਸੀ ਮੰਨਦੇ, ਜੋ ਆਪਣੀ ਭਾਈਚਾਰਕ ਸਾਂਝ ਅਤੇ ਮਹਿਮਾਨਨਿਵਾਜ਼ੀ ਲਈ ਵਿਸ਼ਵ ਪੱਧਰ 'ਤੇ ਜਾਣੇ ਜਾਂਦੇ ਹਨ!

ਕੋਈ ਪੰਜਾਬੀਆਂ ਨੂੰ ਅੰਨਦਾਤਾ ਕਹੇ, ਜਨਤਾ ਜਨਾਰਧਨ ਕਹੇ ਅਤੇ ਹੋਰ ਵੀ ਬਹੁਤ ਕੁਝ ਪਰ ਹਕੀਕਤ ਇਹ ਹੈ ਕਿ ਹਰ ਦੋ ਢਾਈ ਜਾਂ ਪੰਜ ਸਾਲ ਵਿੱਚ ਹੋਣ ਵਾਲੀਆਂ ਚੋਣਾਂ ਦੇ ਅਸੀਂ ਮਾਲਕ ਨਹੀਂ ਰਹੇ। ਅਸੀਂ ਆਪਣੇ ਮਨ ਨੂੰ ਅਜ਼ਾਦੀ ਦੇ ਬੈਠੈ ਹਾਂ ਕਿ ਸਿਆਸਤਦਾਨ ਆਪਣੀ ਮਰਜ਼ੀ ਨਾਲ ਚੋਣਾਂ 'ਚ ਸਾਨੂੰ ਵਰਤ ਲੈਣ। ਅਸੀਂ ਤਾਂ ਉਹਨਾਂ ਦੇ ਪਿੰਜਰੇ 'ਚ ਕੈਦ ਹੋਏ ਬੈਠੇ ਹਾਂ। ਤਦੇ ਕਰਕੇ ਸੰਘਰਸ਼ ਕਰਦੇ ਲੋਕਾਂ ਨੂੰ ਇਹ ਵੀ ਸੁਚੇਤ ਰਹਿਣਾ ਪੈ ਰਿਹਾ ਹੈ ਕਿ ਜਾਤ ਜਾਂ ਧਰਮ ਦੇ ਨਾਂ 'ਤੇ ਕੋਈ ਉਨ੍ਹਾਂ ਵਿੱਚ ਫੁੱਟ ਨਾ ਪਾ ਦੇਵੇ, ਜਾਂ ਮੁੱਠੀ ਭਰ ਚੌਲ, ਕਣਕ ਦਾ ਆਟਾ, ਦਾਲ ਜਾਂ ਕੁਝ ਰੁਪਏ ਦੀ ਖੈਰਾਤ ਦੇ ਕੇ ਉਨ੍ਹਾਂ ਦੀ ਅਣਖੀ ਸੁਭਾਅ 'ਤੇ ਵਾਰ ਨਾ ਕਰੇ। ਇੱਕ ਸੱਭਿਅਕ ਸਮਾਜ ਵਿੱਚ ਜਿਊਣ ਦੇ ਹੱਕ ਤਾਂ ਸਭ ਦੇ ਹਨ, ਪਰ ਜੇਕਰ ਉਨ੍ਹਾਂ ਹੱਕਾਂ ਦੀ ਰਾਖੀ ਲਈ ਉਨ੍ਹਾਂ ਨੂੰ ਸੜਕਾਂ 'ਤੇ ਉੱਤਰ ਕੇ ਲਗਾਤਾਰ ਸੰਘਰਸ਼ ਕਰਨਾ ਪੈ ਰਿਹਾ ਹੈ, ਤਾਂ ਇਹ ਸੂਬੇ ਅਤੇ ਕੇਂਦਰ ਦੀਆਂ ਸੱਤਾਧਾਰੀ ਤਾਕਤਾਂ 'ਤੇ ਇੱਕ ਵੱਡਾ ਸਵਾਲੀਆ ਨਿਸ਼ਾਨ ਹੈ। ਇਹ ਤਾਕਤਾਂ ਭਾਵੇਂ ਸੂਬੇ ਵਿੱਚ ਸੱਤਾਧਾਰੀ ਹੋਣ ਜਾਂ ਕੇਂਦਰ ਵਿੱਚ, ਸਵਾਲ ਤਾਂ ਉਨ੍ਹਾਂ 'ਤੇ ਉੱਠਣਗੇ ਹੀ। ਕੀ ਪੰਜਾਬੀਆਂ ਦੀਆਂ ਹੱਕੀ ਆਵਾਜ਼ਾਂ ਨੂੰ ਇਸ ਤਰ੍ਹਾਂ ਦਬਾਇਆ ਜਾ ਸਕਦਾ ਹੈ? ਬਿਲਕੁਲ ਨਹੀਂ, ਪੰਜਾਬੀ ਸੰਘਰਸ਼ਸ਼ੀਲ ਹਨ, ਸੋਚ ਪੱਖੋਂ ਹੀਣੇ ਨਹੀਂ ਹਨ।

ਮਨੁੱਖੀ ਹੱਕਾਂ ਦੀ ਰਾਖੀ ਲਈ, ਰਾਜਾਂ ਦੇ ਵੱਧ ਅਧਿਕਾਰਾਂ ਵਾਸਤੇ, ਆਪਣੇ ਸੂਬੇ ਦੇ ਇਲਾਕਿਆਂ, ਪੰਜਾਬੀ ਬੋਲੀ, ਪੰਜਾਬ ਦੇ ਪਾਣੀਆਂ ਅਤੇ ਕਾਰਪੋਰੇਟਾਂ ਵੱਲੋਂ ਖੇਤੀ ਜ਼ਮੀਨਾਂ ਹੜੱਪਣ ਦੀਆਂ ਸਾਜ਼ਿਸ਼ਾਂ ਵਿਰੁੱਧ ਪੰਜਾਬੀਆਂ ਨੇ ਇਤਿਹਾਸ ਵਿੱਚ ਹਮੇਸ਼ਾ ਵੱਡੀਆਂ ਲੜਾਈਆਂ ਲੜੀਆਂ ਹਨ। ਵਿਦਿਆਰਥੀ ਅਤੇ ਨੌਜਵਾਨ ਹਮੇਸ਼ਾ ਇਹਨਾਂ ਸੰਘਰਸ਼ਾਂ ਵਿੱਚ ਮੋਹਰੀ ਰੋਲ ਅਦਾ ਕਰਦੇ ਰਹੇ ਹਨ। ਅੱਜ ਦਾ ਦੌਰ ਪੰਜਾਬ ਦੇ ਲੋਕਾਂ ਦੀ ਪਰਖ ਦੀ ਘੜੀ ਬਣਿਆ ਦਿੱਸ ਰਿਹਾ ਹੈ। ਜਦੋਂ ਆਪਣੇ ਹੀ ਹਾਕਮਾਂ ਵੱਲੋਂ ਉਨ੍ਹਾਂ ਨਾਲ ਜ਼ਿਆਦਤੀਆਂ ਹੋ ਰਹੀਆਂ ਹਨ, ਤਾਂ ਵੀ ਉਹ ਸੰਘਰਸ਼ ਦੇ ਰਾਹ 'ਤੇ ਹਨ। ਜਾਤ, ਧਰਮ ਅਤੇ ਫਿਰਕੇਬਾਜ਼ੀ ਤੋਂ ਉੱਪਰ ਉੱਠ ਕੇ ਉਹ ਆਪਣੇ ਹੱਕਾਂ ਲਈ ਲਗਾਤਾਰ ਕਿਰਿਆਸ਼ੀਲ ਹਨ। ਪੰਜਾਬ ਦਾ ਇਹ ਸੰਘਰਸ਼ੀਲ ਇਤਿਹਾਸ ਹੀ ਉਸ ਦੀ ਅਸਲ ਤਾਕਤ ਹੈ।

ਪੰਜਾਬੀ ਅਖ਼ਬਾਰ ਆਪ ਪੜ੍ਹੋ ਅਤੇ ਹੋਰਾਂ ਨੂੰ ਪੜ੍ਹਨ ਦੀ ਆਦਤ ਪਾਓ



ਮੁੱਖ ਸੰਪਾਦਕ ਹਰਬੰਸ ਬੁੱਟਰ
403 640 2000
punjabiakhbaar@gmail.com

This disclaimer informs the readers of 'the Punjabi Akhbaar' that the views, thoughts, and opinions expressed in the texts belong solely to their authors, and not necessarily to the author's employer, organization, committee or other group or individual, and the Editor and Publisher of this Newspaper. The concerned companies that advertise in this News Paper are responsible for the content, information, price, warranty, guaranty, quality etc. and not 'the Punjabi Akhbaar'. The Editor reserves the right to edit or not the articles, reports and/or news published herein.

-Editor

ਨੋਟ: "ਪੰਜਾਬੀ ਅਖ਼ਬਾਰ" ਵਿੱਚ ਛਪਣ ਵਾਲੀ ਸਮੱਗਰੀ ਵਿਚਲੇ ਵਿਚਾਰ ਉਹਨਾਂ ਦੇ ਲੇਖਕਾਂ ਦੇ ਹੀ ਸਮਝੇ ਜਾਣ , ਸੰਪਾਦਕ ਜਾਂ ਪਬਲਿਸ਼ਰ ਦਾ ਉਹਨਾਂ ਨਾਲ ਸਹਿਮਤ ਜਾਂ ਅਸਹਿਮਤ ਹੋਣਾ ਕੋਈ ਜਰੂਰੀ ਨਹੀਂ। "ਪੰਜਾਬੀ ਅਖ਼ਬਾਰ" ਵਿੱਚ ਛਪਦੇ ਇਸ਼ਤਿਹਾਰਾਂ ਸਬੰਧੀ , ਸਬੰਧਤ ਚੀਜਾਂ ਪ੍ਰਤੀ ਜਾਣਕਾਰੀ, ਕੀਮਤ, ਵਾਰੰਟੀ,ਕੁਆਲਿਟੀ, ਸਬੰਧੀ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜਿੰਮੇਬਾਰ ਹੈ। 'ਪੰਜਾਬੀ ਅਖ਼ਬਾਰ' ਨੂੰ ਭੇਜੀ ਗਈ ਹਰ ਰਚਨਾਂ, ਰਿਪੋਰਟ, ਜਾਂ ਖਬਰ ਨੂੰ ਪ੍ਰਕਾਸ਼ਿਤ ਕਰਨ ਤੋਂ ਪਹਿਲਾਂ ਆਡਿਟ ਜਾਂ ਨਾ ਆਡਿਟ ਕਰਨ ਦਾ ਪੂਰਾ ਅਧਿਕਾਰ ਹੈ।

– ਸੰਪਾਦਕ

ਮੁੱਖ ਦਫਤਰ ਕੈਲਗਰੀ 208 #10 -4774 Westwinds Drive NE Calgary (AB) T3J 0L7 Canada: 1 403 640 2000, editor@punjabiakhbaar.ca

# ਬਾਬਿਆਂ ਦੀ ਮਿਲਣੀ ਮੌਕੇ ਅਲਬਰਟਾ ਨੂੰ ਕੈਨੇਡਾ ਵਿੱਚ ਰੱਖਣ ਦੇ ਹੱਕ ਵਿੱਚ ਵਧ ਚੜ੍ਹ ਕੇ ਵੋਟ ਪਾਉਣ ਦੀ ਅਪੀਲ ਕੀਤੀ ਗਈ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਕੈਲਗਰੀ ਕਲਚਰਲ ਐਸੋਸੀਏਸ਼ਨ ਦੀ ਮੀਟਿੰਗ 14 ਸਤੰਬਰ ਨੂੰ ਪੈਨੋਰਾਮਾ ਕਮਿਊਨਿਟੀ ਸੈਂਟਰ ਵਿਖੇ ਹੋਈ। ਸਕੱਤਰ ਗੁਰਦਿਆਲ ਸਿੰਘ ਖਹਿਰਾ ਨੇ ਤਾਸ਼ ਦੀ ਬਾਜ਼ੀ ਦੇ ਮੁਕਾਬਲੇ ਜਿੱਤਣ ਵਾਲ਼ੇ ਮੈਂਬਰ ਸਤੀਸ਼ ਕੁਮਾਰ ਅਤੇ ਸੋਮ ਨਾਥ ਨੂੰ ਵਧਾਈ ਦਿੱਤੀ। ਉਸ ਨੇ ਪੰਜਾਬ ਤੋਂ ਆ ਰਹੀਆਂ ਕੁੱਝ ਨਕਾਰਾਤਮਿਕ ਖ਼ਬਰਾਂ ਸੁਣਾਈਆਂ। ਪ੍ਰਧਾਨ ਸੁਰਿੰਦਰਜੀਤ ਪਲਾਹਾ ਨੇ ਤਾਰਾ-ਵਿਗਿਆਨ ਦੇ ਕਈ ਤੱਥਾਂ ਨੂੰ ਉਜਾਗਰ ਕੀਤਾ। ਉਨ੍ਹਾਂ ਨੇ ਗਲੈਕਸੀਆਂ, ਸੂਰਜੀ ਤਾਰਿਆਂ ਅਤੇ ਧਰਤੀ ਦੇ ਗ੍ਰਹਿਆਂ ਬਾਰੇ ਮੁੱਢਲੀ ਜਾਣਕਾਰੀ ਦਿੱਤੀ। ਉਨ੍ਹਾਂ ਨੇ ਆ ਰਹੇ ਰਿਫਰੈਂਡਮ ਸਮੇਂ ਅਲਬਰਟਾ ਨੂੰ ਕੈਨੇਡਾ ਵਿੱਚ ਰੱਖਣ ਦੇ ਹੱਕ ਵਿੱਚ ਵਧ ਚੜ੍ਹ ਕੇ ਵੋਟ ਪਾਉਣ ਦੀ ਜ਼ੋਰਦਾਰ ਅਪੀਲ ਕੀਤੀ। ਜੰਗਪਾਲ ਖੋਸਾ ਨੇ ਰਿਫਰੈਂਡਮ ਦੇ ਫ਼ਾਰਮ ਭਰਨ ਬਾਰੇ ਦੱਸਿਆ ਅਤੇ ਹੈਰੀ ਸੇਖੋਂ ਨੇ ਇਸ ਵਿਸ਼ੇ 'ਤੇ ਆਪਣੇ ਨਿੱਜੀ ਵਿਚਾਰ ਰੱਖੇ। ਕਰਮ ਸਿੰਘ ਮੁੰਡੀ ਨੇ ਅਜੰਤਾ, ਐਲੋਰਾ ਦੀਆਂ ਗੁਫ਼ਾਵਾਂ, ਐਲੀਫੈਂਟਾ ਕੇਵਜ਼ ਅਤੇ ਮਹਾਰਾਸ਼ਟਰ ਦੀਆਂ ਹੋਰ ਵੇਖਣਯੋਗ ਥਾਵਾਂ ਬਾਰੇ ਸੰਖੇਪ ਜਾਣਕਾਰੀ ਦਿੱਤੀ। ਡਾ। ਅਟਵਾਲ ਨੇ ਊਰਜਾ ਉਪਰ ਜੀਵਨ ਦੀ ਨਿਰਭਰਤਾ ਬਾਰੇ ਦੱਸਿਆ। ਗੁਰਬਚਨ ਬਰਾੜ ਨੇ ਹਿੰਦੀ ਕਵਿਤਾਵਾਂ, ਹਰਿੰਦਰ ਕੌਰ ਮੁੰਡੀ ਨੇ ਮਜ਼ਾਕੀਆ ਕਵਿਤਾ, ਵਿਜੇ ਸਚਦੇਵਾ ਨੇ ਹਿੰਦੀ ਗੀਤ ਅਤੇ ਸੁਖਮੰਦਰ ਗਿੱਲ ਨੇ ਧਾਰਮਿਕ ਫ਼ਿਰਕਾਪ੍ਰਸਤੀ ਬਾਰੇ ਗੀਤ ਦੀ ਪੇਸ਼ਕਾਰੀ ਕੀਤੀ ਪ੍ਰਮਿੰਦਰ ਗਰੇਵਾਲ਼ ਨੇ ਲੱਤਾਂ ਦੀਆਂ ਪਿੰਜਣੀਆਂ ਦੀ ਵਰਜ਼ਿਸ਼ ਨੂੰ ਰਕਤ ਦਾ ਵਹਾਅ ਸਾਵਾਂ ਰੱਖਣ ਵਾਸਤੇ ਜ਼ਰੂਰੀ ਦੱਸਿਆ। ਭਜਨ ਸਿੰਘ ਸਾਗੂ ਨੇ ਨਿਵੇਕਲ਼ੇ ਅੰਦਾਜ਼ ਵਿੱਚ ਚੁਟਕਲੇ ਸੁਣਾਏ। ਰਾਣੀ ਸਾਗੂ ਨੇ ਨੇਕ ਇਨਸਾਨ ਬਨਣ ਅਤੇ ਦੂਜਿਆਂ ਦੀ ਮੱਦਦ ਕਰਨ ਦੀ ਦਲੀਲ ਦਿੱਤੀ। ਦਿਲਾਵਰ ਸਮਰਾ ਨੇ ਗੁਰਬਾਣੀ ਦੇ ਹਵਾਲੇ ਨਾਲ਼ ਤ੍ਰਿਸ਼ਨਾ ਅਤੇ ਹਉਮੈ ਕਾਬੂ ਕਰਨ ਦੀ ਸਲਾਹ ਦਿੱਤੀ। ਪ੍ਰਾਈਮ ਏਸ਼ੀਆ ਟੀ ਵੀ ਦੇ ਪਰਮਵੀਰ ਬਾਠ ਨੇ ਨਫ਼ਰਤ ਦੇ ਮਾਹੌਲ ਨੂੰ ਠੱਲ੍ਹ ਪਾਉਣ ਲਈ ਸਹੀ ਸੋਚ ਅਪਨਾਉਣ 'ਤੇ ਜ਼ੋਰ ਦਿੱਤਾ। ਰੇਡੀ- ਰੈਡ ਐਫ ਐਮ ਦੇ ਚੀਫ਼ ਨਿਊਜ਼ ਡਾਇਰੈਕਟਰ ਤੇ ਹੋਸਟ ਰਿਸ਼ੀ ਨਾਗਰ ਨੇ ਗੱਲਾਂ 'ਚੋਂ ਗੱਲਾਂ ਕੱਢ ਕੇ ਮਜ਼ਾਕੀਆ ਲਹਿਜ਼ੇ ਵਿੱਚ ਸਿੱਖਿਆ ਵੀ ਪਰੋਸੀ ਅਤੇ ਮਨੋਰੰਜਨ ਵੀ। ਤਾਰਿਕ ਮਲਿਕ ਨੇ ਉਰਦੂ ਸ਼ਾਇਰੀ ਫ਼ੁਰਮਾਈ। ਜਨਾਬ ਮੁਨੱਵਰ ਅਹਿਮਦ ਨੇ ਹੀਰ ਦੀ ਬੈਂਤ ਰਵਾਇਤੀ ਲਹਿਜ਼ੇ ਅਤੇ ਲੈਅ ਵਿਚ ਗਾ ਕੇ ਮਨਾਂ ਨੂੰ ਟੁੰਬ ਲਿਆ। ਅਖੀਰ ਵਿੱਚ ਸੁਰਿੰਦਰਜੀਤ ਪਲਾਹਾ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ ਜਿਸ ਮਗਰੋਂ ਸਭ ਨੇ ਭੋਜਨ ਦਾ ਅਨੰਦ ਲਿਆ।






# ਨਸ਼ੇ ਦੀ ਤਸਵੀਰ ਤੋਂ ਪਰੇ—ਮਿਹਨਤ ਕਰਦਾ ਪੰਜਾਬ ਵੀ ਵੇਖੋ




ਵਿਸ਼ਵਦੀਪ ਬਰਾੜ ਮਾਨਸਾ
+91 94648 70781


31 ਜੁਲਾਈ ਦੀ ਸ਼ਾਮ ਪੰਜ ਵਜੇ ਮਾਨਸਾ ਸੁਨਾਮ ਸੜਕ 'ਤੇ ਦੌੜਦੇ ਕੁਝ ਨੌਜਵਾਨ ਮਿਲੇ। ਪਹਿਲੀ ਨਜ਼ਰ ਵਿੱਚ ਉਹ ਦੌੜਾਕ ਲੱਗ ਸਕਦੇ ਸਨ, ਪਰ ਅਸਲ ਵਿੱਚ ਉਹ ਫੌਜ ਅਤੇ ਪੁਲਿਸ ਦੀ ਭਰਤੀ ਲਈ ਤਿਆਰੀ ਕਰ ਰਹੇ ਮਿਹਨਤਕਸ਼ ਨੌਜਵਾਨ ਸਨ। ਉਨ੍ਹਾਂ ਦੇ ਚਿਹਰਿਆਂ 'ਤੇ ਭਵਿੱਖ ਬਣਾਉਣ ਦੀ ਤਾਂਘ ਸੀ ਅਤੇ ਪੈਰਾਂ ਵਿੱਚ ਉਸ ਤਾਂਘ ਨੂੰ ਹਕੀਕਤ ਬਣਾਉਣ ਦੀ ਮਿਹਨਤ। ਇਹ ਛੋਟਾ ਜਿਹਾ ਦ੍ਰਿਸ਼ ਪੰਜਾਬ ਦੀ ਇੱਕ ਵੱਡੀ ਹਕੀਕਤ ਵੱਲ ਇਸ਼ਾਰਾ ਕਰਦਾ ਹੈ—ਪੰਜਾਬ ਦਾ ਨੌਜਵਾਨ ਸਿਰਫ਼ ਨਸ਼ੇ ਦਾ ਸ਼ਿਕਾਰ ਨਹੀਂ, ਉਹ ਮੌਕੇ ਦੀ ਭਾਲ ਵਿੱਚ ਮਿਹਨਤ ਕਰ ਰਿਹਾ ਨੌਜਵਾਨ ਵੀ ਹੈ। ਪਿਛਲੇ ਕਈ ਸਾਲਾਂ ਤੋਂ ਪੰਜਾਬ ਦੀ ਗੱਲ ਹੁੰਦੀ ਹੈ ਤਾਂ ਨਸ਼ਾ, ਬੇਰੁਜ਼ਗਾਰੀ, ਵਿਦੇਸ਼ ਜਾਣਾ ਅਤੇ ਨਿਰਾਸ਼ਾ ਦੀਆਂ ਤਸਵੀਰਾਂ ਸਾਡੇ ਸਾਹਮਣੇ ਰੱਖੀਆਂ ਜਾਂਦੀਆਂ ਹਨ। ਇਹ ਸਮੱਸਿਆਵਾਂ ਹਕੀਕਤ ਹਨ ਅਤੇ ਇਨ੍ਹਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਪਰ ਜੇ ਪੰਜਾਬ ਦੀ ਪੂਰੀ ਨੌਜਵਾਨ ਪੀੜ੍ਹੀ ਦੀ ਤਸਵੀਰ ਸਿਰਫ਼ ਇਨ੍ਹਾਂ ਰੰਗਾਂ ਨਾਲ ਹੀ ਬਣਾਈ ਜਾਵੇ ਤਾਂ ਇਹ ਵੀ ਇੱਕ ਕਿਸਮ ਦੀ ਬੇਇਨਸਾਫ਼ੀ ਹੈ। ਇੱਕ ਹੋਰ ਪੰਜਾਬ ਵੀ ਹੈ—ਜੋ ਸਵੇਰੇ ਉੱਠ ਕੇ ਦੌੜਦਾ ਹੈ, ਕਸਰਤ ਕਰਦਾ ਹੈ, ਟੈਸਟਾਂ ਦੀ ਤਿਆਰੀ ਕਰਦਾ ਹੈ ਅਤੇ ਸਰਕਾਰੀ ਨੌਕਰੀ ਦੀ ਉਮੀਦ ਵਿੱਚ ਸਾਲਾਂ ਮਿਹਨਤ ਕਰਦਾ ਹੈ। ਖ਼ਾਸ ਕਰਕੇ ਹੇਠਲੇ ਅਤੇ ਮੱਧ ਵਰਗ ਦੇ ਪਰਿਵਾਰਾਂ ਵਿੱਚ ਸਰਕਾਰੀ ਨੌਕਰੀ ਅੱਜ ਵੀ ਵੱਡੀ ਮੰਜ਼ਿਲ ਹੈ। ਫੌਜ ਜਾਂ ਪੁਲਿਸ ਵਿੱਚ ਨੌਕਰੀ ਮਿਲ ਜਾਵੇ ਤਾਂ ਪਰਿਵਾਰ ਲਈ ਇਹ ਸਿਰਫ਼ ਰੁਜ਼ਗਾਰ ਨਹੀਂ, ਸਗੋਂ ਸਮਾਜਿਕ ਮਾਣ ਅਤੇ ਆਰਥਿਕ ਸੁਰੱਖਿਆ ਦਾ ਸਰੋਤ ਵੀ ਬਣਦੀ ਹੈ। ਮੈਂ ਅਕਸਰ ਵੇਖਦਾ ਹਾਂ ਕਿ ਇੱਕੋ ਪਿੰਡ ਦੇ ਤਿੰਨ-ਤਿੰਨ, ਚਾਰ-ਚਾਰ ਨੌਜਵਾਨ ਸਾਡੇ ਮਿੱਤਰ ਪਿਆਰਿਆਂ ਦੇ ਕੋਚਿੰਗ ਇੰਸਟੀਚਿਊਟਾਂ ਵਿੱਚ ਟੈਸਟਾਂ ਦੀ ਤਿਆਰੀ ਕਰਦੇ ਹਨ ਅਤੇ ਬਾਅਦ ਵਿੱਚ ਅਗਨੀਵੀਰ ਜਾਂ ਹੋਰ ਸਰਕਾਰੀ ਸੇਵਾਵਾਂ ਵਿੱਚ ਭਰਤੀ ਹੁੰਦੇ ਹਨ। ਇਹ ਨੌਜਵਾਨ ਕਿਸੇ ਮੁਫ਼ਤ ਸਹੂਲਤ ਦੀ ਉਡੀਕ ਵਿੱਚ ਨਹੀਂ ਬੈਠੇ। ਉਹ ਆਪਣਾ ਭਵਿੱਖ ਆਪਣੀ ਮਿਹਨਤ ਨਾਲ ਬਣਾਉਣਾ ਚਾਹੁੰਦੇ ਹਨ।

ਪਰ ਸਵਾਲ ਇਹ ਹੈ ਕਿ ਕੀ ਅਸੀਂ ਇਸ ਪੰਜਾਬ ਨੂੰ ਕਦੇ ਆਪਣੀ ਜਨਤਕ ਚਰਚਾ ਦਾ ਕੇਂਦਰ ਬਣਾਇਆ ਹੈ? ਰੋਲ ਮਾਡਲ ਕਿੱਥੇ ਹਨ?

ਸਾਡੇ ਪਿੰਡਾਂ ਵਿੱਚ ਜਦੋਂ ਕੋਈ ਨੌਜਵਾਨ ਸਰਕਾਰੀ ਨੌਕਰੀ ਪ੍ਰਾਪਤ ਕਰਦਾ ਹੈ ਤਾਂ ਇਹ ਸਿਰਫ਼ ਉਸ ਪਰਿਵਾਰ ਦੀ ਖੁਸ਼ੀ ਨਹੀਂ ਹੋਣੀ ਚਾਹੀਦੀ। ਇਹ ਪੂਰੇ ਪਿੰਡ ਦੀ ਪ੍ਰਾਪਤੀ ਹੋਣੀ ਚਾਹੀਦੀ ਹੈ। ਪਿੰਡ ਦੀ ਕਿਸੇ ਜਨਤਕ ਥਾਂ 'ਤੇ ਉਨ੍ਹਾਂ ਨੌਜਵਾਨਾਂ ਦੀਆਂ ਤਸਵੀਰਾਂ ਲੱਗਣ। ਸਕੂਲਾਂ ਵਿੱਚ ਉਨ੍ਹਾਂ ਨੂੰ ਸੱਦ ਕੇ ਸਨਮਾਨਿਤ ਕੀਤਾ ਜਾਵੇ। ਬੱਚਿਆਂ ਨੂੰ ਦੱਸਿਆ ਜਾਵੇ ਕਿ ਇਸ ਪਿੰਡ ਦਾ ਇਹ ਨੌਜਵਾਨ ਮਿਹਨਤ ਕਰਕੇ ਇੱਥੇ ਪਹੁੰਚਿਆ ਹੈ। ਕਿਉਂਕਿ ਸਮਾਜ ਨੂੰ ਰੋਲ ਮਾਡਲ ਚਾਹੀਦੇ ਹਨ। ਜੇ ਸਾਡੇ ਬੱਚਿਆਂ ਦੇ ਸਾਹਮਣੇ ਸਿਰਫ਼ ਸਫ਼ਲਤਾ ਦੀਆਂ ਉਹ ਤਸਵੀਰਾਂ ਹੋਣ ਜਿਨ੍ਹਾਂ ਵਿੱਚ ਪੈਸਾ, ਵਿਦੇਸ਼ ਅਤੇ ਦਿਖਾਵਾ ਹੈ ਤਾਂ ਅਸੀਂ ਉਨ੍ਹਾਂ ਤੋਂ ਕਿਸੇ ਹੋਰ ਤਰ੍ਹਾਂ ਦੀ ਪ੍ਰੇਰਣਾ ਦੀ ਉਮੀਦ ਕਿਵੇਂ ਕਰ ਸਕਦੇ ਹਾਂ? ਸਾਨੂੰ ਮਿਹਨਤ, ਖੇਡ, ਫੌਜ, ਪੁਲਿਸ, ਸਿੱਖਿਆ, ਹੁਨਰ ਅਤੇ ਉਦਮਤਾ ਵਿੱਚ ਸਫ਼ਲ ਹੋਏ ਨੌਜਵਾਨਾਂ ਨੂੰ ਵੀ ਸਾਹਮਣੇ ਲਿਆਉਣਾ ਪਵੇਗਾ। ਨੀਤੀਆਂ ਜ਼ਮੀਨ ਦੀ ਲੋੜ ਮੁਤਾਬਕ ਕਿਉਂ ਨਹੀਂ? ਇੱਥੇ ਗੱਲ ਸਿਰਫ਼ ਨੌਜਵਾਨਾਂ ਦੀ ਮਿਹਨਤ ਦੀ ਨਹੀਂ, ਸਰਕਾਰੀ ਨੀਤੀਆਂ ਦੀ ਵੀ ਹੈ। ਸਾਡੇ ਕੋਲ ਅਕਸਰ ਯੋਜਨਾਵਾਂ ਬਣਦੀਆਂ ਹਨ, ਪੈਸਾ ਖਰਚ ਹੁੰਦਾ ਹੈ, ਇਮਾਰਤਾਂ ਬਣਦੀਆਂ ਹਨ, ਪਰ ਇਹ ਸਵਾਲ ਨਹੀਂ ਪੁੱਛਿਆ ਜਾਂਦਾ ਕਿ ਜਿਸ ਥਾਂ ਇਹ ਸਹੂਲਤ ਬਣ ਰਹੀ ਹੈ, ਉੱਥੇ ਇਸ ਦੀ ਅਸਲ ਲੋੜ ਕਿੰਨੀ ਹੈ? ਮਿਸਾਲ ਸਾਡੇ ਸਾਹਮਣੇ ਹੈ। ਫੁਟਬਾਲ ਲਈ ਮਸ਼ਹੂਰ ਪਿੰਡ ਵਿੱਚ ਫੁਟਬਾਲ ਦਾ F-a-side ਸਿੰਥੈਟਿਕ ਮੈਦਾਨ ਬਣਾਉਣ ਦੀ ਥਾਂ ਬੈਡਮਿੰਟਨ ਦਾ ਇਨਡੋਰ ਬਣ ਗਿਆ। ਜਦੋਂ ਖੇਡਣ ਵਾਲੇ ਹੀ ਨਹੀਂ ਤਾਂ ਉਹ ਸਹੂਲਤ ਬੇਕਾਰ ਪਈ ਹੈ। ਮਾਨਸਾ ਦੇ ਇਨਡੋਰ ਸਟੇਡੀਅਮ ਵਿੱਚ ਸੁਕਐਸ਼ ਦੇ ਦੋ ਕੋਰਟ ਬਣੇ ਹੋਏ ਹਨ। ਪਰ ਪੂਰੇ ਸ਼ਹਿਰ ਵਿੱਚ ਇਸ ਸਮੇਂ ਗਿਣਤੀ ਦੇ ਹੀ ਸੁਕਐਸ਼ ਖਿਡਾਰੀ ਹਨ ਅਤੇ ਨੌਜਵਾਨ ਖਿਡਾਰੀ ਤਾਂ ਲਗਭਗ ਨਹੀਂ। ਇਹ ਸਵਾਲ ਪੁੱਛਣ ਦੀ ਲੋੜ ਹੈ ਕਿ ਕੀ ਖੇਡਾਂ ਦੇ ਬੁਨਿਆਦੀ ਢਾਂਚੇ ਦੀ ਯੋਜਨਾਬੰਦੀ ਖਿਡਾਰੀਆਂ ਦੀ ਅਸਲ ਗਿਣਤੀ ਅਤੇ ਸਥਾਨਕ ਰੁਚੀ ਨੂੰ ਦੇਖ ਕੇ ਹੁੰਦੀ ਹੈ ਜਾਂ ਸਿਰਫ਼ ਫੰਡ ਖਰਚ ਕਰਨ ਲਈ? ਜਿਸ ਪਿੰਡ ਵਿੱਚ ਫੁਟਬਾਲ ਦੀ ਮਜ਼ਬੂਤ ਪਰੰਪਰਾ ਹੈ, ਉੱਥੇ ਫੁਟਬਾਲ ਦਾ ਮੈਦਾਨ ਬਣਾਉਣਾ ਵਧੇਰੇ ਤਰਕਸੰਗਤ ਹੈ। ਜਿੱਥੇ ਕਿਸੇ ਹੋਰ ਖੇਡ ਦੇ ਖਿਡਾਰੀ ਹਨ, ਉੱਥੇ ਉਸ ਖੇਡ ਦਾ ਢਾਂਚਾ ਬਣੇ। ਸਰਕਾਰੀ ਪੈਸਾ ਲੋਕਾਂ ਦੀ ਲੋੜ ਅਨੁਸਾਰ ਖਰਚ ਹੋਣਾ ਚਾਹੀਦਾ ਹੈ, ਨਾ ਕਿ ਲੋਕਾਂ ਦੀ ਲੋੜ ਪੈਦਾ ਕੀਤੇ ਬਿਨਾਂ।

### ਨੌਜਵਾਨਾਂ ਨੂੰ ਮੁਫ਼ਤ ਨਹੀਂ, ਮੌਕੇ ਚਾਹੀਦੇ ਹਨ

ਮੁੱਕਦੀ ਗੱਲ ਇਹ ਹੈ ਕਿ ਪੰਜਾਬ ਦੇ ਨੌਜਵਾਨਾਂ ਨੂੰ ਸਿਰਫ਼ ਉਪਦੇਸ਼ ਦੀ ਨਹੀਂ, ਰਾਹ ਦੀ ਲੋੜ ਹੈ। ਉਹ ਮੁਫ਼ਤ ਕੁਝ ਨਹੀਂ ਮੰਗਦੇ। ਬਹੁਤ ਵੱਡੀ ਗਿਣਤੀ ਮਿਹਨਤ ਕਰਨ ਲਈ ਤਿਆਰ ਹੈ। ਸਵਾਲ ਇਹ ਹੈ ਕਿ ਉਸ ਮਿਹਨਤ ਨੂੰ ਮੰਜ਼ਿਲ ਤੱਕ ਪਹੁੰਚਾਉਣ ਲਈ ਅਸੀਂ ਕਿੰਨੇ ਰਸਤੇ ਬਣਾਏ ਹਨ? ਜੇ ਬੇਰੁਜ਼ਗਾਰੀ ਘਟਾਉਣੀ ਹੈ ਤਾਂ ਪੰਜਾਬ ਵਿੱਚ ਖੇਤੀ-ਆਧਾਰਿਤ ਸਨਅਤਾਂ ਲਗਾਉਣੀਆਂ ਪੈਣਗੀਆਂ। ਸਹਿਕਾਰੀ ਖੇਤਰ ਵਿੱਚ ਪ੍ਰੋਸੈਸਿੰਗ ਯੂਨਿਟ ਬਣਾਉਣੇ ਪੈਣਗੇ। ਪਿੰਡਾਂ ਅਤੇ ਛੋਟੇ ਸ਼ਹਿਰਾਂ ਵਿੱਚ ਕਿੱਤਾਮੁਖੀ ਛੋਟੀਆਂ ਯੂਨਿਟਾਂ ਨੂੰ ਉਤਸ਼ਾਹਿਤ ਕਰਨਾ ਪਵੇਗਾ। ਨੌਜਵਾਨਾਂ ਨੂੰ ਹੁਨਰ ਦੇਣਾ ਪਵੇਗਾ ਅਤੇ ਉਨ੍ਹਾਂ ਦੇ ਹੁਨਰ ਨੂੰ ਸਥਾਨਕ ਰੁਜ਼ਗਾਰ ਨਾਲ ਜੋੜਨਾ ਪਵੇਗਾ। ਸਾਨੂੰ ਇਹ ਵੀ ਸਮਝਣਾ ਪਵੇਗਾ ਕਿ ਹਰ ਨੌਜਵਾਨ ਸਰਕਾਰੀ ਨੌਕਰੀ ਨਹੀਂ ਲੈ ਸਕਦਾ। ਇਸ ਲਈ ਸਰਕਾਰੀ ਨੌਕਰੀਆਂ ਦੇ ਨਾਲ-ਨਾਲ ਉਦਮ, ਹੁਨਰ, ਸਨਅਤ ਅਤੇ ਸਵੈ-ਰੁਜ਼ਗਾਰ ਦੇ ਮੌਕੇ ਪੈਦਾ ਕਰਨੇ ਪੈਣਗੇ। ਨੌਜਵਾਨਾਂ ਨੂੰ ਸਿਰਫ਼ ਮੁਫ਼ਤ ਸਹੂਲਤਾਂ ਦੇ ਕੇ ਅਸੀਂ ਉਨ੍ਹਾਂ ਦਾ ਭਵਿੱਖ ਨਹੀਂ ਬਣਾ ਸਕਦੇ। ਜੇ ਹਰ ਸਮੱਸਿਆ ਦਾ ਹੱਲ ਮੁਫ਼ਤ ਵੰਡਣ ਵਿੱਚ ਲੱਭਿਆ ਜਾਵੇਗਾ ਤਾਂ ਨੌਜਵਾਨਾਂ ਵਿੱਚ ਨਿਰਭਰਤਾ ਵਧੇਗੀ, ਸਮਰੱਥਾ ਨਹੀਂ।

ਪੰਜਾਬ ਦੇ ਨੌਜਵਾਨਾਂ ਨੂੰ ਦਾਨ ਨਹੀਂ, ਦਿਸ਼ਾ ਚਾਹੀਦੀ ਹੈ। ਖੈਰਾਤ ਨਹੀਂ, ਮੌਕਾ ਚਾਹੀਦਾ ਹੈ। ਮੁਫ਼ਤ ਦੀਆਂ ਚੀਜ਼ਾਂ ਨਹੀਂ, ਮਿਹਨਤ ਨਾਲ ਕਮਾਉਣ ਲਈ ਮੈਦਾਨ ਚਾਹੀਦਾ ਹੈ। ਇਸ ਮਿਹਨਤਕਸ਼ ਪੰਜਾਬ ਨੂੰ ਪਛਾਣਨ ਅਤੇ ਦਿਖਾਉਣ ਦੀ ਲੋੜ ਹੈ। ਕਿਉਂਕਿ ਪੰਜਾਬ ਦਾ ਨੌਜਵਾਨ ਅਜੇ ਵੀ ਹਾਰਿਆ ਨਹੀਂ—ਉਹ ਸਿਰਫ਼ ਆਪਣੇ ਲਈ ਇੱਕ ਸਹੀ ਮੌਕੇ ਦੀ ਉਡੀਕ ਕਰ ਰਿਹਾ ਹੈ।



# ਕਾਗਜ਼ੀ ਵਿਚੋਲਪੁਣਾ

## ਜੀਵਨ ਸਾਥਣ ਦੀ ਲੋੜ

ਕਨੇਡੀਅਨ ਸਿਟੀਜਨ, ਜੱਟ ਸਿੱਖ,ਨਸ਼ਿਆਂ ਤੋਂ ਰਹਿਤ, ਆਪਣਾ ਕਾਰੋਬਾਰ ਕਰਦੇ, ਸੰਘਾ ਪਰਿਵਾਰ ਚੋਂ ਘਰਵਾਲੀ ਤੋਂ ਅਲੱਗ ਰਹਿੰਦੇ,ਉਮਰ 58 ਸਾਲ, ਕੱਦ 5 ਫੁੱਟ 8 ਇੰਚ, ਲਈ ਜੀਵਨ ਸਾਥਣ ਦੀ ਲੋੜ ਹੈ। ਜਾਤ ਦਾ ਕੋਈ ਬੰਧਨ ਨਹੀਂ। ਤਲਾਕ ਸੁਦਾ ਜਾਂ ਵਿਧਵਾ ਹੋਈ ਜੀਵਨ ਸਾਥਣ ਦੀ ਉਮਰ 50 ਸਾਲ ਤੋਂ ਘੱਟ ਨਾ ਹੋਵੇ। ਕੈਨੇਡਾ ਜਾਂ ਇੰਡੀਆ ਤੋਂ ਬੱਚੇ ਸਮੇਤ ਵੀ ਸੰਪਰਕ ਕਰ ਸਕਦੇ ਹਨ। ਸੰਪਰਕ: 587 718 7234 ***305***3***

## ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਜੱਟ ਸਿੱਖ ਪਰਿਵਾਰ ਦੇ ਲੜਕੇ ਜਨਮ 2002,ਕੱਦ 5 ਫੁੱਟ 11 ਇੰਚ, ਬਿਜ਼ਨਿਸ ਮੈਨੇਜਮੈਂਟ ਡਿਪਲੋਮਾ ਹੋਲਡਰ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ । ਮਾਲਵਾ ਖੇਤਰ ਨੂੰ ਪਹਿਲ । ਸੰਪਰਕ:+1 (639) 916-1637 ***305***3***

## ਲੜਕੇ ਦੀ ਲੋੜ

ਰਾਮਗੜੀਆ ਸਿੱਖ ਪਰਿਵਾਰ ਦੀ ਇੰਡੀਆ ਰਹਿੰਦੀ ਸੋਹਣੀ ਸੁਨੱਖੀ ਲੜਕੀ ਜਨਮ 1987,ਕੱਦ 5 ਫੁੱਟ 4 ਇੰਚ, ਵਿਦਿਅਕ ਯੋਗਤਾ ਐਮ ਸੀ ਏ ,ਆਈ ਟੀ ਕੰਪਨੀ ਵਿੱਚ ਸੋਫਟਵੇਅਰ ਡਿਵੈਲਪਰ ਦੀ ਜੌਬ ਕਰਦੀ ਲਈ ਹਾਣ ਪ੍ਰਵਾਣ ਦੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦੇ ਪਿਤਾ ਸ਼੍ਰੀ ਅੰਮ੍ਰਿਤਸਰ ਸਾਹਿਬ ਵਿਖੇ ਜਿਲਾ ਅਦਾਲਤ ਵਿੱਚ ਵਕਾਲਤ ਕਰਦੇ ਹਨ। ਸੰਪਰਕ: 403 472 7764 ਜਾਂ 91 70097 18886 ***305***3***

## ਲੜਕੀ ਦੀ ਲੋੜ

ਪੰਜਾਬ (ਫਗਵਾੜਾ) ਰਹਿੰਦੇ ਬੰਗੜ ਪਰਿਵਾਰ ਦੇ ਲੜਕੇ,ਉਮਰ 31 ਸਾਲ,ਕੱਦ 5 ਫੁੱਟ 8 ਇੰਚ,ਬੀ ਟੈਕ ਕੰਪਿਊਟਰ ਇੰਜੀਨੀਅਰ ਆਈ ਟੀ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਲੜਕੇ ਦਾ ਪਿਤਾ ਕਲਾਸ 1 ਅਫ਼ਸਰ ਰਿਟਾਇਰ ਹੋਇਆ ਹੈ ਅਤੇ ਭੈਣ ਡਾਕਟਰ ਹੈ । ਸੰਪਰਕ:91 9814712244 ***305***3***

## ਲੜਕੇ ਦੀ ਲੋੜ

ਕੈਨੇਡੀਅਨ ਪੀ ਆਰ,ਜੱਟ ਸਿੱਖ ਗਰੇਵਾਲ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਜਨਮ 1993,ਕੱਦ 5 ਫੁੱਟ 6 ਇੰਚ,ਲਾਅ ਡਿਪਲੋਮਾ ਹੋਲਡਰ,ਵਧੀਆ ਜੌਬ ਕਰਦੀ ਲਈ ਕੈਨੇਡਾ ਤੋਂ ਹੀ ਸਿਟੀਜਨ/ਪੀ ਆਰ ਜਾਂ ਵਰਕ ਪਰਮਿਟ ਵਾਲੇ,ਹੈਂਡਸਮ,ਨਸ਼ਿਆਂ ਤੋਂ ਰਹਿਤ,ਘੱਟੋ ਘੱਟ 10 ਕਿੱਲੇ ਜ਼ਮੀਨ ਦੇ ਮਾਲਕ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਇੰਡੀਆ ਤੋਂ ਵਧੀਆ ਪ੍ਰਾਪਰਟੀ ਦੇ ਮਾਲਕ ਲੜਕੇ ਬਾਰੇ ਵੀ ਵਿਚਾਰ ਕੀਤੀ ਜਾ ਸਕਦੀ ਹੈ । ਲੁਧਿਆਣਾ,ਕੈਲਗਰੀ ਅਤੇ ਅਲਬਰਟਾ ਦੇ ਲੜਕੇ ਨੂੰ ਪਹਿਲ ।ਮੈਰਿਜ ਬਿਊਰੋ ਵਾਲੇ ਮੁਆਫ਼ ਕਰਨ । ਕਾਲ: 1437 771 2693 ਜਾਂ 1587 436 4937 ***300***3

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਪੰਜਾਬ ਦੇ ਖੰਨਾ ਇਲਾਕੇ ਨਾਲ ਸਬੰਧਿਤ ਐਡਮਿੰਟਨ ਵਿਖੇ ਘਰਾਂ ਦੀ ਫਰੇਮਿੰਗ ਦਾ ਆਪਣਾ ਕਾਰੋਬਾਰ ਕਰਦੇ, ਜੱਟ ਸਿੱਖ ਮਾਨ ਪਰਿਵਾਰ ਦੇ ਲੜਕੇ,ਜਨਮ 2001, ਕੱਦ 6 ਫੁੱਟ,ਪਲੱਸ 2 ਨਾਨ ਮੈਡੀਕਲ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਆਪਣਾ ਮਕਾਨ ਹੈ। ਸੰਪਰਕ: Email- sahibmann076@gmail.com ***304***3

## ਲੜਕੀ ਦੀ ਲੋੜ

ਪੰਜਾਬ ਰਹਿੰਦੇ ਧਾਲੀਵਾਲ ਪਰਿਵਾਰ ਦੇ ਟੋਇਟਾ ਆਟੋਮੋਬਾਈਲ ਵਿਖੇ ਬਾਡੀ ਸਾਪ ਐਡਵਾਈਜਰ ਦੀ ਚੰਗੀ ਨੌਕਰੀ ਕਰਦੇ ਲੜਕੇ ਜਨਮ 1992,ਕੱਦ 5 ਫੁੱਟ 10 ਇੰਚ, ਮਕੈਨੀਕਲ ਇੰਜੀਨੀਅਰ ਡਿਪਲੋਮਾਂ ਹੋਲਡਰ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਿਧਵਾ ਜਾਂ ਤਲਾਕਸੁਦਾ ਵੀ ਸੰਪਰਕ ਕਰ ਸਕਦੇ ਹਨ। ਲੜਕੇ ਦਾ ਪਿਤਾ ਸਰਕਾਰੀ ਜੌਬ ਤੋਂ ਰਿਟਾਇਰਡ ਅਤੇ ਭਰਾ ਯੂਕੇ ਵਿੱਚ ਪੱਕੇ ਤੌਰ ਤੇ ਰਹਿ ਰਿਹਾ ਹੈ। ਸੰਪਰਕ: 91 7009758858 ***304***3

## ਲੜਕੀ ਦੀ ਲੋੜ

ਕੈਨੇਡੀਅਨ ਪੀ ਆਰ ਜੱਟ ਸਿੱਖ ਸਰਦਾਰ ਲੜਕਾ ਜਨਮ 1985,ਕੱਦ 6 ਫੁੱਟ,ਤਲਾਕ ਸ਼ੁਦਾ ਲਈ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵੈਲ ਸੈਟਲਡ ਲੜਕੇ ਕੋਲ ਆਪਣਾ ਘਰ ਹੈ। ਵਰਕ ਪਰਮਿਟ ਜਾਂ ਵਿਸਟਰ ਵੀਜ਼ਾ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ:1587 891 3187 ਜਾਂ 1778 388 8279 ***302***3***

## ਲੜਕੇ ਦੀ ਲੋੜ

ਕੈਨੇਡੀਅਨ ਸਿਟੀਜਨ,ਜੱਟ ਸਿੱਖ ਲੜਕੀ ਜਨਮ 1998, ਕੱਦ 5 ਫੁੱਟ 3 ਇੰਚ, ਕੈਲਗਰੀ ਵਿੱਚ ਸੀ ਪੀ ਏ ਕਰ ਰਹੀ ਲਈ ਬਰਾਬਰ ਦੀ ਯੋਗਤਾ ਵਾਲੇ ਕੈਨੇਡੀਅਨ ਵੈਸ਼ਨੂੰ 10 ਕਿੱਲੇ ਤੋਂ ਉਪਰ ਜ਼ਮੀਨ ਵਾਲੇ ਲੜਕੇ ਦੀ ਲੋੜ ਹੈ। ਸਿਰਫ ਜਿਲਾ ਲੁਧਿਆਣਾ ਜਾਂ ਅਲਬਰਟਾ ਵਾਲੇ ਸੰਪਰਕ ਕਰਨ।ਕਾਲ: 1 403 903 4592***302***3***

## ਲੜਕੀ ਦੀ ਲੋੜ

ਜੱਟ ਸਿੱਖ ਕੰਗ ਪਰਿਵਾਰ ਦੇ ਰੋਪੜ ਜਿਲ੍ਹੇ ਨਾਲ ਸਬੰਧਿਤ,7 ਏਕੜ ਜਮੀਨ ਦੇ ਮਾਲਕ,ਕੈਨੇਡਾ ਵਰਕ ਪਰਮਿਟ ਉੱਪਰ ਰਹਿੰਦੇ ਨਸ਼ਾ ਰਹਿਤ ਲੜਕੇ, ਜਨਮ 1995, ਕੱਦ 5 ਫੁੱਟ 11 ਇੰਚ, ਪੜਾਈ ਲਿਖਾਈ: ਬੀ ਟੈੱਕ ਈ ਸੀ ਈ,ਪਰੌਜੈਕਟ ਮੈਨੇਜਮੈਂਟ ਐਂਡ ਸਪਲਾਈ ਚੇਨ ਮੈਨੇਜਮੈਂਟ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੀ ਭੈਣ ਦਾ ਪਰਿਵਾਰ ਕੈਨੇਡਾ ਪੱਕੇ ਤੌਰ ਤੇ ਸੈਟਲ ਹੈ। ਮਾਤਾ ਪਿਤਾ ਕੋਲ ਵਿਜਟਿਰ ਵੀਜਾ ਹੈ। ਸੰਪਰਕ: 403 472 1361 **301*3**

## ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਜੱਟ ਸਿੱਖ ਗਿੱਲ ਪਰਿਵਾਰ ਦੇ ਲੜਕੇ ਜਨਮ 1999,ਕੱਦ 5 ਫੁੱਟ 9 ਇੰਚ,ਆਈ ਟੀ ਵੈਲਡਰ,ਆਈ ਟੀ ਪਲੰਬਰ,ਸਿਵਲ ਇੰਜੀਨੀਅਰ ਡਿਪਲੋਮਾ ਹੋਲਡਰ,ਹੁਣ ਡਰਾਇਵਾਲ ਦਾ ਕੰਮ ਕਰਦੇ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜ਼ਨ ਲਇ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ: 1403 477 5707 ਜਾਂ 1778 522 3061 ***301***3

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ,ਰਾਮਗੜੀਆ (ਮੁੰਡੇ) ਪਰਿਵਾਰ ਦੀ ਕੈਲਗਰੀ ਰਹਿੰਦੀ ਲੜਕੀ ਜਨਮ 1996, ਕੱਦ 5 ਫੁੱਟ 3 ਇੰਚ, ਪੜਾਈ ਲਿਖਾਈ: Bachelor of Commerce Honor's in Accounting and Finance. Currently Pursuing accounting designation (CPA),ਸੀਨੀਅਰ ਅਕਾਊਟੈਂਟ ਦੀ ਜੌਬ ਕਰਦੀ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੇ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਲੜਕੀ ਦਾ ਇੱਕ ਭਰਾ ਹੈ ਜੋ ਵਿਆਹਿਆ ਹੋਇਆ ਹੈ। ਸੰਪਰਕ: 1 (403) 880-4806 ***301***3

## ਲੜਕੀਆਂ ਦੀ ਲੋੜ

ਪੰਜਾਬ ਦੇ ਜੰਮਪਲ,ਜੱਟ ਸਿੱਖ ਬੰਦੇਸਾ ਪਰਿਵਾਰ ਦੇ ਲੜਕੇ ਜਨਮ 1996, ਪੜਾਈ ਲਿਖਾਈ: ਬੀ ਟੈੱਕ, ਕੈਨੇਡਾ ਵਿੱਚ ਵਰਕ ਪਰਮਿਟ ਉੱਪਰ ਪਰੋਜੈਕਟ ਮੈਨੇਜ ਮੈਂਟ ਦੀ ਜੌਬ ਕਰਦੇ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਇਸੇ ਹੀ ਪਰਿਵਾਰ ਦੇ ਪੰਜਾਬ ਰਹਿੰਦੇ ਦੂਜੇ ਲੜਕੇ, ਜਨਮ 1994 ਪੜਾਈ ਲਿਖਾਈ ਐਮ ਏ ਇੰਗਲਿਸ਼, ਸਹਾਇਕ ਰਜਿਸਟਰਾਰ ਦੀ ਸਰਕਾਰੀ ਨੌਕਰੀ ਕਰਦੇ ਲਈ ਵੀ ਹਾਣ ਪ੍ਰਵਾਣ ਦੀ ਯੋਗ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 403 680 0132 ਜਾਂ ਇੰਡੀਆ ਵਟਸਐਪ: 91 94638 54302 ***301***3

## ਲੜਕੀ ਦੀ ਲੋੜ

ਕੈਨੇਡਾ ਵਰਕ ਪਰਮਿਟ ਉੱਪਰ ਰਾਮਗੜ੍ਹੀਆ ਪਰਿਵਾਰ ਦੇ ਲੜਕੇ ਜਨਮ 1991,ਕੱਦ 6 ਫੁੱਟ,ਆਟੋਮੋਬਾਈਲ ਡਿਪਲੋਮਾ ਹੋਲਡਰ ਹੁਣ ਕਾਰ ਮਕੈਨਿਕ ਦੀ ਜੌਬ ਕਰਦੇ ਲਈ ਕੈਨੇਡੀਅਨ ਪੀ ਆਰ,ਸਿਟੀਜ਼ਨ ,ਓਪਨ ਵਰਕਪਰਮਿਟ ਜਾਂ ਸਟੱਡੀ ਵੀਜ਼ਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ । ਸੰਪਰਕ:1587 581 1371 ***301***3

## ਲੜਕੀ ਦੀ ਲੋੜ

ਕੈਨੇਡਾ ਵਿਜਟਿਰ ਵੀਜੇ ਉੱਪਰ ਆਏ ਮੋਗਾ ਏਰੀਆ ਨਾਲ ਸਬੰਧਿਤ, ਜੱਟ ਸਿੱਖ ਸੰਧੂ ਪਰਿਵਾਰ ਦੇ ਨਸ਼ਾ ਰਹਿਤ ਲੜਕੇ ਜਨਮ 1995,ਕੱਦ 5 ਫੁੱਟ 10 ਇੰਚ,ਪੜਾਈ: +2, ਪਿੰਡ ਵਿੱਚ 4 ਕਿੱਲੇ ਜਮੀਨ ਅਤੇ ਵੱਡ ਅਕਾਰੀ ਕੋਠੀ ਦੇ ਮਾਲਕ ਲਈ ਕਨੇਡੀਅਨ ਸਿਟੀਜਨ, ਪੀ ਆਰ ਜਾਂ ਵਰਕ ਪਰਮਿਟ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਬਿਨਾ ਬੱਚੇ ਤੋਂ ਤਲਾਕਸੁਦਾ ਵੀ ਸੰਪਰਕ ਕਰ ਸਕਦੇ ਹਨ। ਲੜਕੇ ਦੇ ਭੈਣ ਭਰਾ ਕੈਨੇਡਾ ਸੈਟਲ ਹਨ। ਮਾਤਾ ਪਿਤਾ ਕੋਲ ਕੈਨੇਡਾ ਦਾ ਵੀਜ਼ਾ ਹੈ । ਮੈਰਿਜ ਬਿਊਰੋ ਸੰਪਰਕ ਨਾ ਕਰਨ। ਕਾਲ: 403 690 7532 ***301***3

## ਲੜਕੇ ਦੀ ਲੋੜ

ਕਨੇਡੀਅਨ ਸਿਟੀਜਨ, ਰਵੀਦਾਸੀਆ ਪਰਿਵਾਰ ਦੀ ਇੰਡੀਆ ਜੰਮੀ,ਕਨੇਡਾ ਵਿੱਚ ਪੜ੍ਹ-ਲਿਖ ਕੇ ਵੱਡੀ ਹੋਈ ਲੜਕੀ ਜਨਮ 1996, ਕੱਦ 5 ਫੁੱਟ 6 ਇੰਚ, ਬੀਐਸ ਸੀ ਨਰਸਿੰਗ ਐਂਡ ਬੀ ਐਸ ਸੀ ਸਾਇੰਸ, ਅਲਬਰਟਾ ਹੈਲਥ ਕੇਅਰ ਨਾਲ ਆਰ ਐਨ ਦੀ ਜੌਬ ਕਰਦੀ ਲਈ, ਕਨੇਡੀਅਨ ਸਿਟੀਜਨ ਪਰਿਵਾਰ ਦੇ ਵੈਲ ਸੈਟਲਡ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 587 897 6958 ਜਾਂ ਈ ਮੇਲ: harpal_bgr@yahoo.ca ***300***3

"ਪੰਜਾਬੀ ਅਖ਼ਬਾਰ" ਵਿੱਚ ਖਬਰਾਂ,ਕਾਰੋਬਾਰ ਵਿੱਚ ਵਾਧੇ ਲਈ ਵਿਓਪਾਰਕ ਐਡਵਰਟਾਈਜ਼ਮੈਂਟ,ਬੱਚਿਆਂ ਦੇ ਜਨਮ ਦਿਨ ਮੌਕੇ ਦੀਆਂ ਤਸਵੀਰਾਂ,ਵਿਆਹ ਦੀ ਵਰ੍ਹੇਗੰਢ, ਵਿਆਹ ਲਈ ਲੜਕੇ ਲੜਕੀ ਦੀ ਭਾਲ ਸਬੰਧੀ,ਵਰਕਰਾਂ ਦੀ ਲੋੜ, ਇੰਡੀਅਨ ਪਾਸਪੋਰਟ ਉੱਪਰ ਨਾਮ ਬਦਲੀ ਸਬੰਧੀ ਇਸ਼ਤਿਹਾਰ ਜਾਂ ਆਪਣੀਆਂ ਰਚਨਾਵਾਂ ਛਪਵਾਉਣ ਲਈ ਸੰਪਰਕ ਕਰੋ ।
Email: punjabiakhbaar@gmail.com
403 640 2000

## ਲੜਕੇ ਦੀ ਲੋੜ

ਜੱਟ ਸਿੱਖ ਪਰਿਵਾਰ ਦੀ ਕੈਲਗਰੀ ਚਾਈਲਡ ਕੇਅਰ ਵਰਕ ਪਰਮਿਟ ਉੱਪਰ ਰਹਿੰਦੀ ਲੜਕੀ ਜਨਮ 1988, ਕੱਦ 5 ਫੁੱਟ 6 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਵੈਸ਼ਨੂੰ ਸਰਦਾਰ ਲੜਕੇ ਦੇ ਰਿਸ਼ਤੇ ਦੀ ਲੋੜ ਹੈ। ਮਾਲਵਾ ਏਰੀਆ ਨੂੰ ਪਹਿਲ, ਲੜਕੀ ਦਾ ਸਾਰਾ ਪਰਿਵਾਰ ਕੈਨੇਡਾ ਸੈੱਟਲਡ ਹੈ। ਤਲਾਕ ਸੁਦਾ ਜਾਂ ਮੈਰਿਜ ਬਿਊਰੋ ਵਾਲੇ ਸੰਪਰਕ ਨਾ ਕਰਨ। ਕਾਲ਼: 403 617 2302 ***300***3

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਅਰੋੜਾ(ਚੁੱਘ) ਪਰਿਵਾਰ ਦੇ ਕੈਲਗਰੀ ਰਹਿੰਦੇ,ਆਪਣਾ ਕਾਰੋਬਾਰ ਕਰਦੇ ਲੜਕੇ, ਉਮਰ 33 ਸਾਲ, ਕੱਦ 5 ਫੁੱਟ 11 ਇੰਚ, ਐਮ ਬੀ ਏ ਡਿਗਰੀ ਹੋਲਡਰ, ਲਈ ਕਨੇਡੀਅਨ ਪੀ ਆਰ, ਸਿਟੀਜਨ ਜਾਂ ਵਰਕ ਪਰਮਿਟ ਹੋਲਡਰ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 91 98149 50867 (ਵਟਸਐਪ) ***300***3

## ਲੜਕੀ ਦੀ ਲੋੜ

ਯੂ ਐਸ ਏ ਗਰੀਨ ਕਾਰਡ,ਵੈੱਲ ਸੈਟਲਡ, ਹੋਲਡਰ, ਲੁਬਾਣਾ (ਘੋਤੜਾ) ਪਰਿਵਾਰ ਦੇ ਲੜਕੇ ਜਨਮ 1996,ਕੱਦ 5 ਫੁੱਟ 8 ਇੰਚ, ਗਰੇਡ 12 ਪਾਸ ਲੜਕੇ ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਕੋਲ ਕੈਲਗਰੀ ਵਿੱਚ ਆਪਣਾ ਬਿਜਨਿਸ ਅਤੇ ਘਰ ਹੈ। ਲੜਕੇ ਦਾ ਸਾਰਾ ਪਰਿਵਾਰ ਕੈਲਗਰੀ ਵੈਲ ਸੈਟਲਡ ਹੈ। ਸੰਪਰਕ: 403 585 8878 ਜਾਂ ਈ ਮੇਲ: sukhjit90580@gmail.com ***300***3

## ਲੜਕੇ ਦੀ ਲੋੜ

ਕਨੇਡੀਅਨ ਜੰਮਪਲ,ਸੰਘਾ ਪਰਿਵਾਰ ਦੀ ਲੜਕੀ, ਉਮਰ 29 ਸਾਲ, ਕੱਦ 5 ਫੁੱਟ 5 ਇੰਚ, ਕਰਿਮੀਨਲ ਜਸਟਿਸ ਦੀ ਡਿਗਰੀ ਹੋਲਡਰ ਲਈ ਹਾਣ ਪਰਵਾਣ ਦੇ ਲੜਕੇ ਦੇ ਰਿਸ਼ਤੇ ਲੋੜ ਹੈ । ਸੰਪਰਕ: 1587 707 3029 ***300***3

## ਲੜਕੇ ਦੀ ਲੋੜ

ਕੈਨੇਡੀਅਨ ਜੰਮਪਲ ਦੋਵੇਂ ਸੱਭਿਆਚਾਰਾਂ ਤੋਂ ਜਾਣੂੰ ਸਿੱਧੂ ਪਰਿਵਾਰ ਦੀ ਸੋਹਣੀ ਸੁਨੱਖੀ ਫਾਰਮੇਸੀ ਅਸਿਸਟੈਂਟ ਲੜਕੀ,ਉਮਰ 26 ਸਾਲ,ਕੱਦ 5 ਫੁੱਟ 5 ਇੰਚ ਲਈ ਕੈਨੇਡੀਅਨ ਜੰਮਪਲ ਜਾਂ ਛੋਟੇ ਹੁੰਦੇ ਕੈਨੇਡਾ ਆਏ ਗੁਰਸਿੱਖ ਪਰਿਵਾਰ ਦੇ ਵੈਸ਼ਨੂੰ ਲੜਕੇ ਦੇ ਰਿਸ਼ਤੇ ਦੀ ਲੋੜ ਹੈ । ਲੜਕੀ ਦਾ ਪਰਿਵਾਰ ਪਿਛਲੇ 30 ਸਾਲ ਤੋਂ ਕੈਨੇਡਾ ਸੈਟਲ ਹੈ । ਮੈਰਿਜ ਬਿਊਰੋ ਜਾਂ ਇੰਡੀਆ ਰਹਿੰਦੇ ਲੜਕੇ ਵਾਲੇ ਸੰਪਰਕ ਨਾ ਕਰਨ । ਸੰਪਰਕ:1 403 472 0468 **299*3**

## ਲੜਕੇ ਦੀ ਲੋੜ

Jatt Sikh parents seeking a suitable match for their daughter, a Canadian citizen, born 1988, 5 '33 , registered physiotherapist, based in Calgary. A boy should be well educated in good moral values, either doing a decent job or running a business. Calgary or Edmonton preferred. Contact number + 91 96466 -18381, + 91 98724 98252 ***299***3***

## ਲੜਕੀ ਦੀ ਲੋੜ

35-year-Old/ 5'10", never married, clean-shaven, Ramgarhia Sikh, Canadian citizen, well-settled businessman in Winnipeg, Canada. Successful entrepreneur in Real Estate & Mortgage Financing. Seeking educated, family-oriented girl from a respectable family. Canada/USA preferred. WhatsApp: -204-510-7658 ***300***3

## ਲੜਕੇ ਦੀ ਲੋੜ

Jatt Sikh parents seeking suitable match for their Indian born daughter, Canadian citizen, Dec 1986 born, 5' 1.5" feet, B. Tech & MBA, working in a leading company in management role. Boy should be well educated of good moral values either doing decent job or business. Cell no./ Whatsapp +1 587 434 0817 ***306***rana*

## ਲੜਕੇ ਦੀ ਲੋੜ

ਜੱਟ ਸਿੱਖ ਸਿੱਧੂ ਪਰਿਵਾਰ ਦੀ ਸੋਹਣੀ ਸੁਨੱਖੀ ਲੜਕੀ,ਜਨਮ 1999,ਕੱਦ 5 ਫੁੱਟ 5 ਇੰਚ,Education background ABth ( Anees school Mohali.) Gcg college AA sector Chandigarh (B.A) Conestoga college Waterloo Canada (hospitality management and business management. ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੇ ਦੇ ਰਿਸਤੇ ਦੀ ਲੋੜ ਹੈ । ਲੜਕੀ ਸਾਲ 2022 ਵਿੱਚ ਕੈਨੇਡਾ ਸਟੂਡੈਂਟ ਵੀਜ਼ਾ ਉੱਪਰ ਆਈ ਸੀ ਅਤੇ ਹੁਣ ਵਰਕ ਪਰਮਿਟ ਉੱਪਰ ਹੈ । ਲੜਕੀ ਦਾ ਪਿਤਾ ਸਰਕਾਰੀ ਬੈਂਕ ਮੈਨੇਜਰ ਰਿਟੈਰਿਡ ਹੈ । ਲੜਕੀ ਦਾ ਇੱਕ ਭਰਾ ਕੈਨੇਡੀਅਨ ਸਿਟੀਜ਼ਨ ਹੈ ਜੋ ਵਿਆਹਿਆ ਹੋਇਆ ਹੈ ਅਤੇ ਲੜਕੀ ਇਸ ਵੇਲੇ ਉਸ ਕੋਲ ਹੀ ਰਹਿ ਰਹੀ ਹੈ । WhatsApp ਸੰਪਰਕ: 91 98724 26732 ***306**k**

## ਲੜਕੀ ਦੀ ਲੋੜ

ਜੱਟ ਸਿੱਖ ਪਰਿਵਾਰ ਦੇ ਓਪਨ ਵਰਕ ਪਰਮਿਟ ਉੱਪਰ ਆਏ ਟਰੱਕ ਡਰਾਈਵਰ ਦੀ ਜੌਬ ਕਰਦੇ,ਲੜਕੇ ਉਮਰ 41 ਸਾਲ, ਕੱਦ 5 ਫੁੱਟ 11 ਇੰਚ, ਵਿਦਿਅਕ ਯੋਗਤਾ +2 ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਡਿਵੋਰਸ ਲੜਕੀ ਵੀ, ਚਾਹੇ ਬੱਚੇ ਵੀ ਹੋਣ, ਸੰਪਰਕ ਕਰ ਸਕਦੀ ਹੈ। ਸੰਪਰਕ: 587 837 2595 *** 306*Roop**

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ, ਜੱਟ ਸਿੱਖ ਭੰਗੂ ਪਰਿਵਾਰ ਦੇ ਲੜਕੇ ਜਨਮ 1998, ਕੱਦ 5 ਫੁੱਟ 11 ਇੰਚ, ਇੰਟਰਨੈਸ਼ਨਲ ਬਿਜਨਿਸ ਮੈਨੇਜਮੈਂਟ ਡਿਪਲੋਮਾ ਹੋਲਡਰ ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਦੋ ਛੋਟੇ ਭਰਾ ਵੀ ਕੈਨੇਡਾ ਹੀ ਹਨ। ਪਰਿਵਾਰ ਕੋਲ ਪੰਜਾਬ ਵਿੱਚ 14 ਏਕੜ ਜ਼ਮੀਨ ਹੈ । ਸੰਪਰਕ: 1 514 502 3782 ਜਾਂ ਇੰਡੀਆ: +91 9463409382***315 rao***

## ਲੜਕੀ ਦੀ ਲੋੜ

ਜੱਟ ਸਿੱਖ ਬੋਪਾਰਾਏ ਪਰਿਵਾਰ ਦੇ ਸੋਹਣੇ ਸੁਨੱਖੇ ਸਟੱਡੀ ਪਰਮਿਟ ਉੱਪਰ ਕੈਨੇਡਾ ਆਏ ਲੜਕੇ,ਜਨਮ 2000,ਕੱਦ 5 ਫੁੱਟ 10 ਇੰਚ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦੇ ਰਿਸ਼ਤੇਦਾਰ ਪਰਿਵਾਰ ਕੈਨੇਡਾ ਵਿੱਚ ਪੱਕੇ ਤੌਰ ਤੇ ਸੈੱਟਲ ਹਨ ਜੋ ਕਿ ਲੜਕੇ ਨੂੰ ਸੈੱਟਲ ਹੋਣ ਵਿੱਚ ਆਰਥਿਕ ਮੱਦਦ ਕਰ ਸਕਦੇ ਹਨ। ਤਲਾਕਸ਼ੁਦਾ ਜਾਂ ਵਰਕ ਪਰਮਿਟ ਵਾਲੀ ਲੜਕੀ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 587 227 6000 **te**un**je**

## ਲੜਕੀ ਦੀ ਲੋੜ

ਕਨੇਡਾ ਵਰਕ ਪਰਮਿਟ ਉੱਪਰ ਆਏ ਰਾਮਗੜੀਆ (ਸੰਧੂ) ਪਰਿਵਾਰ ਦੇ ਬਰਨਾਲਾ ਇਲਾਕੇ ਨਾਲ ਸਬੰਧਿਤ ਸੋਹਣੇ ਸੁਨੱਖੇ ਲੜਕੇ ਜਨਮ 2002, ਕੱਦ 6 ਫੁੱਟ, ਵਿਦਿਅਕ ਯੋਗਤਾ: ਪਲੱਸ 2 ਨਾਨ ਮੈਡੀਕਲ (ਚੰਡੀਗੜ੍ਹ) ਡਿਪਲੋਮਾਂ ਸੀ ਐੱਸ ਜਨਰਲ ਸਰੀ ਕੈਨੇਡਾ, ਲਈ ਕਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਸੰਪਰਕ: 1 604 355 5931 ਜਾਂ 91 9804500031 *** ***

## ਲੜਕੀ ਦੀ ਲੋੜ

ਕਨੇਡੀਅਨ ਪੀ ਆਰ ਜੱਟ ਸਿੱਖ ਤੂਰ ਪਰਿਵਾਰ ਦੇ ਲੜਕੇ ਉਮਰ, ਉਮਰ 30 ਸਾਲ,ਕੱਦ 5ਫੁੱਟ 11 ਇੰਚ,ਵਿੱਦਿਅਕ ਯੋਗਤਾ ਬੀ ਏ, ਲਈ ਹਾਣ ਪ੍ਰਵਾਣ ਦੀ ਲੜਕੀ ਦੇ ਰਿਸ਼ਤ ਦੀ ਲੋੜ ਹੈ। ਜੋਆਇੰਟ ਫੈਮਿਲੀ ਵਾਲੇ ਰਿਸ਼ਤੇ ਨੂੰ ਪਹਿਲ । ਸੰਪਰਕ ਲਈ ਸਿਰਫ ਵਟਸਐਪ ਉੱਪਰ ਹੀ ਵਾਇਓਡਾਟਾ ਭੇਜਿਆ ਜਾਵੇ । ਵਟਸਐਪ: 403 680 0436 ******

## ਲੜਕੀ ਦੀ ਲੋੜ

ਕਨੇਡੀਅਨ ਬੌਰਨ,ਜੱਟ ਸਿੱਖ ਪਰਿਵਾਰ ਦੇ ਕੈਲਗਰੀ ਰਹਿੰਦੇ ਨਾਨ ਡਰਿੰਕਰ, ਲੜਕੇ ਉਮਰ 32 ਸਾਲ, ਕੱਦ 5 ਫੁੱਟ 10 ਇੰਚ, ਵਿਦਿਅਕ ਯੋਗਤਾ: ਕਨੇਡੀਅਨ ਯੂਨੀਵਰਿਸਟੀ ਤੋਂ ਬਿਜਨਿਸ ਐਡਮਨਿਸਟ੍ਰੇਸ਼ਨ ਬੈਚੂਲਰ ਡਿਗਰੀ, ਸਾਫਟਵੇਅਰ ਡਿਵੈਲਪਮੈਂਟ ਕੰਪਨੀ ਨਾਲ ਟੋਟਲ ਰੀਵਾਰਡਜ਼ ਮੈਨੇਜਰ ਦੀ ਜੌਬ ਕਰਦੇ ਲਈ ਹਾਣ ਪ੍ਰਵਾਣ ਦੀ ਯੋਗਤਾ ਵਾਲੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਲੜਕੇ ਦਾ ਆਪਣਾ ਈ ਕਾਮਰਸ ਬਿਜਨਿਸ ਵੀ ਹੈ। ਸੰਪਰਕ: 403 561 6016 ***-***

## ਲੜਕੀ ਦੀ ਲੋੜ

ਕਨੇਡੀਅਨ ਬੌਰਨ ਜੱਟ ਸਿੱਖ ਸੰਧੂ ਪਰਿਵਾਰ ਦੇ ਤਲਾਕਸ਼ੁਦਾ ਲੜਕੇ ਉਮਰ 43 ਸਾਲ, ਕੱਦ 5 ਫੁੱਟ 10 ਇੰਚ, ਲਈ ਹਾਣ ਪ੍ਰਵਾਣ ਦੀ ਉਮਰ ਦੀ ਲੜਕੀ ਦੇ ਰਿਸ਼ਤੇ ਦੀ ਲੋੜ ਹੈ। ਵਰਕ ਪਰਮਿਟ ਵਾਲੀ ਜਾਂ ਬਿਨਾ ਬੱਚੇ ਤੋਂ ਤਲਾਕਸ਼ੁਦਾ ਵੀ ਸੰਪਰਕ ਕਰ ਸਕਦੀ ਹੈ। ਸੰਪਰਕ: 1 403 826 8245 *** ***

## ਲੜਕੇ ਦੀ ਲੋੜ

Jatt Sikh family seek a suitable match for their 5ft. 8inch / 32 years old daughter. She is an Engineering Graduate from Canadian University and working as a Professional Engineer (P. Eng.) within a reputed company. Boy should be born or raised in Canada. Seeking Canadian University Educated Doctor, Engineer, Lawyer, and Accountant. Contact: (403) 828 7973 or acheema8811@gmail.com. Only Jatt Sikh families contact. ***000***

## Need Office Administrator

**We need Office administrator person for our Calgary Office. who speaks good English, must have driver license, good wages,we will give training also!**
**Contact : Kam Khamba**
**@403-975-0128**

# ਕਲਮੀ ਸੱਥ

## ਜੰਨ ਦਿੱਤੀ ਬੰਨ ਜੀ,...

ਐਸੇ ਰੰਗ ਰਾਗ ਦੇ ਦਿਨ ਔਣ ਯਾਰੋ ਜਿਸ ਤਰਾਂ ਅੱਜ ਦਾ ਦਿਹਾੜਾ ਭਾਰੀ ਬਾਹਲਾ ਹੈ
ਜਾਨੀ ਛੱਬ ਪੌਣ ਫੁੱਲ ਖਿੜੇ ਜਿਉਂ ਬਗੀਚੇ ਵਿੱਚ ਤਾਰੇਆ ਚ ਚੰਦ ਵਿਆਂਦੜ ਤੇ ਸਰਬਾਲਾ ਹੈ
ਕੱਪੜੇ ਅਜੀਬ ਕੰਠੇ ਜੋੜੀਆਂ ਤੁੰਗਲ ਕੜੇ ਛਾਪਾਂ ਤੇ ਜੰਜੀਰੀਆਂ,
ਗਲਾਂ ਦੇ ਵਿੱਚ ਮਾਲਾ ਹੈ
ਲੈਚੀਆਂ ਚਬਣ ਤੇ ਹਸਾਉਣ ਕੋਈ ਕੁੰਢਾਂ ਸਿੰਘ
... ਕੋਈ ਤਾਂ ਸ਼ਰਾਬ ਪੀਕੇ ਹੋਇਆ ਮਤਬਾਲਾ ਹੈ
ਦਿਆਲੋ ਨਾਰ ਖੜਕੇ - ਨਿਹਾਲੋ ਕੰਨੇ ਚੜਕੇ
... ਪਾਲੋ ਬਾਂਹ ਫੜਕੇ ...ਬਹਾਵੇ ਝੱਟ ਕੋਲ ਜੀ
ਭੁਲਾਕੇ ਸਰਮ ਜੀ -ਹੋਕੇ ਗਰਮ ਜੀ - ਮੰਨ ਕੇ ਧਰਮ ਜੀ..
ਸਰੀਕੇ ਕੱਢਣ ਸੋਹਣੇ ਬੋਲ ਜੀ
ਪਿੜਾਂ ਚ ਬਗਾਰੀ -ਜੂਆ ਜਿੱਤ ਕੇ ਜੁਹਾਰੀ- ਵਿਆਹ ਦੇ ਵਿੱਚ ਨਾਰੀ
....ਤਿੰਨੇ ਕਰਨ ਕਲੋਲ ਜੀ
ਸਦਕੇ ਤੇ ਜੰਨ ਜੀ , ਜੰਨ ਦਿੱਤੀ ਬੰਨ ਜੀ,... ਸਰੋਤ ਪਈ ਕੰਨ ਜੀ
...ਤੇ ਜਾਨੀ ਰਹੇ ਡੋਲ ਜੀ

**ਕਬਿੱਤ**

ਆਦਰ ਦੇ ਨਾਲ ਪਹਿਲਾਂ ਸੱਦਕੇ ਤੇ ਜਾਨੀਆਂ ਨੂੰ .
..ਸਿਆਣੇਆ ਦਾ ਕੰਮ ਕਰੇ ਆਦਰ ਨਾਂ ਭੰਗ ਨੀਂ
ਜਾਨੀ ਦਾ ਅਰਥ ਪਿਆਰੇ ਦੋਸਤੀ ਨੂੰ ਆਖਦੇ ਨੇਂ
...ਕਹਿਕੇ ਮੁੱਖੋਂ ਜਾਨੀ ਹੁਣ ਕਰਨੈਂ ਕੀ ਜੰਗ ਨੀ
ਫੁੱਲਾਂ ਵਾਲੀ ਆਬ ਹੁੰਦੀ ਜਾਨੀਆਂ ਦੀ ਜਾਨ ਮੇਰੀ
... ਹੱਥਾਂ ਵਿੱਚ ਫੜਿਆ ਦੇ ਉੱਡ ਜਾਣ ਰੰਗ ਨੀਂ
ਭੁੱਖੇ ਅਸੀਂ ਪਰੇਮ ਦੇ ਹਾਂ ਦਰਸਨਾਂ ਦੇ ਪਿਆਸੇ ਨੈਣ
... ਕੁੰਢਾਂ ਸਿੰਘ ਸੀਰਨੀ ਤੇ ਟੱਪਣਾਂ ਨੀ ਡੰਗ ਨੀਂ

**ਦੋਹਾ**

ਸਿਆਣੀ ਤੂੰ ਅਖਵਾਵਦੀਂ ਇਹ ਕੀ ਕੀਤੀ ਮੱਤ
--ਭਲੀਏ ਘਰੇ ਬੁਲਾਇ ਕੇ ਲੱਗੀ ਉਤਾਰਨ ਪੱਤ

**ਕੋਰੜਾ ਛੰਦ**

ਸੁਣਲੈ ਰਕਾਨੇ ਕੀ ਤਰਾਨੇ ਮਾਰਦੀ ..ਪੁੱਠੀ ਗੀਤ ਤੋਰੀ ਸੰਸਾਰ ਦੀ
ਐਸ ਤਰਾਂ ਕੀਤੇ ਭਲਾਂ ਕਿਵੇਂ ਸਰਨਾਂ ...ਚੁੱਪ ਕੀਤਿਆਂ ਤੋਂ ਨਹੀਂ ਡੰਗ ਸਰਨਾਂ --
ਦੇਖਣੇ ਦੇ ਵਿੱਚ ਸੀ ਤੂੰ ਬਾਰਾਂ ਬੰਨੀ ਦੀ - ਸਖੀਆਂ ਦੇ ਵਿੱਚ ਸੀ ਸਿਆਣੀ ਮੰਨੀਂ ਦੀ
ਦੇਖਣੇ ਦੇ ਵਿੱਚ ਸੀ ਨਰਮ ਲੱਗਦੀ.... ਹੋਕੇ ਬਹਿਗੀ ਗੋਰੀਏ ਤੂੰ ਲਾਟ ਅੱਗ ਦੀ
ਜਿਵੇਂ ਤੈਨੂੰ ਰੰਗ ਰੂਪ ਦਿੱਤਾ ਰਾਮ ਨੇ.... ਦਿੱਤੀ ਨਾਂ ਅਕਲ ਥੋੜੀ ਰਹਿਗੀ ਜਾਮਣੇ
ਬੋਲੀ ਜਦੋਂ ਤੂੰ ਦੇਤੀ ਭਾਡੇਂ ਨੇ ਅਵਾਜ ਨੀਂ ...ਖੁੱਲ ਗਿਆ ਮੁਲੰਮੇ ਵਾਲਾ ਤੇਰਾ ਪਾਜ ਨੀਂ
ਤੇਰੇ ਵਿੱਚ ਤਿੰਨ ਕਾਣੇ ਹੈਨੀਂ ਮੱਤ ਦੇ... ਬੈਠੀ ਰਹਿ ਜਿਹੋ ਜਿਹੀ ਤੂੰ ਹੈ ਨਾਲ ਪੱਤ ਦੇ
ਬਣਦੀ ਚਲਾਕ ਕੋਈ ਕਰ ਗਲ ਨੀਂ.... ਬੱਝਦੇ ਕਿਸੇ ਤੋਂ ਕੋਈ ਅੰਨ ਜਲ ਨੀਂ
ਜਿੰਨਾਂ ਚਿਰ ਅੰਨ ਜਲ ਦੀ ਪਰਾਣੀ ਹੈ.... ਰੋਟੀ ਕੌਣ ਬੰਨ ਦੇਊ ਨੀਂ ਤੂੰ ਆਪ ਖਾਣੀ ਹੈ
ਮੰਤਰ ਕੀ ਨੇਂ ਤੇਰੇ ਕੋਲ ਦੱਸ ਬੋਲਕੇ... ਪਸ਼ੂ ਤਾਂਨੀਂ ਕੋਈ ਬੰਨ ਦੇਂਗੀ ਖੋਲਕੇ
ਸੱਪ ਤੇਰੇ ਕੋਲ ਜੋਗੀ ਮੈਂ ਛੁਡਾ ਦਿਆਂ... ਫੇਰ ਤੈਨੂੰ ਮੰਤਰ ਪੜਨ ਲਾ ਦਿਆਂ
ਜਾਂ ਤਾਂ ਬੰਨ ਲਈ .. ਨਹੀਂ ਖਾਜੂ ਸੱਪ ਨੀਂ ..ਫੇਰ ਤੇਰਾ ਹੋਜੂਗਾ ਜਾਹਰ ਗੱਪ ਨੀਂ
ਨਿਗਾਹ ਨਾਲ ਬੱਝ ਦੀ ਨਾਂ ਕੋਈ ਚੀਜ ਨੀਂ... ਤੈਨੂੰ ਏਸ ਗਲ ਦੀ ਤਮੀਜ ਨੀਂ
ਸੂਰਜ ਨੂੰ ਬੰਨ ਦੇ ਨਾਂ ਜਾਵੇ ਛਿਪ ਨੀਂ ..ਨਹੀਂ ਐਵੇਂ ਕਰਦੀ ਕਿਉਂ ਲਿੱਪ ਲਿੱਪ ਨੀਂ
ਬੰਨ ਦੇ ਹਵਾ ਨੂੰ ਨਾਂ ਚਲਣ ਨੇਰੀਆਂ ...ਮੈਲੀਆਂ ਨਾਂ ਹੋਣ ਨੀ ਪੁਸ਼ਾਕਾਂ ਤੇਰੀਆਂ
ਪਾਲਾ ਬੰਨਿਆਂ ਨਾਂ ਸਿਆਲ ਦੇ ਮਹੀਨੇ ਨੀ ..ਪਹਿਨਦੀ ਕਿਉਂ ਕਸਮੀਰੇ ਪਸ਼ਮੀਨੇ ਨੀਂ
ਭਲਾ ਐ ਜੰਨ ਦਾ ਕੀ ਦਿੱਤਾ ਬੰਨ ਨੀਂ.... ਤੇਰਾ ਸਾਡਾ ਕੈ ਕਦਮਾਂ ਦਾ ਸੰਨ ਨੀਂ
ਬੰਨਣੇ ਨੂੰ ਜੰਨ ਕਿਹੜਾ ਸਿੰਗ ਮਾਰਦੀ ..,ਹੀਣੀ ਮੱਤ ਤਾਂਹੀਉ ਆਖਦੇ ਨੇ ਨਾਰ ਦੀ
ਕਈ ਚੀਜਾਂ ਸੋਹਣੀਆਂ ਲੱਗਣ ਬੰਨੀਆਂ ...ਥੋਡੀਆਂ ਨੇ ਗੱਲਾਂ ਮੈਂ ਅਜੀਬ ਮੰਨੀਆਂ
ਜੰਨ ਵਿੱਚ ਚੀਜਾਂ ਜੋ ਆਣ ਕਾਮ ਨੀ... ਬੰਨ ਕੇ ਲਿਆਦੀਆਂ ਤਮਾਮ ਨੀਂ
ਸਾਫੇ ਬੰਨੇਂ ਬਿਨਾਂ ਬੁਰੇ ਲੱਗਦੇ ...ਬੰਨੇ ਬਿਨਾਂ ਘਰ ਤੁਰਦੇ ਨੀਂ ਜੱਗਦੇ
ਬੰਨੇ ਬਿਨਾਂ ਬੰਨੀਂ ਦਾ ਨਾਂ ਪੈਣਾਂ ਮੁੱਲ ਨੀਂ ..ਬੰਨੀਂ ਸੋਹਣੀ ਲੱਗਦੀ ਹੈ ਚੀਜ ਕੁੱਲ ਨੀਂ
ਬੰਨੇ ਭੋਥੇ ਧੋਤੀਆਂ ਸਜੌਣ ਵਾਸਤੇ ..ਖੋਹਲ ਦੇਈਏ ਕਹਿੰਦੀਉ ਜੇ ਜਾਸਤੇ
ਬੰਨਿਆਂ ਤੇਰਾ ਹੈ ਚੂੜਾ ਤੇਰਾ ਸਣੇ ਪੱਟੀਆ ....ਰੰਡੀਆਂ ਦਾ ਖੁੱਲੇਆ ਜੋ ਦੁੱਖਾਂ ਨੇ ਫੱਟੀਆਂ
ਬੰਨੇਆ ਹੈ ਨਾਲਾ ਤੇਰਾ ਪੋਠੋਹਾਰ ਦਾ ....ਖੋਲੂ ਕੋਈ ਭਾਗਾਂ ਵਾਲਾ ਡਰ ਮਾਰਦਾ
ਚਿੱਤ ਮੇਰਾ ਹੋਰ ਕਾਸੇ ਨੂੰ ਬੀ ਕਰਦਾ... ਬੋਲਕੇ ਕਹਾਂ ਨਾਂ ਛਿੱਤਰਾਂ ਤੋਂ ਡਰਦਾ
ਕਹੇ ਕੁੰਢਾਂ ਸਿੰਘ ਮੈਥੋਂ ਮਾਫੀ ਮੰਗ ਨੀਂ ...ਨਹੀਂ ਤੇਰੇ ਬੰਨ ਦੂੰ ਤਮਾਮ ਅੰਗ ਨੀਂ
ਵਿਆਹੁਲੇ ਸਮੇਤ ਛੁਡਾ ਲਈ ਸਾਰੀ ਜੰਨ ਤਮੀਮ
ਤੁਸੀਂ ਸਾਰੀਆਂ ਬੰਨੀਆਂ ਇਹ ਅਕਲ ਦਾ ਕੀਮ

**ਸਵਰਗਵਾਸੀ ਕੁੰਢਾ ਸਿੰਘ**
**ਕਵੀਸਰ ਪੱਖੋਕਲਾਂ 1930 ਤੋਂ 1968**



ਅਨੁਵਾਦਕ ਤੇ ਪੇਸ਼ਕਸ਼
**ਗੁਰਚਰਨ ਪੱਖੋਕਲਾਂ**
ਫੋਨ 9417727245

## ਪਰਮਿੰਦਰ ਰਮਨ ਢੁੱਡੀਕੇ ਦੀਆਂ ਕਾਵਿ ਰਚਨਾਵਾਂ

### ਢੱਗੇ

ਮਸਲਾ ਤਾਂ ਇਹ ਹੈ ਹੀ ਨਹੀਂ
ਮਸਲਾ ਤੇ ਸੋਚ ਉਧਾਲ ਲੈਣ ਦਾ ਹੈ
ਸੋਚ ਜੋ ਦੁਖੀਆ ਵਾਰੇ ਐ
ਹੱਕ ਸੱਚ ਬਾਰੇ ਐ
ਬੇਰੁਜ਼ਗਾਰੀ ਵਾਰੇ ਐ
ਜਾਤ-ਪਾਤ ਦੀ ਬਿਮਾਰੀ ਬਾਰੇ ਐ
ਸੰਤਾਲੀ ਤੇ ਚੁਰਾਸੀ ਵਾਰੇ ਐ
ਭਗਤ ਸਿੰਘ ਦੀ ਫਾਂਸੀ ਵਾਰੇ ਐ
ਨਾਨਕ ਦੀ ਉਦਾਸੀ ਵਾਰੇ ਐ
ਇਨ੍ਹਾਂ ਦੇ ਤਾਂ ਵਾਰੇ ਨਿਆਰੇ ਐ
ਇਨ੍ਹਾਂ ਨੂੰ ਤਾਂ ਰੋਟੀਆਂ ਸੇਕਣ ਦਾ ਐ
ਸਿਵਿਆਂ ਦੀ ਰਾਖ ਤੇ ਵੀ ਪਕਾਉਂਦੇ ਰਹੇ ਹਨ
ਭੋਗਾਂ ਪਾਠਾਂ ਤੇ ਵੀ
ਮਜ਼ਮੇ ਲਾਉਂਦੇ ਰਹੇ ਹਨ
ਝੂਠੀਆਂ ਅਰਦਾਸਾਂ ਨਾਲ ਭਰਮਾਉਂਦੇ ਰਹੇ ਹਨ
ਤੁਸੀਂ ਹਰ ਵਾਰ ਜਾਦੇ ਰਹੇ ਠੱਗੇਂ
ਧਰਮਸਥਾਨ ਇਨ੍ਹਾਂ ਲਈ ਅੱਡੇ
ਜਾਗ ਜਾਓ
ਕਦੋਂ ਤੱਕ ਬਣੇ ਰਹੋਗੇ ਢੱਗੇ
ਇੱਕ ਹੋ ਜਾਓ
ਕਦੋਂ ਤੱਕ ਬਣੇ ਰਹੋਗੇ ਢੱਗੇ

### ਬੇਅਦਬ

ਪੱਗ
ਘਰ 'ਚ ਵੰਗਾਂ ਦੇ ਛਣਕਣ ਤੋਂ ਡਰਦੀ ਹੈ
ਕੋਠਿਆਂ ਤੇ ਛਣਕਦੀ ਪਜੇਬ ਲਈ
ਵਾਹ ਵਾਹ ਕਰਦੀ ਹੈ
ਸਿਰ ਤੋਂ ਲਹਿ ਜਾਵੇ ਜੇ ਚੁੰਨੀ
ਮੁੱਛ ਜਾਵੇ ਮੁੰਨੀ
ਆਪ ਗਾਉਂਦਾ ਹੈ
ਗਲੀਆਂ ਵਿੱਚ ਮਿਰਜ਼ਾ ਯਾਰ ਫਿਰੇ
ਦੁਨੀਆ ਹੋ ਜਾਏ ਸੁੰਨੀ
ਹੱਸਣ ਤੇ ਮੁਸਕਰਾਉਣ ਤੇ
ਪੈਲਾਂ ਪਾਉਣ ਤੇ
ਉਹ ਹਮਲਾ ਸਮਝਦਾ ਧੌਣ ਤੇ
ਕੁੱਖ ਰਾਹੀਂ ਦੁਨੀਆਂ ਉੱਤੇ ਆਉਣ ਤੇ
ਲੱਖ ਲਾਹਨਤ ਤੇਰੇ ਜਿਉਣ ਤੇ
ਆਟਾ ਪਾਉਂਦਾ ਕੀੜੀਆਂ ਦੇ ਭੌਣ ਤੇ
ਪਰ ਇਤਰਾਜ਼ ਹੈ ਉਸਦੇ ਜਿਉਣ ਤੇ
ਉਸ ਵਾਜਾਂ ਨੂੰ ਮਾਤ ਦਿੱਤੀ
ਪਰ ਉਹ ਚਿੜੀ ਹੀ ਰਹੀ
ਤੂੰ ਬੇਦਾਵੇ ਦੇ ਕੀ ਵੀ
ਬੇਅਦਬ ਨਾ ਹੋਇਆ

### ਸਿਰਨਾਵਾਂ

ਨਿੱਕੀ ਨਿੱਕੀ ਗੱਲ ਉੱਤੇ ਜਿੱਥੇ
ਭਟਕ ਜਾਂਦੀਆਂ ਭਾਵਨਾਵਾਂ
ਡੁਸਕਣ ਸਦੀਆਂ ਤੋਂ ਉੱਥੇ
ਭੈਣਾਂ ਧੀਆਂ ਮਾਵਾਂ
ਬਲਾਤਕਾਰਾਂ,ਲੁਟੇਰਿਆਂ
ਲੱਠ ਮਾਰਾਂ ਨੂੰ ਹੁੰਦੀਆਂ ਹੱਥੀਂ ਛਾਵਾਂ
ਰਾਮ ਦੇ ਮੰਦਰ
ਨਾਨਕ ਦੇ ਗੁਰਦੁਆਰੇ
ਮਸਜਿਦਾਂ ਗਿਰਜੇ ਪਏ ਉਸਾਰੇ
ਕਾਂ ਕਾਂ ਨੇ ਮੱਲੀਆਂ ਥਾਵਾਂ
ਅੱਤਵਾਦੀ ਵੱਖਵਾਦੀ ਦਾ ਰੌਲਾ ਪਾਉਂਦੀਆਂ
ਫੇਲ੍ਹ ਹੋਈਆਂ ਸਭ ਸਰਕਾਰਾਂ
ਰਾਜਾ ਰਾਣੀਆਂ ਮੀਣੇ ਮੀਣੀਆਂ
ਯੋਜਨਾਵਾਂ ਹਾਸੋਹੀਣੀਆਂ
ਚਾਲਾਂ ਚੱਲਣ ਕਮੀਨੀਆਂ
ਇੰਝ ਹੀ ਰਿਹਾ ਤਾਂ
ਬਾਰਾਂ ਕੋਹ ਤੇ ਜਗੇਗਾ ਦੀਵਾ
ਬੰਦਾ ਦਿਸੇਗਾ ਟਾਵਾਂ ਟਾਵਾਂ
ਚਿੱਠੀਆਂ ਕਿਧਰ ਨੂੰ ਪਾਵਾਂ
ਗੁਆਚ ਗਿਆ ਸਿਰਨਾਵਾਂ
ਉੱਠੋ ਜਾਗੋ ਓਏ ਹੋਸ਼ ਕਰੋ
ਹਲੂਣ ਹਲੂਣ ਜਗਾਵਾਂ

### ਖਾਲੀ ਛਾਬੇ

ਜਾਨਾਂ ਵਾਰ ਗਏ ਗਦਰੀ ਬਾਬੇ
ਜੰਮਣੋਂ ਹਟ ਗਏ ਭਗਤ ਸਰਾਭੇ
ਜਾਨਾਂ ਵਾਰ ਗਏ ਗਦਰੀ ਬਾਬੇ
ਲਾਈਏ ਬੁੱਤ
ਤੇ ਪਾਈਏ ਹਾਰ
ਕਦੇ ਹੋਏ ਨਾ ਸ਼ਰਮਸਾਰ
ਪੱਗਾਂ ਬਣਾ ਲਈਆਂ ਸ਼ਿੰਗਾਰ
ਮੁੱਛਾਂ ਮਾੜਿਆਂ ਨੂੰ ਮਾਰਨ ਦਾਬੇ
ਜਾਨਾਂ ਵਾਰ ਗਏ ਗਦਰੀ ਬਾਬੇ
ਜੰਮਣੋਂ ਹਟ ਗਏ ਭਗਤ ਸਰਾਭੇ
ਬਾਣੀ ਦਿੱਤੀ ਹੈ ਵਿਸਾਰ
ਛੱਡ ਤੀ ਦਸਾ ਨੌਂਹਾ ਦੀ ਕਾਰ
ਲੁੱਟ ਖੋਹਾਂ ਬਣਾ ਲਏ ਵਪਾਰ
ਉੱਤੋਂ ਚੁਣ ਲਏ ਲੀਡਰ ਡਾਢੇ
ਜਾਨਾਂ ਵਾਰ ਗਏ ਗਦਰੀ ਬਾਬੇ
ਜੰਮਣੋਂ ਹਟ ਗਏ ਭਗਤ ਸਰਾਭੇ
ਸਾਧ ਸੰਤ ਤੇ ਮਹੰਤ
ਪਾਠ ਕਰ ਲਿਆ ਉਨ੍ਹਾਂ ਕੰਠ
ਮਾਇਆ ਚੜ੍ਹਦੀ ਹੈ ਬੇਅੰਤ
ਇਨ੍ਹਾਂ ਦੇ ਢੰਗੇ
ਨਾ ਆਉਦੇ ਤਾਂਬੇ
ਜਾਨਾਂ ਵਾਰ ਗਏ ਗਦਰੀ ਬਾਬੇ
ਜੰਮਣੋਂ ਹਟ ਗਏ ਭਗਤ ਸਰਾਭੇ
ਮੇਲੇ ਗਦਰੀਆਂ ਦੇ ਲਾਉਂਦੇ
ਖੁੱਲ੍ਹੇ ਅਖਾੜੇ ਵੀ ਲਗਾਉਂਦੇ
ਸ਼ੋਹਰਤ ਨਾਲੇ ਨਾਮ ਕਮਾਉਂਦੇ
ਸਾਲ ਭਰ ਤੁਰੇ ਰਹਿਣ ਵੱਲ ਕਾਂਬੇ
ਜਾਨਾਂ ਵਾਰ ਗਏ ਗਦਰੀ ਬਾਬੇ
ਜੰਮਣੋਂ ਹਟ ਗਏ ਭਗਤ ਸਰਾਭੇ
ਛੱਡ ਕੇ ਹਾਸੇ ਠੱਠੇ
ਪਹਿਨੀਂ ਏ ਲੱਠੇ
ਹੋਈਏ ਇਕੱਠੇ
ਬੰਦ ਕਰੀਏ
ਆਪਸ ਵਿੱਚਲੇ ਸ਼ੋਰ ਸ਼ਰਾਬੇ
ਜਾਨਾਂ ਵਾਰ ਗਏ ਗਦਰੀ ਬਾਬੇ
ਜੰਮਣੋਂ ਹਟ ਗਏ ਭਗਤ ਸਰਾਭੇ
ਸੱਚੀਂ ਹੋਵੇ ਜੇ ਜੈ ਜੈ ਕਾਰ
ਛੱਡਣਾ ਪੈਂਦਾ ਹੈ ਘਰ ਵਾਰ
ਜਾਲਮ ਕਿੰਨੀ ਹੋਵੇ ਸਰਕਾਰ
ਜੇ ਬੰਨ ਕੇ ਤੁਰ ਪਏ ਡਾਰ
ਭਲੀ ਕਰੇਗਾ ਕਰਤਾਰ
ਕਹਿ ਗਏ ਪੀਰ ਪੈਗੰਬਰ ਬਾਬੇ
ਜਾਨਾਂ ਵਾਰ ਗਏ ਗਦਰੀ ਬਾਬੇ
ਜੰਮਣੋਂ ਹਟੇ ਨਹੀਂ ਭਗਤ ਸਰਾਭੇ
ਜੰਮਣੋਂ ਹਟੇ ਨਹੀਂ ਭਗਤ ਸਰਾਭੇ
ਇਨਕਲਾਬ ਜਿੰਦਾਬਾਦ
ਜਿੰਦਾਬਾਦ ਗਦਰੀ ਬਾਬੇ

### ਕਵਿਤਾ ਦੇ ਰੂਪ

ਕਵਿਤਾ ਸੁਨੇਹਾ ਹੈ
ਕਵਿਤਾ ਗੱਲ ਹੈ
ਕਵਿਤਾ ਸੋਚ ਹੈ
ਕਵਿਤਾ ਲੋਕ ਹੈ
ਕਵਿਤਾ ਪੀੜ ਹੈ
ਕਵਿਤਾ ਭੀੜ ਹੈ
ਕਵਿਤਾ ਅਰਥਾਂ ਦੀ ਰੀਢ ਹੈ
ਕਵਿਤਾ ਦਰਦ ਹੈ
ਕਵਿਤਾ ਦਵਾ ਹੈ
ਕਵਿਤਾ ਤਰਲਾ ਨਹੀਂ
ਕਵਿਤਾ ਦੁਆ ਹੈ
ਕਵਿਤਾ ਚੁੱਪ ਦਾ ਸੰਵਾਦ ਹੈ
ਕਵਿਤਾ ਇਸ਼ਕ ਦਾ ਸੁਆਦ ਹੈ
ਕਵਿਤਾ ਸਾਜ਼ ਹੈ
ਕਵਿਤਾ ਸ਼ੋਰ ਹੈ
ਕਵਿਤਾ ਪੈਲ ਹੈ
ਕਵਿਤਾ ਮੋਰ ਹੈ
ਕਵਿਤਾ ਮਟਕ ਹੈ
ਕਵਿਤਾ ਤੋਰ ਹੈ
ਕਵਿਤਾ ਹੋਸ਼ ਭੁਲਾ ਦੇਵੇ
ਕਵਿਤਾ ਸਕਦੀ ਝੰਜੋੜ ਹੈ
ਕਵਿਤਾ ਫ਼ਰੀਦ
ਕਵਿਤਾ ਬੁਲਾ ਹੈ
ਕਵਿਤਾ ਮਜ਼ਦੂਰ ਦਾ ਤਪਦਾ ਚੁੱਲ੍ਹਾ ਹੈ
ਕਵਿਤਾ ਬਜ਼ੁਰਗ ਦਾ ਘਰੇ ਹੋਣਾ ਬੂਹਾ ਖੁੱਲ੍ਹਾ ਹੈ
ਕਵਿਤਾ ਬਾਣੀ ਹੈ
ਕਵਿਤਾ ਦੀ ਮੌਜ ਜਿੰਨਾ ਨੇ ਮਾਣੀ ਹੈ
ਕਵਿਤਾ ਉਨ੍ਹਾਂ ਦੀ ਹਾਣੀ ਐ
ਕਵਿਤਾ ਝਰਨਾ ਹੈ
ਕਵਿਤਾ ਨਦੀ ਹੈ
ਕਵਿਤਾ ਉਹ ਨੇਕੀ ਹੈ
ਕੰਬਦੀ ਜਿਸ ਤੋਂ ਵਦੀ ਹੈ
ਕਵਿਤਾ ਬੁੱਕਲ਼ ਹੈ
ਕਵਿਤਾ ਮੋਢਾ ਹੈ
ਕਵਿਤਾ ਕਰੇ ਨਿਤਾਰਾ
ਕਵਿਤਾ ਦੱਸੇ ਕੌਣ ਦੁਸ਼ਮਣ ਸੋਡਾ ਹੈ
ਕਵਿਤਾ ਪਗ-ਡੰਡੀ
ਕਵਿਤਾ ਮੋੜ ਹੈ
ਕਵਿਤਾ ਤਰਕਾ ਦਾ ਨਿਚੋੜ ਹੈ
ਕਵਿਤਾ ਬੁੱਢਾ ਤੇ ਨਿਆਣਾ ਹੈ
ਕਵਿਤਾ ਚਿੜੀ ਦੀ ਚੁੰਝ ਵਿੱਚ ਦਾਣਾ ਹੈ
ਕਵਿਤਾ ਸੁਣਨੀ ਤੇ ਹੰਢਾਉਣੀ ਜੇ ਆ ਜਾਵੇ
ਕਵਿਤਾ ਹਰ ਸਮੱਸਿਆ ਦਾ ਤੋੜ ਹੈ
ਕਵਿਤਾ ਹਰ ਟੁੱਟ ਭੱਜ ਦੀ ਜੋੜ ਹੈ

### ਚੁੱਪ

ਕੁੱਝ ਸਮੁੰਦਰ ਨੂੰ ਦੇਖਦੇ ਹਨ
ਕੁੱਝ ਨਿਹਾਰ ਦੇ ਹਨ
ਵਿਰਲੇ ਹੀ ਹੁੰਦੇ ਹਨ ਨਾਨਕ
ਜੋ ਟੁੰਬੀ ਮਾਰਦੇ ਹਨ
ਬਾਹਰ ਆ ਜੁਪਜੀ ਉਚਾਰ ਦੇ ਹਨ
ਤਦਾਦ ਹੁਣ ਦੇਖਣ ਵਾਲ਼ਿਆਂ ਦੀ ਹੈ
ਭੀੜ ਨਿਹਾਰਨ ਵਾਲ਼ਿਆਂ ਦੀ ਹੈ
ਸ਼ੋਰਗੁਲ ਸਾਰਿਆ ਦਾ ਹੈ
ਨਾਨਕ ਚੁੱਪ ਹਨ!
ਨਾਨਕ ਚੁੱਪ ਹਨ!
ਲਲਕਾਰ ਤੇ ਅੱਜ ਕੱਲ
ਸਿਰ ਨਹੀਂ ਉਠਦੇ
ਹੁਣ ਉਠਦੇ ਨੇ ਲੀਡਰ
ਹੁਣ ਬਣਦੇ ਨਹੀਂ
ਸਜਦੇ ਨੇ ਪੰਜ ਪਿਆਰੇ
ਤੁਹਾਡੀਆਂ ਭਾਵਨਾਵਾਂ
ਨਾਲ ਖੇਡਦੇ ਹਨ
ਤੁਹਾਡੇ ਵਿਸ਼ਵਾਸ ਦਾ ਘਾਤ ਹੁੰਦਾ
ਤੁਹਾਡੇ ਹੱਕ ਦਾ ਸਰਬਨਾਸ ਹੰਦਾ
ਤਲਵਾਰ ਚੁੱਪ ਹੈ?
ਤਲਵਾਰ ਚੁੱਪ ਹੈ?
ਵਿਦਾਵੇ ਲਿਖਵਾਏ ਜਾਂਦੇ ਹਨ
ਧੌਂਸ ਨਾਲ ਰੋਹਬ ਨਾਲ
ਕੀਤਾ ਜਾਂਦਾ ਨਿਰਾਦਰ
ਸ਼ਰੇਆਮ ਮਾਈ ਭਾਗੋ ਦਾ
ਜਲਾ ਦਿੱਤਾ ਜਾਂਦਾ ਹੈ ਜ਼ਿੰਦਾ
ਜਗਤ ਜੰਨਨੀ ਨੂੰ
ਮਾਨਸ ਕੀ ਜਾਤ ਸਭੋ
ਏਕ ਪਹਿਚਾਨਵੋ ਨੂੰ
ਲੜਾ ਦਿੱਤਾ ਜਾਂਦਾ ਹੈ
ਧਰਮਾਂ ਜ਼ਾਤਾਂ ਦੇ ਨਾ ਤੇ
ਵਰਤਮਾਨ ਚੁੱਪ ਹੈ।
ਵਰਤਮਾਨ ਚੁੱਪ ਹੈ॥



**ਪਰਮਿੰਦਰ ਰਮਨ**
403 970 8939




# ਕਦੇ ਕੱਲੀ ਬਹਿਕੇ ਸੋਚੀਂ ਨੀਂ, ਅਸੀਂ ਕੀ ਨੀ ਕੀਤਾ ਤੇਰੇ ਲਈ



ਜਸਬੀਰ ਗੁਣਾਚੌਰ

ਨਵਾਂ ਸ਼ਹਿਰ ਜਿਲ੍ਹੇ ਦਾ ਪਿੰਡ #ਗੁਣਾਚੌਰ ਜਿਸਦਾ ਸੰਗੀਤ ਨਾਲ ਪੁਰਾਣਾ ਵਾਸਤਾ ਐ। ਪੰਜਾਬੀ ਦੇ ਸਭ ਤੋਂ ਵੱਡੇ ਸੰਗੀਤਕਾਰ ਬਾਬਾ ਗੁਲਾਮ ਅਹਿਮਦ ਚਿਸ਼ਤੀ ਸਾਹਿਬ, ਜਿਨ੍ਹਾਂ ਨੇ ਵੰਡ ਤੋਂ ਪਹਿਲਾਂ ਬਤੌਰ ਸੰਗੀਤ ਨਿਰਦੇਸ਼ਕ ਵੱਡਾ ਨਾਮਣਾ ਖੱਟਿਆ ਤੇ ਵੰਡ ਉਪਰੰਤ ਪਾਕਿਸਤਾਨ ਦੇ ਸਭ ਤੋਂ ਵੱਡੇ ਸੰਗੀਤਕਾਰ ਵੱਜੋਂ ਸਥਾਪਤ ਹੋਏ ਉਹ ਪਿੰਡ ਗੁਣਾਚੌਰ ਦੇ ਹੀ ਜੰਮਪਲ ਸਨ, ਜਿਹਨਾਂ ਨੇ ਭਾਰਤੀ ਸੰਗੀਤ ਨੂੰ ਖਯਾਮ·:ਸਾਹਿਬ ਜਿਹੇ ਸ਼ਾਗਿਰਦ ਬਖਸ਼ੇ ਅਤੇ ਨੂਰ ਜਹਾਂ ਨੂੰ ਸਿਰਫ ਨੌ ਸਾਲਾਂ ਦੀ ਉਮਰ ਵਿੱਚ ਗਵਾਇਆ।ਚੇਤੇ ਰਹੇ ਚਿਸ਼ਤੀ ਸਾਹਿਬ ਬਹੁਤ ਵੱਡੇ ਗੀਤਕਾਰ ਵੀ ਸਨ। ਪਾਕਿਸਤਾਨ ਬਣਨ ਤੋਂ ਬਾਅਦ ਜੋ ਪਹਿਲੇ ਗੀਤ ਰੇਡੀਓ ਲਾਹੌਰ ਤੋਂ ਵੱਜੇ ਜਿਹਨਾਂ ਵਿੱਚ

ਗੱਲ ਸੁਣ ਸੋਹਣੀਏ, ਹਾਏ ਨੀ ਮਨਮੋਹਣੀਏ
ਤੂੰ ਨਹੀਂਓ ਜਾਣਦੀ ਪ੍ਰਦੇਸੀਆਂ ਦੇ ਪਿਆਰ ਨੂੰ
ਅਤੇ
ਮੈਨੂੰ ਰੱਬ ਦੀ ਸੌਹ ਤੇਰੇ ਨਾਲ ਪਿਆਰ ਹੋ ਗਿਆ
ਵੇ ਚੰਨਾ ਸੱਚੀਂ ਮੁੱਚੀਂ

ਬਾਬਾ ਗੁਲਾਬ ਅਹਿਮਦ ਚਿਸ਼ਤੀ ਦੇ ਹੀ ਲਿਖੇ ਅਤੇ ਸੰਗੀਤਬੱਧ ਕੀਤੇ ਹੋਏ ਸਨ।

ਪਿੰਡ ਗੁਣਾਚੌਰ ਦਾ ਰਿਸ਼ਤਾ ਪੰਜਾਬੀ ਸੰਗੀਤ ਨਾਲ ਉਸ ਵੇਲੇ ਹੋਰ ਪੀਡਾ ਹੋ ਗਿਆ ਜਦੋਂ ਪੰਜਾਬ ਦੇ ਸਿਰਮੌਰ ਗੀਤਕਾਰ ਸਮਸ਼ੇਰ ਸੰਧੂ ਸਾਹਿਬ ਇਸੇ ਪਿੰਡ ਵਿਆਹੇ ਗਏ

ਉਸਤੋਂ ਬਾਅਦ ਇੱਕ ਬਿਲਕੁਲ ਨਵੀਂ ਕਲਮ ਨੂੰ ਇਸੇ ਪਿੰਡ ਨੇ ਜਨਮ ਦਿੱਤਾ ਜਿਸਦਾ ਨਾਮ ਐ ਜਸਬੀਰ ਸਿੰਘ ਰਾਇ । ਉਂਜ ਤਾਂ ਜਸਬੀਰ ਦੇ ਮੁਢਲੇ ਗੀਤ ਕੁਲਬੀਰ ਚੰਡੀਗੜ੍ਹ ਅਤੇ ਸੁਖਵਿੰਦਰ ਪੰਛੀ ਦੀ ਆਵਾਜ਼ ਵਿੱਚ ਰਿਕਾਰਡ ਹੋ ਚੁੱਕੇ ਸਨ ਪਰ ਜਦੋਂ ਚਰਨਜੀਤ ਆਹੂਜਾ ਯੁੱਗ ਸ਼ੁਰੂ ਹੋਇਆ ਤਾਂ ਕਈ ਗੀਤਕਾਰ ਪਹਿਲੀ ਕਤਾਰ ਦੇ ਗੀਤਕਾਰਾਂ ਦੀ ਸੂਚੀ ਵਿੱਚ ਸ਼ਾਮਲ ਹੋ ਗਏ ਜਿਹਨਾਂ ਵਿੱਚ ਦਵਿੰਦਰ ਖੰਨੇ ਵਾਲਾ,ਸੰਜੀਵ ਆਨੰਦ,ਵਿਜੇ ਧੰਮੀ,ਜਸਬੀਰ ਸਮੇਤ ਕਈ ਨਾਮ ਲਏ ਜਾ ਸਕਦੇ ਹਨ।

ਚਰਨਜੀਤ ਆਹੂਜਾ ਦੀ ਸੰਗੀਤਬੱਧ ਕੀਤੀ ਹੋਈ ਤੇ ਸਰਦੂਲ ਸਿਕੰਦਰ ਦੀ ਸੁਰੀਲੀ ਆਵਾਜ਼ ਵਿੱਚ ਸਭ ਤੋਂ ਵੱਧ ਮਕਬੂਲ ਹੋਈ ਕੈਸਿਟ
#ਹੁਸਨਾਂ·:ਦੇ·:ਮਾਲਕੋ
ਵਿੱਚ ਜਸਬੀਰ ਦਾ ਲਿਖਿਆ ਤੇ ਸਰਦੂਲ ਦਾ ਗਾਇਆ ਗੀਤ

**ਪਾਰ ਜਾ ਸਮੁੰਦਰੋਂ ਤੋਂ ਡਾਲਰਾਂ 'ਚ ਖੇਲ੍ਹੇ**
**ਰੱਬ ਜਾਣੇਂ ਤੇਰੇ ਕਦੋਂ ਸਾਡੇ ਹੋਣੇ ਮੇਲੇ**
**ਤੈਨੂੰ ਕਰਕੇ ਪਸੰਦ ਕੋਈ ਕਨੇਡੀਆ**
**ਨੀ ਲੈ ਗਿਆ ਸੋਨੇ 'ਚ ਮੜ੍ਹਕੇ**
**ਤੂੰ ਟਿਕਟ ਕਟਾ ਲੀ ਚੋਰੀ ਚੋਰੀ**
**ਤੇ ਤੁਰਗੀ ਜਹਾਜ਼ ਚੜ੍ਹਕੇ**
**ਸਾਡੀ ਜਿੰਦ ਨੂੰ ਵਿਛੋੜੇ ਦਾ ਵਰੋਲਾ**
**ਸ਼ਾਇਰੀ ਵੱਲ ਧੂਹਕੇ ਲੈ ਗਿਆ**
**ਗੁਣਾਚੌਰੀਏ ਤਾਂ ਹੀ ਤਾਂ ਜਸਬੀਰ ਨੂੰ**
**ਬਣਾਉਣਾ ਤੇਰਾ ਗੀਤ ਪੈ ਗਿਆ**
**ਉਹੀ ਤੇਰੀ ਤਸਵੀਰ ਤੇਰੇ ਯਾਰ ਨੇ**
**ਚੁਬਾਰੇ ਵਿੱਚ ਰੱਖੀ ਜੜਕੇ**
**ਤੂੰ ਟਿਕਟ ਕਟਾ ਲੀ ਚੋਰੀ ਚੋਰ**
**ਤੇ ਤੁਰਗੀ ਜਹਾਜ਼ ਚੜ੍ਹਕੇ**

ਜੋ ਜਸਬੀਰ ਆਪਣੇ ਆਪ ਨੂੰ ਰਾਇ ਲਿਖਦਾ ਸੀ ਇਸ ਗੀਤ ਨਾਲ ਉਹ ਰਾਤੋ ਰਾਤ ਜਸਬੀਰ ਗੁਣਾਚੌਰੀਆ ਬਣ ਗਿਆ। ਪਿੰਡ ਗੁਣਾਚੌਰ ਦੀ ਧਰਤੀ ਦਾ ਇੱਕ ਹੋਰ ਬੂਟਾ ਹਰਾ ਹੋ ਗਿਆ। ਇਸਤੋਂ ਬਾਅਦ ਸਰਦੂਲ ਦੀ ਆਵਾਜ਼ ਵਿੱਚ ਜਸਬੀਰ ਦੇ ਗੀਤਾਂ ਦੀ ਝੜੀ ਲੱਗ ਗਈ ਜਿਹਨਾਂ ਵਿੱਚ

**ਸਾਡਿਆਂ ਪਰਾਂ ਤੋਂ ਸਿੱਖੀ ਉੱਡਣਾ**
**ਬਹਿਗੀ ਦੂਰ ਕਿਤੇ ਆਲ੍ਹਣਾ ਬਣਾਕੇ**
**ਤੈਨੂੰ ਵੱਡਿਆਂ ਸ਼ਿਕਾਰੀਆਂ ਨੇ ਮੋਹ ਲਿਆ**
**ਮੋਤੀਆਂ ਦੀ ਚੋਗ ਚੁਗਾਕੇ**

ਗੁਣਾਚੌਰ ਦਾ ਇਹ ਬੂਟਾ ਉਸ ਵੇਲੇ ਘਣਛਾਵਾਂ ਦਰਖਤ ਬਣ ਗਿਆ ਜਦੋਂ ਮਨਮੋਹਨ ਵਾਰਿਸ ਦੀ ਆਵਾਜ਼ ਵਿੱਚ ਉਸਦਾ ਗੀਤ ਹੱਦਾਂ ਬੰਨੇ ਟੱਪ ਗਿਆ ਗੀਤ ਦੇ ਬੋਲ ਸਨ

**ਕਦੇ ਕੱਲੀ ਬਹਿਕੇ ਸੋਚੀਂ ਨੀਂ**
**ਅਸੀਂ ਕੀ ਨੀ ਕੀਤਾ ਤੇਰੇ ਲਈ**

ਅੱਜਕਲ੍ਹ ਜਸਬੀਰ ਕੈਨੇਡਾ ਰਹਿੰਦਾ ਐ ਇੱਕ ਦੋ ਵਾਰ ਸਰਸਰੀ ਜਹੀ ਮੁਲਾਕਾਤ ਵੀ ਹੋਈ ਪਰ ਦਿਲ ਦੀਆਂ ਘੁੰਡੀਆਂ ਖੋਲ੍ਹਣ ਜੋਗਾ ਵਕਤ ਨਹੀਂ ਮਿਲਿਆ ਮੈਂ ਜਸਬੀਰ ਦੇ ਅਨੇਕਾਂ ਗੀਤਾਂ ਦਾ ਜ਼ਿਕਰ ਕਰ ਸਕਦਾ ਹਾਂ ਪਰ ਲਿਖਤ ਲੰਮੀ ਹੋ ਜਾਵੇਗੀ। ਇੱਕ ਗੱਲ ਦਾਅਵੇ ਨਾਲ ਕਹਿ ਸਕਦਾ ਹਾਂ ਕਿ ਜਸਬੀਰ ਗੁਣਾਚੌਰੀਆ ਇੱਕ ਪਾਏਦਾਰ ਗੀਤਕਾਰ ਐ

# ਟੇਢੀ ਪੱਗ ਵਾਲਾ, ਜੀਤ ਕੱਦੋਂ ਕੌਣ ਐ ?



ਜੀਤ ਕੱਦੋ ਵਾਲਾ

1997 ਦੇ ਕਰੀਬ ਫਾਈਨਟੋਨ ਕੰਪਨੀ ਵਿੱਚ ਇੱਕ ਕੈਸਿਟ ਆਈ ਸੀ "ਸਾਥੋਂ ਨਹੀਂ ਨਿੱਭਦੀ" ਗਾਇਕ ਦਾ ਨਾਮ ਸੀ ਜੀਤੀ ਸਿੱਧਵਾਂ ਵਾਲਾ। ਇਸ ਕੈਸਿਟ ਦਾ ਟਾਈਟਲ ਗੀਤ ਸੀ

**ਰਹਿਣ ਦੇ ਵੇ ਸਾਥੋਂ ਨਹੀਂ ਨਿੱਭਦੀ**
**ਖੇਡ ਚੰਨਾਂ ਪਿਆਰ ਵਾਲੀ ਅੱਗ ਦੀ**
**ਕਿੱਥੇ ਕਿੱਥੇ ਪੱਖ ਤੇਰਾ ਪੂਰ ਲਾਂ**
**ਬਲੀ ਚਾੜ੍ਹ ਬਾਬਲੇ ਦੀ ਪੱਗ ਦੀ**
**ਡਾਹਢੀ ਭੈੜੀ ਦੁਨੀਆਂ ਦੀ ਰੀਤ ਵੇ,**
**ਕਦੋਂ ਇੱਥੇ ਨਿੱਭਦੀ ਪ੍ਰੀਤ ਵੇ**
**ਤੇਰੇ ਬਾਝੋਂ ਰਹਿਣਾ ਮੈਂ ਵੀ ਸਿੱਖ ਲੂੰ,**
**ਸਿਖ ਤੂੰ ਵੀ ਕੱਦੋਂ ਵਾਲੇ ਜੀਤ ਵੇ**
**ਬਾਕੀ ਤੂੰ ਸੰਯੋਗਾਂ ਉੱਤੇ ਛੱਡਦੇ**
**ਮੰਨੀ ਚੱਲ ਰਜਾ ਜਿਹੜੀ ਰੱਬ ਦੀ**
**ਰਹਿਣ ਦੇ ਵੇ ਸਾਥੋਂ ਨਹੀਂਓਂ ਨਿੱਭਦੀ**
**ਖੇਡ ਚੰਨਾਂ ਪਿਆਰ ਵਾਲੀ ਅੱਗ ਦੀ**

ਤਿੰਨ ਦਹਾਕਿਆਂ ਤੋਂ ਇਹ ਗੀਤ ਓਵੇਂ ਦਾ ਓਵੇਂ ਮਨ ਵਿੱਚ ਉੱਕਰਿਆ ਪਿਆ ਐ। ਗੀਤ ਗਾਇਆ ਵੀ ਬੜਾ ਖੁਭ ਕੇ ਸੀ ਤੇ ਗੀਤਕਾਰ ਦੀ ਉਡਾਰੀ ਵੀ ਕਮਾਲ ਸੀ। ਬਿਲਕੁਲ ਵੱਖਰੇ ਵਿਸ਼ੇ ਦਾ ਗੀਤ। ਕੌਣ ਐ ਇਹ ਕੱਦੋਂ ਵਾਲਾ ਜੀਤ ?

ਸਨਅਤ ਅਤੇ ਪੰਜਾਬੀ ਕਲਾ ਦਾ ਧੁਰਾ ਜ਼ਿਲ੍ਹਾ ਲੁਧਿਆਣਾ, ਜਿਲ੍ਹਾ ਲੁਧਿਆਣਾ ਦੀ ਤਹਿਸੀਲ ਪਾਇਲ ਤੇ ਪਾਇਲ ਦੇ ਨਾਲ ਲਗਦਾ ਪਿੰਡ ਕੱਦੋਂ । ਪਿੰਡ ਕੱਦੋਂ ਵਿੱਚ ਸ੍ਰ ਜੋਗਾ ਸਿੰਘ ਮੁੰਡੀ ਦੇ ਘਰ ਮਾਤਾ ਦਵਿੰਦਰ ਕੌਰ ਦੀ ਕੁੱਖੋਂ 14 ਜੁਲਾਈ 1971 ਨੂੰ ਜਿਸ ਬੱਚੇ ਨੇ ਜਨਮ ਲਿਆ ਉਸਦਾ ਨਾਮ ਕਰਮਜੀਤ ਸਿੰਘ ਮੁੰਡੀ ਰੱਖਿਆ ਗਿਆ

ਕਰਮਜੀਤ ਨੇ ਦਸਵੀਂ ਪਿੰਡੋਂ ਬਾਰਵੀਂ ਲੁਧਿਆਣੇਓਂ ਤੇ ਬੀ ਏ ਖੰਨੇ ਤੋਂ ਕੀਤੀ। ਗੀਤਾਂ ਵੱਲ ਉਸਦਾ ਰੁਝਾਨ ਸਕੂਲ ਸਮੇਂ ਈ ਹੋ ਗਿਆ ਸੀ। ਹੌਲੀ ਹੌਲੀ ਉਹ ਗੀਤ ਲਿਖਣ ਲੱਗ ਪਿਆ ਗੀਤਕਾਰ ਵੱਜੋਂ ਉਸਨੇ ਆਪਣਾ ਨਾਮ ਜੀਤ ਕੱਦੋਂ ਵਾਲਾ ਰੱਖ ਲਿਆ । ਜੀਤ ਦਾ ਲਿਖਿਆ ਸਭ ਤੋਂ ਪਹਿਲਾ ਗੀਤ ਗਾਇਕ ਗੁਰਪ੍ਰੀਤ ਬਿੱਲਾ ਦੀ ਆਵਾਜ਼ ਵਿੱਚ ਰਿਕਾਰਡ ਹੋਇਆ। ਇਸੇ ਗੀਤ ਦੀ ਬਦੌਲਤ ਉਹ ਫਾਈਨਟੋਨ ਕੰਪਨੀ ਦੇ ਮਾਲਕ ਰਾਜਿੰਦਰ ਸਿੰਘ ਦੀ ਨਿਗਾਹ ਚੜ੍ਹ ਗਿਆ। ਰਾਜਿੰਦਰ ਸਿੰਘ ਨੇ ਜੀਤ ਦੇ ਗੀਤ ਗਾਇਕ ਰਵਿੰਦਰ ਗਰੇਵਾਲ ਦੀ ਪਹਿਲੀ ਐਲਬਮ ਪੜ੍ਹਨ ਨਾਨਕੇ ਲਾਤੀ ਵਿੱਚ ਰਿਕਾਰਡ ਕੀਤੇ। ਉਸਤੋਂ ਬਾਅਦ ਇੰਦਰਜੀਤ ਨਿੱਕੂ , ਅੰਗਰੇਜ਼ ਅਲੀ ਨਰਿੰਦਰ ਮਾਵੀ ਜੀ ਐਸ ਪੀਟਰ ਅਤੇ ਕੁਲਵਿੰਦਰ ਢਿੱਲੋਂ ਦੀ ਆਵਾਜ਼ ਵਿੱਚ ਜੀਤ ਦੇ ਗੀਤ ਰਿਕਾਰਡ ਹੋਏ। ਕੁਲਵਿੰਦਰ ਢਿੱਲੋਂ ਦੀ ਆਵਾਜ਼ ਵਿੱਚ ਜੀਤ ਦਾ ਗੀਤ

**ਸੋਹਣੀਏ ਨੀ ਦਿਲ ਵੱਟੇ ਲੈਣਾਂ ਤੇਰਾ ਦਿਲ**
**ਦੱਸ ਦੇਏਂਗੀ ਕੇ ਨਹੀਂ**
**ਅਸੀਂ ਤੈਨੂੰ ਆਖੀਏ ਜੇ ਕੱਲੀ ਕਿਤੇ ਮਿਲ**
**ਕੁੱਝ ਕਹੇਂਗੀ ਤੇ ਨਹੀਂ**

ਨਵੀਂ ਉਮਰ ਦੇ ਮੁੰਡਿਆਂ ਦੀ ਪਹਿਲੀ ਪਸੰਦ ਬਣਿਆ ਅਤੇ ਢਿਲੋਂ ਤੋਂ ਇਲਾਵਾ ਅੱਜ ਹੋਰ ਕਲਾਕਾਰ ਵੀ ਇਸ ਗੀਤ ਨੂੰ ਗਾ ਰਹੇ ਹਨ। ਲਖਵਿੰਦਰ ਵਡਾਲੀ, ਯੁਵਰਾਜ ਹੰਸ ਕਲੇਰ ਕੰਠ, ਅਮਰਿੰਦਰ ਗਿੱਲ, ਸੁਖਵਿੰਦਰ ਸੁੱਖੀ,ਗੋਰਾ ਚੱਕ ਵਾਲਾ, ਜੱਸੀ ਜਸਪਾਲ, ਗੁਰਮੀਤ ਸਿੰਘ ਸੁਖਸ਼ਿੰਦਰ ਛਿੰਦਾ ਜੈਜ਼ੀ ਬੈਂਸ, ਰਾਹਤ ਫਤਿਹ ਅਲੀ ਖਾਨ ਸਮੇਤ ਪੰਜਾਬ ਦੇ ਚੋਟੀ ਦੇ ਗਾਇਕਾਂ ਨੇ ਕੱਦੋਂ ਵਾਲੇ ਜੀਤ ਦੇ ਗੀਤਾਂ ਨੂੰ ਆਵਾਜ਼ ਦਿੱਤੀ

**ਮਾਰ ਮੁੰਡਿਆ ਲਲਕਾਰਾ ਟੇਢੀ ਪੱਗ ਵਾਲਿਆ (ਰਵਿੰਦਰ ਗਰੇਵਾਲ)**
**ਹਰ ਕੰਮ ਮਿੱਤਰਾਂ ਦੇ ਨਾ ਲੱਗਦੈ (ਰਵਿੰਦਰ ਗਰੇਵਾਲ)**
**ਬੋਤਲ ਵਰਗੀ ਤੂੰ ਗੇੜਾ ਦੇਹ ਨੀ ਮੇਲਣੇ (ਰਵਿੰਦਰ ਗਰੇਵਾਲ)**
**ਹੋਰ ਮਿਲਦੇ ਲੋਕ ਬਥੇਰੇ ਵੇ ਕਦੇ ਤੂੰ ਨਾ ਮਿਲਿਆ (ਇੰਦਰਜੀਤ ਨਿੱਕੂ)**
**ਸਭ ਤੋਂ ਸੋਹਣੀ ( ਅੰਗਰੇਜ਼ ਅਲੀ)**
**ਹਾੜਾ ਵੇ ਚੰਨਾ ਖੈਰ ਕਰੀਂ (ਜੀ ਐਸ ਪੀਟਰ)**
**ਸਾਡੇ ਘਰੇ ਆਈ ਇੱਕ ਫੁੱਲਾਂ ਜਹੀ ਧੀ (ਲਖਵਿੰਦਰ ਵਡਾਲੀ)**
**ਕਿਉਂ ਬਾਪੂ ਓਦੋਂ ਨਾ ਆਇਆ ਜਦ ਲੋਕ ਘੂਰਦੇ ਸੀ (ਗੁਰਮੀਤ ਸਿੰਘ)**
**ਸਾਨੂੰ ਉੱਤੋਂ ਉੱਤੋਂ ਆਪਣਾ ਬਣਾ ਕੇ ਰੱਖਿਆ (ਨਛੱਤਰ ਗਿੱਲ)**
**ਨੀ ਤੂੰ ਰੋਮੀਓ ਬਣਾਕੇ ਮੁੰਡੇ ਰੱਖਤੇ (ਜੈਜ਼ੀ ਬੀ)**
**ਕੁੜੀਆਂ ਨੇ ਨਾ ਤੇਰਾ ਰੱਖਿਆ ਰੈਮਬੋ (ਜੈਜ਼ੀ ਬੀ)**

ਕੁਲਦੀਪ ਮਾਣਕ ਜੈਜ਼ੀ ਬੀ ਯੁਧਵੀਰ ਮਾਣਕ ਦੀ ਮਾਹਾਰਾਜ ਵੀ ਜੀਤ ਕੱਦੋਂ ਦੀ ਹੀ ਕਲਮ ਐ

ਇਹ ਸੂਚੀ ਤਾਂ ਬਹੁਤ ਲੰਮੀ ਐ ਉਸ ਸੂਚੀ ਵਿੱਚੋਂ ਨਮੂਨੇ ਵੱਜੋਂ ਮੈਂ ਜੀਤ ਕੱਦੋਂ ਵਾਲੇ ਦੇ ਚੰਦ ਕੁ ਗੀਤਾਂ ਦੇ ਮੁਖੜੇ ਸਾਂਝੇ ਕੀਤੇ ਹਨ . ਇੱਕ ਗੱਲ ਹੋਰ ਪਿਛਲੇ ਢਾਈ ਕੁ ਦਹਾਕਿਆਂ ਤੋਂ ਜੀਤ ਕੈਨੇਡਾ ਦੇ ਮੈਨੀਟੋਬਾ ਸੂਬੇ ਦੇ ਸ਼ਹਿਰ ਵਿਨੀਪੈਗ ਵਿੱਚ ਰਹਿ ਰਿਹਾ ਹੈ। ਰੇਡੀਓ ਚੰਨ ਪ੍ਰਦੇਸੀ ਦੇ ਪ੍ਰਸਾਰਨ ਨਾਲ ਵੀ ਜੁੜਿਆ ਹੋਇਆ ਹੈ। ਅੱਜਕਲ੍ਹ ਉਹ ਨਵੇਂ ਕਲਾਕਾਰਾਂ ਤੇ ਮਿਹਨਤ ਕਰ ਰਿਹਾ ਹੈ . ਗੋਪੀ ਕੱਦੋਂ, ਕੁਲਜੀਤ ਸੰਧੂ, ਅਮੋਲਕ ਸਿੰਘ,ਅਨਵਰ ਖਾਨ,ਬਾਬਾ ਖਾਨ, ਸ਼ਾਇਰਾ ਖਾਨ ਨਾਲ ਉਹ ਆਉਣ ਵਾਲੇ ਸਮੇਂ ਵਿੱਚ ਕਾਫੀ ਨਵੇਂ ਗੀਤ ਲੈਕੇ ਆ ਰਿਹਾ ਹੈ । ਉਮੀਦ ਐ ਜੀਤ ਕੱਦੋਂ ਦੇ ਗੀਤਾਂ ਨੂੰ ਪਹਿਲਾਂ ਵਾਂਗ ਤੁਸੀਂ ਰੱਜਵਾਂ ਪਿਆਰ ਦਿਓਗੇ

ਗੱਲ ਤਾਂ ਪਰਦੇ ਦੀ ਹੀ ਹੈ !
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ !

ਕਾਲ: 403 953 1000
E Mail: Info@twcoverings.com
Web: www.twcoverings.com
Timelesswindowcoverings
ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
TWC
TIMELESS WINDOW COVERINGS

facebook ਫੇਸਬੁੱਕ ਪਰਿਵਾਰ ਦੀਆਂ ਗੱਲਬਾਤਾਂ

# ਦੱਸ ਮੈਨੂੰ ਕਿੱਥੇ ਹੈ ਨੀ ਭਈਏ ਦਾ ਮੁਕਾਬਲਾ ?

**ਦੱਸ ਮੈਨੂੰ ਕਿੱਥੇ ਹੈ ਨੀ ਜੱਟ ਦਾ**
**ਨਹੀਂ ਨਹੀਂ ..**
**ਦੱਸ ਮੈਨੂੰ ਕਿੱਥੇ ਹੈ ਨੀ ਭਈਏ ਦਾ ਮੁਕਾਬਲਾ ?**

ਪੰਜਾਬੀ ਦਾ ਇੱਕ ਗੀਤ ਹੈ ਕਿ ਦੱਸ ਮੈਨੂੰ ਕਿੱਥੇ ਹੈ ਨੀ ਜੱਟ ਦਾ ਮੁਕਾਬਲਾ ? ਜਦੋਂ ਮੈਂ ਮੁਕਾਬਲਾ ਵੇਖਣ ਲਈ ਤੁਰ ਫਿਰ ਕੇ ਅਤੇ ਇਧਰ ਓਧਰ ਨਿਗ੍ਹਾ ਮਾਰਕੇ ਜੱਟ ਦਾ ਮੁਕਾਬਲਾ ਲੱਭਿਆ ਤਾਂ ਮੈਨੂੰ ਖੇਤ ਵਿੱਚ ਝੋਨੇ ਦੀ



ਪਨੀਰੀ ਪੁੱਟਦੇ ਅਤੇ ਝੋਨਾ ਲਗਾਉਂਦੇ ਭਈਏ ਦਿਸੇ। ਇਕੱਲਾ ਜੱਟ ਪਰ੍ਹੇ ਦੂਰ ਮੋਟਰ ਕੋਲ ਮੰਜੇ 'ਤੇ ਪਿਆ ਸੀ। ਫਿਰ ਮੈਂ ਗਾਵਾਂ ਦੀ ਨਵੀਂ ਖੁੱਲ੍ਹੀ ਡੇਅਰੀ ਵਿੱਚ ਜਾ ਵੜਿਆ । ਇੱਕ ਮਜਦੂਰ ਚਾਰਾ ਪਾ ਰਿਹਾ ਸੀ। ਇੱਕ ਗੋਹਾ ਹਟਾ ਰਿਹਾ ਸੀ ਅਤੇ ਪਰਲੇ ਪਾਸੇ ਇੱਕ ਹੋਰ ਪਰਵਾਸੀ ਮਜਦੂਰ ਦੁੱਧ ਵਾਲੇ ਢੋਲ ਧੋ ਰਿਹਾ ਸੀ। ਅਗੇ ਗਿਆ ਤਾਂ ਮੁਰਗੀ ਫਾਰਮ ਦੇ ਕੁੱਕੜਾਂ ਦੀ ਕੁੜ ਕੁੜ ਸੁਣੀ ਤੇ ਮੈਂ ਬਰੇਕ ਮਾਰ ਲਏ । ਮੂੰਹ ਵਿੱਚ ਬੀੜੀ ਪਾਏ ਇੱਕ ਭਈਆ ਬਾਲਟੀ ਚੁੱਕ ਮੁਰਗਿਆਂ ਲਈ ਫੀਡ ਪਲਟ ਰਿਹਾ ਸੀ। ਛੋਟੀ ਜਿਹੀ ਉਮਰ ਦਾ ਇੱਕ ਮਾੜਚੂ ਜਿਹਾ ਪਰਵਾਸੀ ਬੱਚਾ ਚੁੱਲ੍ਹੇ 'ਤੇ ਰੋਟੀ ਪਕਾ ਰਿਹਾ ਸੀ। ਮਾਲਕ ਬਾਰੇ ਪੁੱਛਿਆ ਤਾਂ ਭਈਆ ਆਹਦਾ ਸਰਦਾਰ ਜੀ ਯਾਤਰਾ ਪੇ ਗਏ ਹੂਏ ਹੈਂ ਪਰਸੋਂ ਕੋ ਆਏਂਗੇ। ਅੱਗੇ ਮੈਂ ਸਕੂਟਰ ਸਬਜੀ ਮੰਡੀ ਵੱਲ ਮੋੜ ਲਿਆ। ਕਤਾਰ ਵਿੱਚ ਪੱਚੀ ਤੀਹ ਰੇਹੜੀਆਂ ਖੜ੍ਹੀਆਂ ਸਨ। ਕਿਸੇ 'ਤੇ ਆਲੂ ਗੰਢੇ ਪਏ ਸਨ ਕਿਸੇ 'ਤੇ ਲਸਣ। ਕਈਆਂ 'ਤੇ ਮੌਸਮੀ ਫਲ ਪਏ ਸਨ ਅਤੇ ਕਈਆਂ 'ਤੇ ਸਬਜੀ। ਮਰਦ ਫਲ ਸਬਜ਼ੀਆਂ ਚਿਣ ਰਹੇ ਸਨ ਅਤੇ ਸਾੜ੍ਹੀ ਪਹਿਨੇ ਔਰਤਾਂ ਟਮਾਟਰ, ਆਲੂ, ਗੋਭੀ ਆਦਿ ਧੋ ਰਹੀਆਂ ਸਨ। ਰੇਹੜੀਆਂ 'ਤੇ ਖੜ੍ਹੇ ਗਾਹਕਾਂ ਵਿੱਚ ਵੱਡੀ ਗਿਣਤੀ ਬਾਣੀਆਂ, ਜੱਟਾਂ ਤੇ ਸਰਕਾਰੀ ਮੁਲਾਜ਼ਮਾਂ ਦੀ ਸੀ। ਫਿਰ ਮੇਰਾ ਸਕੂਟਰ ਬਜਾਰ ਵੱਲ ਤੁਰ ਪਿਆ ਰਸਤੇ ਵਿੱਚ ਦਿਸੀਆਂ ਫਾਸਟ ਫੂਡ ਵਾਲੀਆਂ ਰੇਹੜੀਆਂ 'ਤੇ ਵੀ ਭਈਏ ਹੀ ਦਿਸੇ । ਮੈਂ ਸਕੂਟਰ ਰੋਕਿਆ ਅਤੇ ਇੱਕ ਹੋਟਲ ਵਿੱਚ ਚਾਹ ਪੀਣ ਜਾ ਬੈਠਾ। ਮੋਢੇ 'ਤੇ ਪਰਨਾ ਰੱਖੇ ਇੱਕ ਬਹਿਰਾ ਆਇਆ ਕਹਿੰਦਾ ਬਤਾਓ ਸਰਦਾਰ ਜੀ ਕਿਆ ਸੇਵਾ ਕਰੇਂ ? ਹੋਟਲ ਦੀ ਸਾਹਮਣੇ ਸਜੀ ਰਸੋਈ ਵੱਲ ਨਜਰ ਮਾਰੀ ਤਾਂ ਤੰਦੂਰੀਆ, ਕੁੱਕ, ਮਸਾਲਚੀ ਸਭ ਪਰਵਾਸੀ ਹੀ ਸਨ। ਚਾਹ ਦੀਆਂ ਘੁੱਟਾਂ ਭਰਦਾ ਮੈਂ ਸੋਚਣ ਲੱਗਿਆ ਫੈਕਟਰੀਆਂ, ਸ਼ੈਲਰ ਅਤੇ ਆਟਾ ਮਿਲ ਸਭ ਭਈਆਂ ਸਹਾਰੇ ਹੀ ਚੱਲ ਰਹੇ ਹਨ। ਲੁਧਿਆਣੇ ਜਾਓ ਤਾਂ ਹਰ ਕੰਮ 'ਤੇ ਭਈਏ ਹੀ ਦਿਸਣਗੇ । ਪੱਥਰ ਲਵਾਈ, ਮੰਡੀ 'ਚ ਤੁਲਾਈ , ਘਰਾਂ ਦੇ ਪੋਚੇ ਸਾਫ ਸਫਾਈ, ਦੁਕਾਨਾਂ 'ਤੇ ਸਮਾਨ ਦੀ ਚੱਕ ਧਰ ਸਭ ਵੱਡੀ ਗਿਣਤੀ ਪਰਵਾਸੀ ਮਜਦੂਰਾਂ ਉਰਫ ਭਈਆਂ 'ਤੇ ਨਿਰਭਰ ਹੈ।

ਫਿਰ ਕਿੱਥੇ ਗਿਆ ਸਾਡੇ ਗੀਤਾਂ ਵਾਲਾ ਜੱਟ ? ਔਹ ਟਰੱਕ ਭਰਕੇ ਧਾਰਮਿਕ ਯਾਤਰਾਵਾਂ 'ਤੇ ਜਾਣ ਵਾਲੇ ਕੌਣ ਹਨ ?ਆਹ ਠੇਕੇ ਮੂਹਰੇ ਕਿੰਨ੍ਹਾਂ ਦੀ ਭੀੜ ਹੈ ? ਹਸਪਤਾਲ, ਕਚਹਿਰੀਆਂ 'ਚ ਖੜ੍ਹੇ ਲੋਕ ਕੌਣ ਹਨ ? ਗੱਲ ਸੋਚਣ, ਸਮਝਣ ਅਤੇ ਵਿਚਾਰ ਕੇ ਅਮਲ ਕਰਨ ਵਾਲੀ ਹੈ।

ਮੇਰੀਆਂ ਗੱਲਾਂ ਦਾ ਗੁੱਸਾ ਨਾ ਕਰਿਓ ਸੰਜੀਦਗੀ ਨਾਲ ਮਸਲੇ ਦਾ ਹੱਲ ਲੱਭਿਓ।

**ਹਰਦੀਪ ਸਿੰਘ ਜਟਾਣਾ**
9417254517

# ਉਹ ਵੇਲਾ ਯਾਦ ਕਰ



ਡਾ. ਬਲਵਿੰਦਰ ਕੌਰ ਬਰਾੜ
403 590 9629



# ਅੰਦਰਲੀ ਸੋਚ ਦੇਹੀ ਨੂੰ ਉੱਲੀ ਲੱਗੀ ਵਾਂਗ ਗਾਲ਼ਦੀ ਹੈ

**ਦੌੜ ਦੌੜ ਕੇ ਥੱਕ ਗਏ ਹਾਂ,**
**ਵੱਡੇ ਬਣ ਬਣ ਅੱਕ ਗਏ ਹਾਂ,**
**ਰੋਜ਼ ਸਵੇਰੇ ਭੱਜ ਤੁਰਦੇ ਹਾਂ,**
**ਦਿਲ ਤੋਂ ਉਲਟ ਦਿਸ਼ਾਵਾਂ ਨੂੰ।**
**ਗ਼ੈਰਤ ਨੇ ਇੰਜ ਮਰ ਜਾਣਾ ਸੀ,**
**ਸੀਨਿਆਂ ਦੇ ਵਿੱਚ ਠਰ ਜਾਣਾ ਸੀ,**
**ਖ਼ਬਰ ਸਮਝ ਕੇ ਭੁੱਲ ਜਾਂਦੇ ਹਾਂ,**
**ਰੇਪ ਜਿਹੀਆਂ ਘਟਨਾਵਾਂ ਨੂੰ।**

**(ਕੁਲਵੰਤ ਔਜਲਾ)**

ਇੱਕ ਰਿਟਾਇਰ ਹੋਇਆ ਅਫ਼ਸਰ ਕਿਸੇ ਪਾਰਕ ਵਿੱਚ ਉਦਾਸ ਬੈਠਾ ਆਲ਼ਾ-ਦੁਆਲ਼ਾ ਦੇਖ ਰਿਹਾ ਸੀ। ਉਸ ਕੋਲ਼ ਇੱਕ ਜਵਾਨ ਨੇ ਆ ਕੇ ਪੁੱਛਿਆ, "ਤੁਸੀਂ ਉਦਾਸ ਕਿਉਂ ਹੋ" ਬਜ਼ੁਰਗ ਨੇ ਦੱਸਿਆ ਕਿ ਅਸੀਂ ਸਖ਼ਤ ਮਿਹਨਤ ਕਰ ਕੇ ਆਪਣੀਆਂ ਸਭ ਖ਼ੁਸ਼ੀਆਂ ਜਵਾਨ ਪੀੜ੍ਹੀ ਕੋਲ਼ ਇਸ ਉਮੀਦ ਨਾਲ਼ ਅਮਾਨਤ ਦਿੱਤੀਆਂ ਸੀ ਕਿ ਬੁੱਢੇ ਵਾਰੇ ਵਾਪਸ ਕਰਨਗੇ। ਪਰ ਹੁਣ ਵਾਲ਼ੀ ਪੀੜ੍ਹੀ ਵਾਪਸ ਕਰਨ ਤੋਂ ਇਨਕਾਰ ਕਰ ਰਹੀ ਹੈ। ਇਹ ਸਵਾਲ ਹਰ ਬਜ਼ੁਰਗ ਦੇ ਸੀਨੇ ਰੜਕਦਾ ਨਜ਼ਰ ਆ ਰਿਹਾ ਹੈ। ਆਮ ਤੌਰ 'ਤੇ ਬਜ਼ੁਰਗਾਂ ਨੂੰ ਵੇਖ ਕੇ ਜਵਾਨ ਉਮਰ ਦੇ ਬੱਚੇ ਸੋਚਦੇ ਹਨ ਕਿ ਇਹ ਤਾਂ ਚੱਲੇ ਕਾਰਤੂਸ ਹਨ। ਦੇਹੀ ਸ਼ਕਤੀਹੀਣ ਹੋਣ ਲਗਦੀ ਹੈ। ਅੱਖਾਂ ਤੇ ਕੰਨਾਂ ਦਾ ਵਿਤ ਘਟਦਾ ਹੈ। ਸਰੀਰ ਵਿੱਚਲੇ ਨਿੱਤ ਮਰਦੇ, ਘਟਦੇ ਜਾਂ ਘਸਦੇ ਸੈੱਲਾਂ ਕਾਰਨ ਸਾਡੀ ਤੋਰ, ਸਾਡੀ ਸਮਝ ਜਾਂ ਯਾਦ-ਸ਼ਕਤੀ ਨੂੰ ਠੇਸ ਲਗਦੀ ਹੈ। ਪਰ ਇਸ ਲੰਘ ਚੱਲੀ ਪੀੜ੍ਹੀ ਨੇ ਜਿੰਨੀ ਤਰੱਕੀ, ਬਦਲਾਅ ਵੇਖਦਿਆਂ ਆਪਣੇ ਆਪ ਨੂੰ ਤਰਾਸ਼ਿਆ ਹੈ ਜਾਂ ਮਿਹਨਤ ਨਾਲ਼ ਸਫ਼ਰ ਤੈਅ ਕੀਤਾ ਹੈ, ਉਸ ਤਜਰਬੇ ਨੂੰ 'ਚੱਲ ਹੋਊ' ਪਰੇ ਕਰਨ ਦੀ ਥਾਂ ਉਸ ਤੋਂ ਲਾਹਾ ਲਿਆ ਜਾ ਸਕਦਾ ਹੈ। ਮੈਨੂੰ ਪਤਾ ਹੈ ਮੇਰੇ ਇਨ੍ਹਾਂ ਅੱਖਰਾਂ ਦੀ ਪਹੁੰਚ ਵੀ ਢਲ਼ ਚੱਲੀ ਪੀੜ੍ਹੀ ਤੱਕ ਹੀ ਹੋ ਸਕਦੀ ਹੈ। ਅੱਜ ਸਾਡੇ ਆਲ਼ੇ-ਦੁਆਲ਼ੇ ਲੂਹਰੀਆਂ ਲੈ ਰਹੀ, ਕਿਲਕਾਰੀਆਂ ਅਤੇ ਬੜ੍ਹਕਾਂ ਮਾਰ ਰਹੀ ਇਸ ਪੀੜ੍ਹੀ ਨੇ ਵੀ ਸਾਡੇ ਮਗਰੋਂ ਇਹ ਥਾਂ ਮੱਲਣੀ ਹੈ। ਇਸ ਸੰਬੰਧੀ ਹਾਲੇ ਉਹ ਅਵੇਸਲ਼ੇ ਹਨ। ਇਹ ਸੱਚ ਹੈ ਕਿ ਕੁਦਰਤ ਅਨੁਸਾਰ ਉਮਰ ਦੇ ਤੀਹ ਸਾਲ ਤੋਂ ਹੀ ਦਿਮਾਗ਼ ਸੁੰਗੜਨ ਲੱਗਦਾ ਹੈ। ਦੇਹੀ ਖੋਜ ਵਾਲ਼ੇ ਦਸਦੇ ਹਨ ਕਿ ਕਈਆਂ ਦਾ ਦਿਮਾਗ਼ ਤੇਜ਼ੀ ਨਾਲ਼ ਸੁੰਗੜਨ ਲੱਗਦਾ ਹੈ। ਕੈਨੇਡਾ ਵਰਗੇ ਮੁਲਕਾਂ ਵਿੱਚ ਬਜ਼ੁਰਗ ਪੀੜ੍ਹੀ ਵਿੱਚ ਡਿਮੈਨਸ਼ੀਆ(ਭੁੱਲਕੜਪੁਣਾ) ਇਸੇ ਲਈ ਵਧ ਰਿਹਾ ਲੱਗਦਾ ਹੈ। ਫਿਰ ਸਾਡੀ ਤੋਰ ਧੀਮੀ, ਹੱਥ ਕੰਬਣ ਤੇ ਬੋਲ ਥਥਲਾਉਣ ਲਗਦੇ ਹਨ। ਕਸਰਤ ਨਾਲ਼ ਨਾੜਾਂ ਵਿੱਚ ਪਿਆ ਸੋਜਾ ਘਟਦਾ ਹੈ ਪਰ ਹਟਦਾ ਨਹੀਂ। ਲੋਕਾਂ ਨੂੰ ਮਿਲਣ ਦੀ ਵਧੀਆ ਆਦਤ ਨਾਲ਼ ਦਿਮਾਗ਼ੀ ਕਸਰਤ ਜ਼ਰੀਰੀ ਹੋ ਜਾਂਦੀ ਹੈ। ਯੋਗਾ ਕਰਨਾ, ਬੱਚਿਆਂ ਨਾਲ਼ ਖੇਡਣਾ, ਬਾਗ਼ਬਾਨੀ ਕਰਨਾ ਜਾਂ ਘਰੋਂ ਬਾਹਰਲੇ ਮਘਦੇ ਜੀਵਨ ਦਾ ਹਿੱਸਾ ਬਣ ਜਾਣਾ ਸਾਡੀ ਪੀੜ੍ਹੀ ਲਈ ਜ਼ਰੂਰੀ ਹੈ। ਇਹ ਸਭ ਆਦਤਾਂ ਸਾਡੀ ਦੇਹੀ ਲਈ ਠੁੰਮ੍ਹਣਾਂ ਬਣ ਜਾਂਦੀਆਂ ਹਨ। ਘਰ ਦੀ ਚਾਰਦੀਵਾਰੀ ਵਿੱਚ ਬੰਦ ਹੋ ਕੇ, ਆਪਣੀਆਂ ਹੋਈਆਂ ਬੀਤੀਆਂ ਫਰੋਲ਼ ਕੇ ਸੋਚਾਂ ਸਾਨੂੰ ਸਿੱਟ ਲੈਂਦੀਆਂ ਹਨ। ਮਨ ਮਾੜੀਆਂ ਘਟਨਾਵਾਂ ਦੀ ਕੜੀ ਕੋਲ਼ ਜਾ ਅਪੜਦਾ ਹੈ। ਹੋਰਨਾਂ ਦੀਆਂ ਹੋਈਆਂ ਬੀਤੀਆਂ ਸੁਣ ਕੇ ਮਨ ਨੂੰ ਧਰਵਾਸ ਮਿਲਦਾ ਹੈ। ਤੰਦਰੁਸਤ ਦੇਹੀ ਹੀ ਵਧੀਆ ਸੋਚ ਅਤੇ ਚੜ੍ਹਦੀ ਕਲਾ ਦਾ ਆਧਾਰ ਰਹੀ ਹੈ। ਨਹੀਂ ਤਾਂ ਦੇਹੀ-ਦੁੱਖ ਹੀ ਘੇਰੀ ਰਖਦਾ ਹੈ। ਅੰਦਰਲੀ ਸੋਚ ਅਤੇ ਸੋਜ਼ ਸਾਡੀ ਦੇਹੀ ਨੂੰ ਉੱਲੀ ਲੱਗੀ ਵਾਂਗ ਗਾਲ਼ਦੀ ਹੈ। ਇਸ ਭੱਜ-ਦੌੜ ਵਾਲ਼ੀ ਪੀੜ੍ਹੀ ਕੋਲ਼ੋਂ ਆਸ ਰੱਖਣੀ ਸਾਡੀ ਗ਼ਲਤੀ ਹੈ। ਜੇ ਦੇਹੀ ਦੇ ਪੈ ਰਹੇ ਘਾਟੇ ਬਾਰੇ ਹੀ ਸੋਚੀ ਜਾਵਾਂਗੇ ਤਾਂ ਝੂਰਨ ਤੋਂ ਬਿਨਾ ਕੁੱਝ ਨਹੀਂ ਮਿਲਣਾ। ਇਸ ਲਈ ਜਿੰਨਾਂ ਇਹ ਦੇਹੀ ਤੁਰਦੀ ਹੈ, ਹਿਲਦੀ ਹੈ ਜਾਂ ਸਾਡੀਆਂ ਸੋਚਾਂ ਦਾ ਸਾਥ ਝਲਦੀ ਹੈ, ਉਸ ਲਈ ਸਾਨੂੰ ਆਪਣੇ ਆਪ ਨੂੰ ਆਪ ਹੀ ਹੱਲਾਸ਼ੇਰੀ ਦੇਣੀ ਬਣਦੀ ਹੈ। ਰੱਬ ਨੇ ਸਾਨੂੰ ਬੋਨਸ ਦੇ ਸਾਹ ਦਿੱਤੇ ਹਨ। ਸਭ ਨੂੰ ਇਉਂ ਮਿਲੀਏ ਕਿ ਪਤਾ ਨਹੀਂ ਇਹ ਆਖ਼ਰੀ ਵਾਰ ਦਾ ਮਿਲਣਾ ਹੋਵੇ। ਇਉਂ ਸਾਡੇ ਵਿਹਾਰ ਵੀ ਸੁਧਰਨ ਲੱਗ ਜਾਂਦੇ ਹਨ। ਜੋ ਅੱਖਰਾਂ ਨਾਲ਼ ਸਾਂਝ ਪਾਲ਼ਦੇ ਹਨ, ਇਹ ਅੱਖਰ ਉਨ੍ਹਾਂ ਨੂੰ ਬਿਖਰਨ ਤੋਂ ਬਚਾ ਲੈਂਦੇ ਹਨ। ਜ਼ਿੰਦਗੀ ਵਿੱਚ ਕਿਸੇ ਦਿਨ ਲਈ ਵੀ ਵਾਪਸੀ ਟਿਕਟ ਨਹੀਂ ਮਿਲਦੀ। ਪਲਕ ਝਪਕਦੇ ਹੀ ਬਚਪਨ ਤੇ ਜਵਾਨੀ ਚਲੀ ਗਈ, ਬਸ ਬੁਢਾਪਾ ਹੀ ਹੈ ਜੋ ਨਾਲ਼ ਜਾ ਰਿਹਾ ਹੈ। ਸਭ ਦਾ ਭਲਾ ਇਸ ਦਾ ਸਦਉਪਯੋਗ ਕਰਨ ਵਿੱਚ ਹੀ ਹੈ। ਕਿਸੇ ਹੋਟਲ ਵਿੱਚ ਇੱਕ ਬਜ਼ੁਰਗ ਉਦਾਸ ਬੈਠਾ ਸੀ, ਕੋਲ਼ ਆ ਕੇ ਬੈਰ੍ਹਾ ਪੁੱਛ ਰਿਹਾ ਸੀ ਕਿ ਕੀ ਲੈ ਕੇ ਆਵੇ। ਬਜ਼ੁਰਗ ਨੇ ਕਿਹਾ ਕਿ ਇੱਕ ਪਲੇਟ ਗਿਆ ਵਕਤ ਲੈ ਕੇ ਆਵੇ। ਬੈਰ੍ਹੇ ਨੇ ਕਿਹਾ ਕਿ ਉਹ ਤਾਂ ਖ਼ਤਮ ਹੋ ਗਿਆ, ਤਾਜ਼ਾ-ਤਾਜ਼ਾ ਪਛਤਾਵਾ ਹੈ, ਪਲੇਟ ਭਰ ਕੇ ਲਿਆ ਸਕਦਾ ਹਾਂ।

**ਬੀਤੀਆਂ ਬਾਤਾਂ 'ਚ ਉਲ਼ਝੇ ਲੋਕ ਬਾਤਾਂ ਹੋ ਗਏ,**
**ਕੱਲ੍ਹ ਦੀ ਅਖ਼ਬਾਰ ਜੋ ਪੜ੍ਹਦੇ ਸੀ ਅੱਜ ਖ਼ਬਰਾਂ ਹੋ ਗਏ।**
**ਝੜ ਰਹੇ ਪੱਤਿਆਂ ਨੂੰ ਇਸ ਗੱਲ 'ਤੇ ਬੜਾ ਇਤਰਾਜ਼ ਹੈ,**
**ਇਹ ਨਵੇਂ ਪੱਤੇ ਨਿਕਲ਼ਦੇ ਸਾਰ ਸਿਖਰਾਂ ਹੋ ਗਏ।**

**(ਰਾਬਿੰਦਰ)**

# ਕੁਦਰਤ ਨੇ ਅਮੀਰ ਬਣਾਇਆ, ਹਾਕਮਾਂ ਨੇ ਗਰੀਬ ਕਰ ਛੱਡਿਆ ਭਾਰਤ ਮਹਾਨ



**ਗੁਰਮੀਤ ਸਿੰਘ ਸੁਖਪੁਰ**
(9465915763)

ਸਾਡਾ ਮੁਲਕ ਕੁਦਰਤ ਵੱਲੋਂ ਬਖ਼ਸ਼ੀਆਂ ਅਣਮੁੱਲੀਆਂ ਦਾਤਾਂ ਨਾਲ ਭਰਪੂਰ ਹੈ। ਇੱਥੇ ਹਰ ਤਰ੍ਹਾਂ ਦੇ ਮੌਸਮ ਹਨ, ਵਿਸ਼ਾਲ ਅਤੇ ਜ਼ਰਖੇਜ਼ ਖੇਤੀਯੋਗ ਧਰਤੀ ਹੈ, ਦਰਿਆ ਹਨ, ਜੰਗਲ ਹਨ, ਸਮੁੰਦਰ ਹਨ ਅਤੇ ਖਣਿਜਾਂ ਨਾਲ ਭਰਪੂਰ ਧਰਤੀ ਹੈ। ਹਜ਼ਾਰਾਂ ਸਾਲ ਪੁਰਾਣੀ ਸੱਭਿਆਚਾਰਕ ਵਿਰਾਸਤ, ਵੱਖ-ਵੱਖ ਧਰਮਾਂ, ਭਾਸ਼ਾਵਾਂ, ਜਾਤਾਂ-ਗੋਤਾਂ ਅਤੇ ਸੱਭਿਆਚਾਰਾਂ ਦੇ ਲੋਕ ਇਸ ਧਰਤੀ 'ਤੇ ਵੱਸਦੇ ਹਨ। ਗੁਰੂਆਂ, ਪੀਰਾਂ, ਫ਼ਕੀਰਾਂ ਅਤੇ ਬਾਬਾ ਨਾਨਕ ਦੀ ਧਰਤੀ ਨੇ ਦੁਨੀਆ ਨੂੰ ਮਨੁੱਖਤਾ,ਸਾਂਝੀਵਾਲਤਾ ਅਤੇ ਭਾਈਚਾਰੇ ਦਾ ਸੰਦੇਸ਼ ਦਿੱਤਾ ਹੈ।ਪਰ ਅੱਜ ਸਾਡੇ ਸਾਹਮਣੇ ਇੱਕ ਬਹੁਤ ਵੱਡਾ ਸਵਾਲ ਖੜ੍ਹਾ ਹੈ ਇੰਨੀ ਅਮੀਰ ਕੁਦਰਤੀ ਅਤੇ ਸੱਭਿਆਚਾਰਕ ਵਿਰਾਸਤ ਦੇ ਬਾਵਜੂਦ ਸਾਡਾ ਮੁਲਕ ਆਪਣੇ ਹੀ ਨੌਜਵਾਨਾਂ ਲਈ ਰਹਿਣਯੋਗ ਅਤੇ ਉਮੀਦ ਭਰਿਆ ਕਿਉਂ ਨਹੀਂ ਰਹਿ ਗਿਆ ?ਅੱਜ ਦੇਸ਼ ਦਾ ਵੱਡਾ ਹਿੱਸਾ ਨੌਜਵਾਨ ਵਰਗ ਵਿਦੇਸ਼ਾਂ ਵੱਲ ਜਾਣ ਲਈ ਬੇਤਾਬ ਹੈ। ਕੋਈ ਪੜ੍ਹਾਈ ਲਈ,ਕੋਈ ਰੁਜ਼ਗਾਰ ਦੀ ਭਾਲ ਵਿੱਚ ਅਤੇ ਕੋਈ ਆਪਣੇ ਬੱਚਿਆਂ ਦੇ ਭਵਿੱਖ ਲਈ ਵਿਦੇਸ਼ਾਂ ਦਾ ਰੁਖ ਕਰ ਰਿਹਾ ਹੈ। ਬਹੁਤ ਸਾਰੇ ਪਰਿਵਾਰ ਆਪਣੀ ਜ਼ਮੀਨ, ਜਾਇਦਾਦ ਅਤੇ ਜਮ੍ਹਾਂ ਪੂੰਜੀ ਤੱਕ ਵੇਚ ਕੇ ਬੱਚਿਆਂ ਨੂੰ ਵਿਦੇਸ਼ ਭੇਜਣ ਲਈ ਮਜਬੂਰ ਹਨ। ਇਹ ਸਿਰਫ਼ ਵਿਦੇਸ਼ ਜਾਣ ਦਾ ਰੁਝਾਨ ਨਹੀਂ, ਸਗੋਂ ਦੇਸ਼ ਦੇ ਪ੍ਰਬੰਧ 'ਤੇ ਇੱਕ ਗੰਭੀਰ ਸਵਾਲੀਆ ਨਿਸ਼ਾਨ ਹੈ। ਦੂਜੇ ਪਾਸੇ ਦੁਨੀਆ ਦੇ ਕਈ ਅਜਿਹੇ ਮੁਲਕ ਹਨ ਜਿੱਥੇ ਕੁਦਰਤੀ ਹਾਲਾਤ ਬੇਹੱਦ ਕਠਿਨ ਹਨ। ਕਈ ਥਾਵਾਂ 'ਤੇ ਸਾਲ ਦੇ ਕਈ ਮਹੀਨੇ ਭਾਰੀ ਬਰਫ਼ਬਾਰੀ ਹੁੰਦੀ ਹੈ ਅਤੇ ਤਾਪਮਾਨ ਮਾਇਨਸ 30 ਜਾਂ 40 ਡਿਗਰੀ ਸੈਲਸੀਅਸ ਤੱਕ ਚਲਾ ਜਾਂਦਾ ਹੈ। ਫਿਰ ਵੀ ਉਨ੍ਹਾਂ ਦੇ ਹਾਕਮਾਂ ਨੇ ਆਪਣੇ ਦੇਸ਼ਾਂ ਨੂੰ ਸਿਰਫ਼ ਰਹਿਣਯੋਗ ਹੀ ਨਹੀਂ ਬਣਾਇਆ, ਸਗੋਂ ਅਜਿਹੀਆਂ ਆਰਥਿਕ ਅਤੇ ਸਮਾਜਿਕ ਵਿਵਸਥਾਵਾਂ ਕਾਇਮ ਕੀਤੀਆਂ ਜਿੱਥੇ ਦੁਨੀਆ ਦੇ ਹੋਰ ਗਰੀਬ ਜਾਂ ਵਿਕਾਸਸ਼ੀਲ ਦੇਸ਼ਾਂ ਦੇ ਲੋਕ ਵੀ ਆਪਣਾ ਭਵਿੱਖ ਬਣਾਉਣ ਦੀ ਆਸ ਨਾਲ ਪਹੁੰਚਦੇ ਹਨ।ਇੱਥੇ ਸਾਨੂੰ ਇੱਕ ਗੱਲ ਸਮਝਣ ਦੀ ਲੋੜ ਹੈ ਕਿ ਕਿਸੇ ਦੇਸ਼ ਦੀ ਤਰੱਕੀ ਸਿਰਫ਼ ਉਸ ਦੀ ਕੁਦਰਤੀ ਦੌਲਤ ਨਾਲ ਨਹੀਂ ਹੁੰਦੀ। ਅਸਲ ਤਰੱਕੀ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਹਾਕਮ ਉਸ ਦੌਲਤ ਦੀ ਵਰਤੋਂ ਕਿਸ ਤਰੀਕੇ ਨਾਲ ਕਰਦੇ ਹਨ। ਚੰਗਾ ਪ੍ਰਸ਼ਾਸਨ, ਇਮਾਨਦਾਰ ਨੀਤੀਆਂ, ਗੁਣਵੱਤਾ ਵਾਲੀ ਸਿੱਖਿਆ, ਰੁਜ਼ਗਾਰ ਦੇ ਮੌਕੇ, ਮਜ਼ਬੂਤ ਸਿਹਤ ਪ੍ਰਬੰਧ, ਕਾਨੂੰਨ ਦਾ ਰਾਜ ,ਟਰੈਫਿਕ ਪ੍ਰਬੰਧਨ ਅਤੇ ਭ੍ਰਿਸ਼ਟਾਚਾਰ 'ਤੇ ਕਾਬੂ ਆਦਿ ਇਹ ਉਹ ਬੁਨਿਆਦੀ ਚੀਜ਼ਾਂ ਹਨ ਜੋ ਕਿਸੇ ਦੇਸ਼ ਨੂੰ ਆਪਣੇ ਨਾਗਰਿਕਾਂ ਲਈ ਰਹਿਣਯੋਗ ਬਣਾਉਂਦੀਆਂ ਹਨਸਾਡੇ ਦੇਸ਼ ਵਿੱਚ ਕੁਦਰਤੀ ਸਰੋਤਾਂ ਦੀ ਕਮੀ ਨਹੀਂ, ਪਰ ਸਵਾਲ ਉਨ੍ਹਾਂ ਦੀ ਵੰਡ ਅਤੇ ਵਰਤੋਂ ਦਾ ਹੈ। ਜੇ ਦੇਸ਼ ਦੀ ਦੌਲਤ ਦਾ ਲਾਭ ਸਮਾਜ ਦੇ ਵੱਡੇ ਹਿੱਸੇ ਤੱਕ ਨਹੀਂ ਪਹੁੰਚਦਾ ਤੇ ਚੰਦ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿੱਚ ਜਾਂਦਾ ਹੋਵੇ ਅਤੇ ਆਮ ਨਾਗਰਿਕ ਨੂੰ ਆਪਣੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਲਈ ਵੀ ਸੰਘਰਸ਼ ਕਰਨਾ ਪਵੇ ਤਾਂ ਵਿਕਾਸ ਦੇ ਵੱਡੇ-ਵੱਡੇ ਦਾਅਵੇ ਲੋਕਾਂ ਨੂੰ ਖੋਖਲੇ ਲੱਗਣੇ ਸੁਭਾਵਿਕ ਹਨ। ਸਭ ਤੋਂ ਵੱਡੀ ਚਿੰਤਾ ਨੌਜਵਾਨਾਂ ਦੇ ਦੇਸ਼ ਛੱਡਣ ਦੀ ਹੈ। ਜਿਸ ਦੇਸ਼ ਦੀ ਸਭ ਤੋਂ ਵੱਡੀ ਤਾਕਤ ਉਸ ਦੀ ਨੌਜਵਾਨ ਆਬਾਦੀ ਹੋਵੇ, ਜੇ ਉਹੀ ਨੌਜਵਾਨ ਆਪਣੇ ਭਵਿੱਖ ਨੂੰ ਦੇਸ਼ ਤੋਂ ਬਾਹਰ ਦੇਖਣ ਲੱਗ ਪੈਣ ਤਾਂ ਇਹ ਕਿਸੇ ਵੀ ਸਰਕਾਰ ਲਈ ਗੰਭੀਰ ਚਿੰਤਾ ਦਾ ਵਿਸ਼ਾ ਹੋਣਾ ਚਾਹੀਦਾ ਹੈ। ਨੌਜਵਾਨਾਂ ਨੂੰ ਰੋਕਣ ਲਈ ਸਿਰਫ਼ ਭਾਸ਼ਣ ਕਾਫ਼ੀ ਨਹੀਂ। ਉਨ੍ਹਾਂ ਨੂੰ ਮਿਆਰੀ ਸਿੱਖਿਆ, ਯੋਗਤਾ ਅਨੁਸਾਰ ਰੁਜ਼ਗਾਰ, ਉਦਯੋਗ, ਸੁਰੱਖਿਅਤ ਵਾਤਾਵਰਨ ਅਤੇ ਮਿਹਨਤ ਦਾ ਉਚਿਤ ਮੁੱਲ ਦੇਣਾ ਪਵੇਗਾ।ਸਾਡੇ ਹਾਕਮਾਂ ਨੂੰ ਇਹ ਸਮਝਣਾ ਪਵੇਗਾ ਕਿ ਦੇਸ਼ ਸਿਰਫ਼ ਸੜਕਾਂ, ਇਮਾਰਤਾਂ ,ਪੁਲਾਂ ਅਤੇ ਅੰਕੜਿਆਂ ਨਾਲ ਨਹੀਂ ਬਣਦਾ। ਦੇਸ਼ ਉਸ ਵੇਲੇ ਬਣਦਾ ਹੈ ਜਦੋਂ ਉਸ ਦਾ ਆਮ ਨਾਗਰਿਕ ਆਪਣੇ ਘਰ ਵਿੱਚ ਸੁਰੱਖਿਅਤ, ਸਨਮਾਨਿਤ ਅਤੇ ਆਰਥਿਕ ਤੌਰ 'ਤੇ ਸਮਰੱਥ ਮਹਿਸੂਸ ਕਰੇ। ਕੁਦਰਤ ਨੇ ਸਾਨੂੰ ਬੇਸ਼ੁਮਾਰ ਦਾਤਾਂ ਦਿੱਤੀਆਂ ਹਨ। ਸਾਡੀ ਧਰਤੀ ਨੇ ਸਾਨੂੰ ਅੰਨ ਦਿੱਤਾ, ਸਾਡੀ ਵਿਰਾਸਤ ਨੇ ਸਾਨੂੰ ਵਿਚਾਰ ਦਿੱਤੇ ਅਤੇ ਸਾਡੇ ਗੁਰੂਆਂ-ਪੀਰਾਂ ਨੇ ਸਾਨੂੰ ਮਨੁੱਖਤਾ ਦਾ ਰਾਹ ਦਿਖਾਇਆ। ਹੁਣ ਵਾਰੀ ਹਾਕਮਾਂ ਦੀ ਹੈ ਕਿ ਉਹ ਅਜਿਹੀ ਵਿਵਸਥਾ ਬਣਾਉਣ ਜਿਸ ਵਿੱਚ ਸਾਡੇ ਬੱਚਿਆਂ ਨੂੰ ਆਪਣਾ ਭਵਿੱਖ ਬਣਾਉਣ ਲਈ ਆਪਣੀ ਮਿੱਟੀ ਛੱਡਣ ਦੀ ਮਜਬੂਰੀ ਨਾ ਹੋਵੇ।ਸਵਾਲ ਸਿਰਫ਼ ਇਹ ਨਹੀਂ ਕਿ ਸਾਡੇ ਨੌਜਵਾਨ ਵਿਦੇਸ਼ ਕਿਉਂ ਜਾ ਰਹੇ ਹਨ। ਅਸਲ ਸਵਾਲ ਇਹ ਹੈ ਕਿ ਅਸੀਂ ਆਪਣੇ ਦੇਸ਼ ਨੂੰ ਅਜਿਹਾ ਕਿਉਂ ਨਹੀਂ ਬਣਾ ਸਕੇ ਜਿੱਥੇ ਉਹ ਰਹਿਣਾ ਚਾਹੁਣ ?

# ਰੌਣਕਾਂ ਭਰਪੂਰ ਰਿਹਾ ਐਡਮਿੰਟਨ ਵਿੱਚ ਮੇਲਾ ਪੰਜਾਬਣਾਂ ਦਾ



ਐਡਮਿੰਟਨ (ਬਲਵਿੰਦਰ ਬਾਲਮ) ਐਡਮਿੰਟਨ ਸ਼ਹਿਰ ਚ ਬੀਤੇ ਦਿਨੀ ਪੰਜਾਬ ਯੂਨਾਈਟਡ ਕਲਚਰ ਕਲੱਬ ਵੱਲੋਂ ਵਾਲੀਬਾਲ ਸ਼ੂਟਿੰਗ ਸਮੈਸਿੰਗ ਮੇਲਾ ਪੰਜਾਬਣਾਂ ਦਾ ਮੈਡੋਜ ਰੈਕ ਸੈਂਟਰ 17 ਸਟਰੀਟ ਬਾਹਰ ਗਰਾਊਂਡ ਵਿਖੇ ਧੂਮ ਧਾਮ ਨਾਲ ਕਰਵਾਇਆ ਗਿਆ। ਇਸ ਮੇਲੇ ਵਿੱਚ ਸੀਪ ਟੂਰਨਾਮੈਂਟ, ਰੱਸਾਕਸ਼ੀ, ਬੱਚਿਆਂ ਦੀਆਂ ਦੌੜਾਂ, ਲੇਡੀਜ਼ ਮਿਊਜੀਕਲ ਚੇਅਰਜ਼, ਪੰਜਾਬੀ ਮੁਟਿਆਰਾਂ ਮੁਕਾਬਲੇ, ਪਹਿਰਾਵਾ ਮੁਕਾਬਲੇ ਵੀ ਕਰਵਾਏ ਗਏ। ਇਸ ਮੇਲੇ ਵਿੱਚ ਮੁਫਤ ਪ੍ਰਵੇਸ਼ ਅਤੇ ਮੁਫਤ ਭੋਜਨ ਪਦਾਰਥਾਂ ਦੀ ਵਧੀਆ ਵਿਵਸਥਾ ਸੀ। ਦੌੜਾਂ ਤੇ ਹੋਰ ਖੇਡ ਕਿਰਿਆਵਾਂ ਵਿੱਚ ਕ੍ਰਮਵਾਰ ਪਹਿਲੇ, ਦੂਜੇ ਅਤੇ ਤੀਜੇ ਸਥਾਨ ਤੇ ਜੇਤੂ ਰਹਿਣ ਵਾਲੇ ਸੁਖਬੀਰ, ਹਰਪ੍ਰੀਤ, ਗੁਰਵੀਰ, ਅਤੇ ਨਰਿੰਦਰ ਕੌਰ, ਸਵਰਨਜੀਤ ਕੌਰ, ਸੁਰਿੰਦਰ ਕੌਰ ਅਤੇ ਡੇਵਿਡ ਸਿੱਧੂ, ਪ੍ਰਭ ਸਿਮਰਨ, ਤੇਜਿੰਦਰ ਸਿੰਘ ਅਤੇ ਹਰਵਿੰਦਰ ਰਾਣਾ, ਪ੍ਰੇਮ ਫੌਜੀ ਅਤੇ ਤਜਿੰਦਰ ਸਿੰਘ, ਗੁਰਦੀਪ. ਚਰਨਜੀਤ ਅਤੇ ਸ਼ੁਭਪ੍ਰੀਤ, ਅਵਨੀਤ, ਗੁਰਨੂਰ ਤੇ ਅਮਰੀਤ ਮਨਵੀਰ ਐਸ਼ਮਨ ਅਤੇ ਸ਼ਾਬੀ ਜੋਤ, ਮੰਨਣ ਕਰਨਵੀਰ ਅਤੇ ਅਨਮੋਲ ਰਣਵੀਰ, ਨਵਰਾਜ ਤੇ ਰਮਨਦੀਪ, ਜਸਪ੍ਰੀਤ, ਰਾਜਵਿੰਦਰ ਅਤੇ ਦਰਸ਼ਨ ਸਿੰਘ ਢਿੱਲੋਂ, ਕਾਲੀ ਸੰਧੂ, ਸੁਰਿੰਦਰ, ਅਠਵਾਲ ਅਤੇ ਸੰਜੀਵ ਧੋਗੜੀ, ਸੁਖਬੀਰ ਸਿੰਘ ਅਤੇ ਸਬਰ ਬੀਰ, ਨਵਰੀਤ, ਉਦੇ ਸਿੰਘ ਸ਼ੀਨਾ ਅਤੇ ਕਬੀਰ ਅਵਰਾਜ, ਗੁਣਤਾਸ ਅਤੇ ਇਕਾਂਤ, ਯੋਧ ਸ਼ਾਹਬਤ ਅਤੇ ਸਮਰਪ੍ਰੀਤ, ਸਹਜ ਪ੍ਰੀਤ, ਰਣਵੀਰ ਸਿੰਘ ਰਹੇ। ਤਾਸ਼ ਮੁਕਾਬਲੇ ਵਿੱਚ ਪਹਿਲਾ ਸਥਾਨ ਕੁਲਵਿੰਦਰ ਸਿੱਧੂ ਤੇ ਚਰਨਾ ਵਾਇਰਿੰਗ, ਦੂਸਰਾ ਸਥਾਨ ਲਾਡੀ ਸੂਰਮਾ ਤੇ ਪ੍ਰੇਮ ਬਾਵਾ, ਤੀਸਰਾ ਸਥਾਨ ਸਰਬਜੀਤ ਗਰੇਵਾਲ ਅਤੇ ਅਵਤਾਰ ਰਾਏ ਨੇ ਹਾਸਿਲ ਕੀਤਾ। ਮੇਲਾ ਮੁਟਿਆਰਾਂ ਦਾ ਵਿੱਚ ਮਨੋਰੰਜਿਤ ਤੇ ਬਾਜ਼ਾਰ ਕਿਰਿਆਵਾਂ ਵਿੱਚ ਸਥਾਨਕ ਪੰਜਾਬੀ ਭਾਈਚਾਰੇ ਦੀਆਂ ਔਰਤਾਂ ਨੇ ਪੁਰਾਣੀਆਂ ਤੇ ਨਵੀਆਂ ਬੋਲੀਆਂ ਪਾ ਕੇ ਗਿੱਧੇ ਸੱਭਿਆਚਾਰ ਆਪਣੇ ਪੰਜਾਬੀ ਵਿਰਸੇ ਨਾਲ ਜੋੜਨ ਦਾ ਸੁਚੱਜਾ ਉਪਰਾਲਾ ਕੀਤਾ। ਮੁਟਿਆਰਾਂ ਨੂੰ ਵੇਖ ਕੇ ਇੰਝ ਪ੍ਰਤੀਤ ਹੋ ਰਿਹਾ ਸੀ ਜਿਵੇਂ ਸਾਰੇ ਪੰਜਾਬ ਦਾ ਗਿੱਧਾ ਇਥੇ ਉੱਤਰ ਆਇਆ ਹੋਵੇ। ਜੇਤੂ ਖਿਡਾਰੀਆਂ ਤੇ ਉਦਮੀਆਂ ਨੂੰ ਟਰੌਫੀਆਂ ਤੇ ਮੈਡਲ ਦੇ ਕੇ ਸਨਮਾਨਿਤ ਕੀਤਾ ਗਿਆ। ਇਹ ਦਿਨ ਯਾਦਗਾਰੀ ਮੇਲਾ ਹੋ ਨਿਬੜਿਆ। ਇਸ ਮੇਲੇ ਦੇ ਸੂਤਰਧਾਰ ਪ੍ਰਬੰਧਕ ਜੰਗ ਪਹਿਲਵਾਨ, ਚਰਨਜੀਤ ਸਿੰਘ ਤੇ ਗੁਰਿੰਦਰ ਸਿੰਘ ਸਿੱਧੂ, ਸਰਬਜੀਤ ਸਿੰਘ ਸਿੱਧੂ, ਕੁਲਵਿੰਦਰ ਸਿੰਘ ਸਿੱਧੂ, ਕਰਮਜੀਤ ਸਿੰਘ ਗਿੱਲ, ਕਮਲਜੀਤ ਕੌਰ ਸੰਧੂ ਨੇ ਮੇਲੇ ਦੇ ਵਧੀਆ ਪ੍ਰਬੰਧ ਨੂੰ ਚਾਰ ਚੰਨ ਲਗਾ ਦਿੱਤੇ। ਇਸ ਮੌਕੇ ਤੇ ਲੇਖਕਾਂ, ਬੁੱਧੀਜੀਵੀਆਂ ਤੇ ਪੱਤਰਕਾਰਾਂ ਨੇ ਵੀ ਸ਼ਮੂਲੀਅਤ ਕੀਤੀ। ਵਿਸ਼ੇਸ਼ ਤੌਰ ਤੇ ਮਨਜੀਤ ਸਿੰਘ ਫੇਰੂਮਾਨ, ਨਰਿੰਦਰ ਸਿੰਘ ਲੁਬਾਣਾ। ਦਲਬੀਰ ਸਿੰਘ ਰਿਆੜ, ਪਾਰਸ ਮਹੀਨੀਆਂ, ਸੁਖਦੇਵ ਸਿੰਘ, ਤਜਿੰਦਰ ਪਾਲ ਸਿੰਘ ਰਿਆੜ, ਕਰਨੈਲ ਸਿੰਘ, ਸਤਨਾਮ ਸਿੰਘ, ਕਾਰਜ ਸਿੰਘ, ਅਜੀਤ ਸਿੰਘ ਖੰਗੂੜਾ, ਪੁਰਦਮਨ ਸਿੰਘ, ਦਰਸ਼ਨ ਸਿੰਘ ਬਰਾੜ ਨੇ ਸ਼ਿਰਕਤ ਕੀਤੀ। ਮੰਚ ਸੰਚਾਲਨ ਦੇ ਫਰਜ਼ ਕਮਲਜੀਤ ਸਿੰਘ ਨੇ ਨਿਭਾਏ।

# ਨਾਰਥ ਈਸਟ ਸੀਨੀਅਰ ਸੁਸਾਇਟੀ ਵੱਲੋਂ ਯੋਗਾ ਸਮਾਗਮ ਕਰਵਾਇਆ ਗਿਆ



ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਨਾਰਥ ਈਸਟ ਸੀਨੀਅਰ ਸੁਸਾਇਟੀ (80 ਐਵਨਿਊ) ਵੱਲੋਂ ਇੱਕ ਵਿਸ਼ੇਸ਼ ਯੋਗਾ ਸਮਾਗਮ ਪ੍ਰਧਾਨ ਸ: ਕੇਵਲ ਸਿੰਘ ਲੋਹਾਰਾ ਜੀ ਦੀ ਅਗਵਾਈ ਹੇਠ ਬਹੁਤ ਹੀ ਸੁਚੱਜੇ ਅਤੇ ਉਤਸ਼ਾਹਪੂਰਵਕ ਢੰਗ ਨਾਲ ਕਰਵਾਇਆ ਗਿਆ ਕਰਵਾਇਆ ਗਿਆ। ਯੋਗਾ ਕਲਾਸ ਦੁਪਹਿਰ 12:00 ਵਜੇ ਤੋਂ 2:00 ਵਜੇ ਤੱਕ ਚੱਲੀ। ਸਮਾਗਮ ਵਿੱਚ ਸਾਡੇ ਮੈਂਬਰਾਂ ਨੇ ਵੱਡੇ ਉਤਸ਼ਾਹ ਨਾਲ ਭਾਗ ਲਿਆ। ਸਾਰਿਆਂ ਨੇ ਮਿਲ ਕੇ ਯੋਗਾ ਅਭਿਆਸ ਕੀਤਾ ਅਤੇ ਇੱਕ-ਦੂਜੇ ਨੂੰ ਸਿਹਤਮੰਦ ਅਤੇ ਸਰਗਰਮ ਜੀਵਨ ਜਿਊਣ ਲਈ ਪ੍ਰੇਰਿਤ ਕੀਤਾ। ਪ੍ਰਧਾਨ ਸ: ਕੇਵਲ ਸਿੰਘ ਲੋਹਾਰਾ ਨੇ ਦੱਸਿਆ ਕਿ ਸਮਾਗਮ ਦਾ ਮੁੱਖ ਉਦੇਸ਼ ਸਾਡੇ ਸੀਨੀਅਰ ਮੈਂਬਰਾਂ ਨੂੰ ਸਿਹਤਮੰਦ ਜੀਵਨ-ਸ਼ੈਲੀ ਵੱਲ ਪ੍ਰੇਰਿਤ ਕਰਨਾ ਅਤੇ ਸਰੀਰਕ ਤੰਦਰੁਸਤੀ ਦੇ ਨਾਲ-ਨਾਲ ਮਨ ਦੀ ਸ਼ਾਂਤੀ ਅਤੇ ਤਾਜ਼ਗੀ ਨੂੰ ਉਤਸ਼ਾਹਿਤ ਕਰਨਾ ਸੀ। ਇਸ ਤਰ੍ਹਾਂ ਦੇ ਸਮਾਗਮ ਸਾਡੇ ਸੀਨੀਅਰ ਮੈਂਬਰਾਂ ਨੂੰ ਇਕੱਠੇ ਹੋਣ, ਆਪਸੀ ਮਿਲਵਰਤਣ ਵਧਾਉਣ ਅਤੇ ਆਪਣੀ ਸਿਹਤ ਵੱਲ ਧਿਆਨ ਦੇਣ ਦਾ ਸੁੰਦਰ ਮੌਕਾ ਪ੍ਰਦਾਨ ਕਰਦੇ ਹਨ। ਉਹਨਾਂ ਸਮਾਗਮ ਨੂੰ ਸਫਲ ਬਣਾਉਣ ਲਈ ਯੋਗਾ ਨਾਲ ਜੁੜੇ ਸਾਰੇ ਸਹਿਯੋਗੀਆਂ, ਪ੍ਰਬੰਧਕਾਂ ਅਤੇ ਵਿਸ਼ੇਸ਼ ਤੌਰ ’ਤੇ ਸਾਰੇ ਮੈਂਬਰਾਂ ਦਾ ਵੀ ਦਿਲੋਂ ਧੰਨਵਾਦ ਕੀਤਾ।







# ਪਰਿਵਾਰਾਂ ਦਾ ਮੁੜ-ਮਿਲਣਾ (Family Reunion), ਝੰਡ ਪਰਿਵਾਰ ਦੀ ਮੁੜ-ਮਿਲਣੀ : 2026

**ਡਾ. ਸੁਖਦੇਵ ਸਿੰਘ ਝੰਡ**
ਫ਼ੋਨ : +1 647-567-9128

ਕਹਿਣ ਨੂੰ ਤਾਂ ਇਹ 'ਸੰਪਰਕ-ਯੁੱਗ' ਹੈ, ਕਿਉਂਕਿ ਮੋਬਾਈਲ ਫੋਨਾਂ ਅਤੇ ਹੋਰ ਡਿਜ਼ੀਟਲ ਸਾਧਨਾਂ ਨੇ ਦੁਨੀਆਂ ਦੀਆਂ ਭੌਤਿਕ ਦੂਰੀਆਂ ਬਹੁਤ ਘਟਾ ਦਿੱਤੀਆਂ ਹਨ ਪਰ ਇਸ ਵਿਚਾਰ ਨੂੰ ਜੇਕਰ ਅਸਲ ਜੀਵਨ ਉੱਤੇ ਲਾਗੂ ਕਰੀਏ ਤਾਂ ਇੱਕ ਦਿਲਚਸਪ ਵਿਰੋਧਾ-ਭਾਸ ਸਾਹਮਣੇ ਆਉਂਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਸਾਡੇ ਕੋਲ ਪਹਿਲਾਂ ਨਾਲੋਂ ਵੱਧ ਸੰਪਰਕ ਸਾਧਨ ਹਨ, ਪਰ ਇਨ੍ਹਾਂ ਨਾਲ਼ ਸਾਡੇ ਪਰਿਵਾਰਕ ਰਿਸ਼ਤੇ ਓਨੇ ਗੂੜ੍ਹੇ ਨਹੀਂ ਹੋ ਰਹੇ। ਇੱਕ ਪਰਿਵਾਰ ਦੇ ਚਾਰ-ਪੰਜ ਮੈਂਬਰ ਇੱਕੋ ਘਰ ਵਿੱਚ ਰਹਿੰਦੇ ਹੋਏ ਵੀ ਇੱਕ ਦੂਜੇ ਦੀ ਸੰਗਤ ਤੋਂ ਵਾਂਝੇ ਰਹਿੰਦੇ ਹਨ।

ਇਹ ਬੁਨਿਆਦੀ ਫ਼ਰਕ ਸਮਝਣ ਦੀ ਲੋੜ ਹੈ ਕਿ ਡਿਜ਼ੀਟਲ ਅਤੇ ਮਨੁੱਖੀ ਸੰਬੰਧ ਇੱਕੋ ਗੱਲ ਨਹੀਂ ਹਨ। ਤਕਨਾਲੋਜੀ ਭੌਤਿਕ ਦੂਰੀਆਂ ਮਿਟਾਉਣ ਲਈ ਹੈ ਅਤੇ ਪਰਿਵਾਰਕ ਮਿਲਣੀਆਂ ਦਿਲਾਂ ਦੀ ਦੂਰੀ ਮਿਟਾਉਣ ਲਈ ਹਨ। ਤਕਨਾਲੋਜੀ ਸਾਨੂੰ ਇੱਕ-ਦੂਜੇ ਨਾਲ਼ ਗੱਲਾਂ ਕਰਨ ਦੇ ਸਾਧਨ ਦੇ ਸਕਦੀ ਹੈ, ਪਰ ਪਰਿਵਾਰਕ ਨੇੜਤਾ, ਆਪਣਾਪਨ ਅਤੇ ਦਿਲੀ-ਸਾਂਝ ਪੈਦਾ ਕਰਨ ਲਈ ਇੱਕ ਦੂਜੇ ਨਾਲ਼ ਸਰੀਰਕ ਪੱਖੋਂ ਨੇੜੇ ਹੋ ਕੇ ਵਿਚਰਨਾ ਇਸ ਤੋਂ ਕਿਤੇ ਵੱਧ ਜ਼ਰੂਰੀ ਅਤੇ ਲਾਭਦਾਇਕ ਹੈ। ਇਸ ਲਈ ਪਰਿਵਾਰਕ ਮਿਲਣੀਆਂ ਅੱਜ ਪਹਿਲਾਂ ਨਾਲੋਂ ਵਧੇਰੇ ਮਹੱਤਵਪੂਰਨ ਹੋ ਗਈਆਂ ਹਨ ਅਤੇ ਏਨਾ ਹੀ ਜ਼ਰੂਰੀ ਨੇੜਲੇ ਰਿਸ਼ਤਿਆਂ ਰਾਹੀਂ ਜੁੜੇ ਪਰਿਵਾਰਾਂ ਦਾ ਆਪਸ 'ਚ ਸਮੇਂ-ਸਮੇਂ ਸਿਰ ਮਿਲਦੇ ਰਹਿਣਾ ਹੋ ਗਿਆ ਹੈ।

ਇਸ ਤਰ੍ਹਾਂ ਦੀਆਂ ਪਰਿਵਾਰਿਕ ਮਿਲਣੀਆਂ ਵਿੱਚ ਬੱਚੇ ਆਪਣੇ ਦਾਦਾ-ਦਾਦੀ ਜਾਂ ਨਾਨਾ-ਨਾਨੀ ਦੀਆਂ ਗੱਲਾਂ ਸਿੱਧੀਆਂ ਸੁਣਦੇ ਹਨ ਅਤੇ ਨੌਜਵਾਨ ਆਪਣੇ ਮਾਤਾ-ਪਿਤਾ ਦੇ ਬਚਪਨ ਅਤੇ ਪਰਿਵਾਰ ਦੇ ਇਤਿਹਾਸ ਬਾਰੇ ਜਾਣਦੇ ਹਨ। ਵੱਡੀ ਪੀੜ੍ਹੀ ਨੂੰ ਅਹਿਸਾਸ ਹੁੰਦਾ ਹੈ ਕਿ ਨਵੀਂ ਪੀੜ੍ਹੀ ਨਾਲ ਉਸ ਦਾ ਰਿਸ਼ਤਾ ਅਜੇ ਵੀ ਕਾਇਮ ਹੈ। ਪਰਿਵਾਰਕ ਯਾਦਾਂ ਸਿਰਫ਼ ਜਾਣਕਾਰੀ ਨਹੀਂ ਹੁੰਦੀਆਂ, ਉਹ ਭਾਵਨਾਤਮਕ ਵਿਰਾਸਤ ਹੁੰਦੀਆਂ ਹਨ। ਮਨੁੱਖੀ ਵਿਕਾਸ ਲਈ ਅਸਲ ਸਮਾਜਿਕ ਸੰਪਰਕ, ਖੇਡ, ਆਜ਼ਾਦੀ ਅਤੇ ਦੂਜਿਆਂ ਨਾਲ ਸਿੱਧਾ ਮਿਲਾਪ ਬਹੁਤ ਮਹੱਤਵਪੂਰਨ ਹਨ। ਪਰਿਵਾਰਕ ਮਿਲਣੀਆਂ ਨਵੀਂ ਪੀੜ੍ਹੀ ਨੂੰ ਆਪਣੀਆਂ ਜੜ੍ਹਾਂ ਨਾਲ ਜੋੜਦੀਆਂ ਹਨ।

ਅੱਜ ਜਦੋਂ 'ਬਨਾਉਟੀ ਬੁੱਧੀ' (ਏ.ਆਈ.) ਮਨੁੱਖੀ ਗੱਲਬਾਤ, ਸਲਾਹ-ਮਸ਼ਵਰਾ ਅਤੇ ਸਾਥ ਦੇਣ ਦੀ ਸਮਰੱਥਾ ਵੀ ਤੇਜ਼ੀ ਨਾਲ ਵਧਾ ਰਹੀ ਹੈ ਤਾਂ ਇਹ ਸਵਾਲ ਹੋਰ ਮਹੱਤਵਪੂਰਨ ਹੋ ਜਾਂਦਾ ਹੈ ਕਿ ਮਨੁੱਖ ਨੂੰ ਅਸਲ ਮਨੁੱਖੀ ਸੰਗਤ ਦੀ ਲੋੜ ਕਿਉਂ ਹੈ ? ਏ.ਆਈ. ਸਾਨੂੰ ਜਾਣਕਾਰੀ ਦੇ ਸਕਦੀ ਹੈ, ਪਰ ਪਰਿਵਾਰ ਸਾਨੂੰ 'ਆਪਣਾਪਨ' ਦਿੰਦਾ ਹੈ। ਇਸ ਲਈ ਜਿੰਨੀ ਤੇਜ਼ੀ ਨਾਲ ਤਕਨਾਲੋਜੀ ਸਾਡੀ ਜ਼ਿੰਦਗੀ ਵਿੱਚ ਦਾਖ਼ਲ ਹੋ ਰਹੀ ਹੈ, ਓਨੀ ਹੀ ਸੂਝ-ਬੂਝ ਨਾਲ ਸਾਨੂੰ ਪਰਿਵਾਰਕ ਮਿਲਣੀਆਂ ਦੀ ਪਰੰਪਰਾ ਨੂੰ ਮਜ਼ਬੂਤ ਕਰਨਾ ਚਾਹੀਦਾ ਹੈ। ਇਸ ਤਰ੍ਹਾਂ ਨੌਜੁਆਨ, ਬਜੁਰਗਾਂ ਤੋਂ ਬਹੁਤ ਕੁਝ ਸਿੱਖ ਸਕਦੇ ਹਨ ਅਤੇ ਬਜੁਰਗ ਨੌਜੁਆਨਾਂ ਤੋਂ ਬਹੁਤ ਕੁਝ ਸਿੱਖ ਸਕਦੇ ਹਨ।

ਇਹ ਗੱਲ ਦੋ ਹਜ਼ਾਰ ਸਾਲ ਪਹਿਲਾਂ ਹੋਏ ਪ੍ਰਸਿੱਧ ਰੋਮਨ ਦਾਰਸ਼ਨਿਕ ਸਿਸਰੋ ਦੇ ਵਿਚਾਰਾਂ ਨਾਲ਼ ਮੇਲ਼ ਖਾਂਦੀ ਹੈ ਹੈ। ਉਸਦੇ ਅਨੁਸਾਰ ਉਹ ਜਵਾਨ ਚੰਗਾ ਹੁੰਦਾ ਹੈ ਜਿਸ ਵਿੱਚ ਬੁਜ਼ੁਰਗਾਂ ਵਾਲ਼ੀ ਸਿਆਣਪ ਹੋਵੇ, ਅਤੇ ਬੁਜ਼ੁਰਗ ਉਹ ਚੰਗਾ ਹੁੰਦਾ ਹੈ ਜਿਸ ਵਿੱਚ ਜਵਾਨਾਂ ਵਾਲ਼ੀ ਤਾਜ਼ਗੀ ਅਤੇ ਉਤਸ਼ਾਹ ਹੋਵੇ। ਸਿਆਣਪ ਤੋਂ ਬਿਨਾਂ ਜਵਾਨੀ ਬੇ-ਲਗਾਮ ਹੋ ਸਕਦੀ ਹੈ ਅਤੇ ਉਤਸ਼ਾਹ ਤੋਂ ਬਿਨਾਂ ਬੁਢਾਪਾ ਨਿਰਜੀਵ ਹੋ ਜਾਂਦਾ ਹੈ। ਸਿਸਰੋ ਦੇ ਵਿਚਾਰ ਦੀ ਪੇਚੀਦਗੀ ਇਹ ਹੈ ਕਿ ਬੁਜ਼ੁਰਗ ਤਾਂ ਜਵਾਨੀ ਨੂੰ ਸਮਝਦੇ ਹਨ, ਕਿਉਂਕਿ ਉਹ ਖੁਦ ਉਸ ਵਿੱਚੋਂ ਲੰਘ ਚੁੱਕੇ ਹੁੰਦੇ ਹਨ। ਪਰ ਜਵਾਨਾਂ ਨੂੰ, ਬਜੁਰਗਾਂ ਨਾਲ਼ ਤਾਲ-ਮੇਲ ਦੇ ਫ਼ਾਇਦਿਆਂ ਅਤੇ ਇਸ ਦੀ ਲੋੜ ਦਾ ਅਹਿਸਾਸ ਨਹੀਂ ਹੁੰਦਾ। ਪਰਿਵਾਰਕ ਮਿਲਣੀ ਦੀ ਖ਼ੂਬਸੂਰਤੀ ਇਹ ਹੈ ਕਿ ਇਹ ਸਿਰਫ਼ ਨੌਜਵਾਨਾਂ ਨੂੰ ਬਜ਼ੁਰਗਾਂ ਤੋਂ ਸਿੱਖਣ ਦਾ ਮੌਕਾ ਹੀ ਨਹੀਂ ਦਿੰਦੀ, ਸਗੋਂ ਬਜ਼ੁਰਗ ਵੀ ਨੌਜਵਾਨਾਂ ਤੋਂ ਬਦਲਦੀ ਦੁਨੀਆਂ, ਨਵੀਂ ਤਕਨਾਲੋਜੀ ਅਤੇ ਨਵੇਂ ਵਿਚਾਰ ਸਿੱਖ ਸਕਦੇ ਹਨ। ਬਜ਼ੁਰਗਾਂ ਕੋਲ ਜੀਵਨ ਦਾ ਤਜਰਬਾ ਹੈ ਅਤੇ ਨੌਜਵਾਨਾਂ ਕੋਲ ਨਵੀਂ ਦੁਨੀਆਂ ਨੂੰ ਸਮਝਣ ਦੀ ਤਾਜ਼ਗੀ। ਜਦੋਂ ਦੋਵੇਂ ਪੀੜ੍ਹੀਆਂ ਮਿਲ਼ ਕੇ ਇੱਕ ਮੇਜ਼ 'ਤੇ ਬੈਠਦੀਆਂ ਹਨ ਅਤੇ ਇਕੱਠੀਆਂ ਵਿਚਰਦੀਆਂ ਹਨ ਤਾਂ ਗਿਆਨ ਦਾ ਦਰਿਆ ਸਿਰਫ਼ ਇੱਕ ਪਾਸੇ ਨਹੀਂ ਵਗਦਾ, ਇਹ ਦੋਹਾਂ ਪਾਸਿਆਂ ਤੋਂ ਵਗਦਾ ਹੈ। ਬਜ਼ੁਰਗ ਅਤੀਤ ਦੀ ਯਾਦ ਲਿਆਉਂਦੇ ਹਨ, ਮਾਪੇ ਵਰਤਮਾਨ ਨੂੰ ਸੰਭਾਲਦੇ ਹਨ ਅਤੇ ਨੌਜਵਾਨ ਭਵਿੱਖ ਲਿਆਉਂਦੇ ਹਨ। ਪਰਿਵਾਰਕ ਮਿਲਣੀ ਉਹ ਥਾਂ ਹੈ ਜਿੱਥੇ ਇਹ ਤਿੰਨੇ ਸਮੇਂ —ਅਤੀਤ, ਵਰਤਮਾਨ ਅਤੇ ਭਵਿੱਖ ਇੱਕੋ ਮੇਜ਼ 'ਤੇ ਬੈਠਦੇ ਹਨ।

ਪਰਿਵਾਰਾਂ ਦਾ ਮੁੜ-ਮਿਲਣਾ (Family Reunion) ਆਮ ਪਰਿਵਾਰਕ ਮਿਲਣੀਆਂ ਤੋਂ ਵੱਖਰਾ ਹੈ। ਦਰਅਸਲ, ਇਹ ਇਸ ਤੋਂ ਅਗਾਂਹ ਦੀ ਗੱਲ ਹੈ। ਪਰਿਵਾਰਕ ਮੁੜ-ਮਿਲਣੀਆਂ ਵਿੱਚ ਪਰਿਵਾਰ ਦੇ ਮੈਂਬਰਾਂ, ਨੇੜਲੇ ਰਿਸ਼ਤੇਦਾਰਾਂ ਅਤੇ ਬੱਚਿਆਂ ਨੂੰ ਇੱਕ ਦੂਸਰੇ ਨਾਲ ਮਿਲਣ ਦਾ ਬਹੁਤ



ਵਧੀਆ ਮੌਕਾ ਮਿਲਦਾ ਹੈ। ਪੁਰਾਣੀ ਅਤੇ ਨਵੀਂ ਪੀੜ੍ਹੀ ਦਾ ਮੇਲ਼ ਹੁੰਦਾ ਹੈ, ਬੱਚਿਆਂ ਨੂੰ ਪਰਿਵਾਰਕ ਰਿਸ਼ਤਿਆਂ ਦੀ ਸਮਝ ਪੈਂਦੀ ਹੈ ਅਤੇ ਉਹ ਇੱਕ ਦੂਸਰੇ ਨੂੰ ਜਾਣਨ ਲੱਗਦੇ ਹਨ। ਇਹ ਪਰਿਵਾਰਕ ਮੁੜ-ਮਿਲਣੀਆਂ ਜ਼ਰੂਰੀ ਨਹੀਂ ਕਿ ਵੱਡੇ ਪੱਧਰ 'ਤੇ ਕਿਸੇ ਬੈਂਕੁਇਟ ਹਾਲ ਵਿੱਚ ਹੀ ਕੀਤੀਆਂ ਜਾਣ। ਸੀਮਤ ਰੂਪ ਵਿੱਚ ਇਹ ਘਰ ਦੇ ਪਿਛਵਾੜੇ 'ਬੈਕ-ਯਾਰਡ' ਵਿੱਚ ਵੀ ਆਯੋਜਿਤ ਕੀਤੀਆਂ ਜਾ ਸਕਦੀਆਂ ਹਨ। ਪਰ ਘਰਾਂ ਵਿੱਚ ਜਗ੍ਹਾ ਸੀਮਤ ਹੋਣ ਕਰਕੇ ਇੱਕ ਸਮੇਂ ਇੱਕ ਜਾਂ ਦੋ ਪਰਿਵਾਰਾਂ ਨੂੰ ਹੀ ਬੁਲਾਇਆ ਜਾ ਸਕਦਾ ਹੈ ਅਤੇ ਵੱਡੇ ਪੱਧਰ 'ਤੇ ਪਰਿਵਾਰਕ ਮਿਲਣੀਆਂ ਕਰਨ ਲਈ ਬੈਂਕੁਇਟ-ਹਾਲ ਜਾਂ ਕਿਸੇ ਰੈਸਟੋਰੈਂਟ ਦੇ ਛੋਟੇ ਜਾਂ ਦਰਮਿਆਨੇ ਹਾਲ ਦੀ ਜ਼ਰੂਰਤ ਪੈਂਦੀ ਹੈ।

ਪੈਸੇ ਦੀ ਦੌੜ ਵਿੱਚ ਅੱਜਕੱਲ੍ਹ ਜਨ-ਜੀਵਨ ਅਤੀ ਰੁਝੇਵਿਆਂ ਭਰਭੂਰ ਹੋ ਗਿਆ ਹੈ। ਇਨ੍ਹਾਂ ਕਥਿੱਤ 'ਵਿਕਸਿਤ ਅਖਵਾਉਂਦੇ ਦੇਸ਼ਾਂ' (Developed countries) ਵਿੱਚ ਪਰਿਵਾਰਾਂ ਦੇ ਬਾਲਗ ਮੈਂਬਰ ਆਪੋ-ਆਪਣੇ ਕਾਰੋਬਾਰਾਂ ਅਤੇ ਨੌਕਰੀਆਂ ਵਿੱਚ ਏਨੇ ਰੁੱਝੇ ਹੋਏ ਹਨ ਕਿ ਉਨ੍ਹਾਂ ਕੋਲ ਇੱਕ ਦੂਸਰੇ ਨਾਲ ਗੱਲਬਾਤ ਸਾਂਝੀ ਕਰਨ ਦੀ ਵਿਹਲ ਨਹੀਂ ਹੈ। ਕਈ 'ਇਕਹਿਰੇ ਪਰਿਵਾਰਾਂ' (Nuclear families) ਵਿੱਚ ਤਾਂ ਮੀਆਂ-ਬੀਵੀ ਹਫ਼ਤੇ ਦੇ ਅਖ਼ੀਰਲੇ ਦਿਨੀਂ (Weekends) ਹੀ ਚੱਜ ਨਾਲ ਇੱਕ ਦੂਸਰੇ ਨੂੰ ਮਿਲ਼ਦੇ ਹਨ। ਉਨ੍ਹਾਂ ਵਿੱਚੋਂ ਕੋਈ ਸਵੇਰ ਦੀ ਸ਼ਿਫ਼ਟ 'ਤੇ ਜਾਂਦਾ ਹੈ ਤੇ ਕੋਈ ਸ਼ਾਮ ਦੀ। ਹਫ਼ਤੇ ਦੇ ਵਿਚਲੇ ਦਿਨਾਂ ਵਿੱਚ ਤਾਂ ਉਨ੍ਹਾਂ ਵਿਚਕਾਰ ਮਸਾਂ 'ਹੈਲੋ-ਹਾਏ' ਹੀ ਹੁੰਦੀ ਹੈ।

ਇਸ ਤੋਂ ਅਗਲੀ ਗੱਲ 'ਸੰਯੁਕਤ ਪਰਿਵਾਰਾਂ' (Joint families) ਅਤੇ 'ਵਿਸਤ੍ਰਿਤ ਪਰਿਵਾਰਾਂ' (Extended families) ਦੀ ਹੈ, ਜੋ ਕਿ ਦਾਦਾ-ਦਾਦੀ/ਨਾਨਾ-ਨਾਨੀ ਅਤੇ ਹੋਰ ਰਿਸ਼ਤੇਦਾਰਾਂ ਨੂੰ ਸ਼ਾਮਲ ਕਰਕੇ ਬਣਦੇ ਹਨ। ਇਹ ਇਕਹਿਰੇ ਪਰਿਵਾਰ ਤੋਂ ਪਰੇ ਦੀ ਗੱਲ ਹੈ। ਇਨ੍ਹਾਂ ਪਰਿਵਾਰਾਂ ਦੇ ਮੈਂਬਰਾਂ ਦਾ ਇੱਕ-ਦੂਸਰੇ ਨੂੰ ਮਿਲਣਾ-ਗਿਲਣਾ ਤਾਂ ਇੱਕ ਪਾਸੇ ਰਿਹਾ, ਉਨ੍ਹਾਂ ਵਿੱਚੋਂ ਕਈ ਇੱਕ ਦੂਜੇ ਦਾ ਨਾਂ ਤੱਕ ਵੀ ਨਹੀਂ ਜਾਣਦੇ। ਉਨ੍ਹਾਂ ਵਿੱਚੋਂ ਬਹੁਤ ਸਾਰੇ ਅੱਜਕੱਲ੍ਹ ਵੱਖ-ਵੱਖ ਸ਼ਹਿਰਾਂ ਤੇ ਕਸਬਿਆਂ ਵਿੱਚ ਰਹਿੰਦੇ ਹਨ ਅਤੇ ਕਈ ਵੱਖ-ਵੱਖ ਦੇਸ਼ਾਂ ਵਿੱਚ ਵੀ ਹੁੰਦੇ ਹਨ। ਅਜਿਹੀ ਹਾਲਤ ਵਿੱਚ ਉਹ ਇੱਕ ਦੂਸਰੇ ਨੂੰ ਜਾਣ ਵੀ ਕਿਵੇਂ ਸਕਦੇ ਹਨ ?

ਉਂਜ, ਵੇਖਿਆ ਜਾਏ ਤਾਂ ਹਰੇਕ ਇਨਸਾਨ ਵਿੱਚ ਆਪਣੇ ਪਰਿਵਾਰ ਦੇ ਵੱਡੇ ਜੀਆਂ ਨੂੰ ਮਿਲਣ ਅਤੇ ਆਪਣੇ ਪਰਿਵਾਰਕ ਪਿਛੋਕੜ ਬਾਰੇ ਜਾਣਨ ਦੀ ਇੱਛਾ ਜ਼ਰੂਰ ਹੁੰਦੀ ਹੈ। ਉਹ ਕਈ ਵਾਰ ਇਕੱਲਾ ਬੈਠਾ ਆਪਣੀਆਂ 'ਜੜ੍ਹਾਂ' ਨੂੰ ਲੱਭਣ ਤੇ ਉਨ੍ਹਾਂ ਨੂੰ ਡੂੰਘਾਈ ਨਾਲ ਤਲਾਸ਼ਣ ਦਾ ਯਤਨ ਕਰਦਾ ਹੈ। ਉਹ ਜਾਣਨਾ ਚਾਹੁੰਦਾ ਹੈ ਕਿ ਉਸਦੇ ਵੱਡ-ਵਡੇਰੇ 'ਪੁਰਖ਼ੇ' ਕੌਣ ਸਨ ? ਉਹ ਕਿੱਥੇ-ਕਿੱਥੇ ਰਹਿੰਦੇ ਤੇ ਕਿਵੇਂ ਵਿਚਰਦੇ ਰਹੇ ਹਨ ? ਉਨ੍ਹਾਂ ਦੀ ਆਪਸੀ ਸਾਂਝ ਕਿਹੋ ਜਿਹੀ ਸੀ ?

ਪਰਿਵਾਰਕ ਮਿਲਣੀਆਂ ਨਾਲ ਸਾਨੂੰ ਆਪਣੇ 'ਫੈਮਿਲੀ ਟਰੀ' (Family Tree) ਬਾਰੇ ਪਤਾ ਲੱਗਦਾ ਹੈ। ਸਾਡੇ ਪੁਰਖ਼ਿਆਂ ਦਾ ਪਿਛੋਕੜ ਕੀ ਸੀ ਅਤੇ ਸਾਡੇ ਦਾਦੇ, ਪੜਦਾਦੇ ਤੇ ਨਕੜਦਾਦੇ ਕੌਣ ਸਨ। ਇਹ ਮਿਲਣੀਆਂ ਸਾਡੇ 'ਫੈਮਿਲੀ ਟਰੀ' ਨੂੰ ਮਜ਼ਬੂਤ ਕਰਦੀਆਂ ਹਨ ਅਤੇ ਉਸ ਨੂੰ ਹੋਰ ਅੱਗੇ ਵਧਾਉਂਦੀਆਂ ਹਨ। ਇਨ੍ਹਾਂ ਨਾਲ ਸਾਡੀ ਸਮਾਜਿਕ ਤੇ ਸੱਭਿਆਚਾਰਕ ਸਾਂਝ ਵਿੱਚ ਵਾਧਾ ਹੁੰਦਾ ਹੈ ਅਤੇ ਅਗਲੀ ਪੀੜ੍ਹੀ ਦੇ ਬੱਚਿਆਂ ਵਿੱਚ ਤਾਲ-ਮੇਲ ਵੱਧਦਾ ਹੈ। ਇਸ ਸਮਾਜਿਕ ਸਾਂਝ ਤੇ ਤਾਲ-ਮੇਲ ਦੀ ਅੱਜ ਦੇ ਯੁੱਗ ਵਿੱਚ ਵਧੇਰੇ ਲੋੜ ਹੈ।

ਪਰਿਵਾਰਕ ਰਿਸ਼ਤਿਆਂ ਵਿਚਕਾਰ ਦੂਰੀਆਂ ਨੂੰ ਘਟਾਉਣ ਅਤੇ ਉਨ੍ਹਾਂ ਨੂੰ ਆਪਸ ਵਿੱਚ ਮੁੜ ਮਿਲਾਉਣ ਲਈ 'ਝੰਡ ਪਰਿਵਾਰ' ਵੱਲੋਂ ਇੱਕ ਖ਼ੂਬਸੂਰਤ ਅਤੇ ਸੁਹਿਰਦ ਯਤਨ ਵਜੋਂ ਕੈਨੇਡਾ ਦੇ ਸੂਬੇ ਅਲਬਰਟਾ ਦੇ ਸ਼ਹਿਰ ਕੈਲਗਰੀ ਵਿੱਚ ਪਹਿਲੀ ਅਗਸਤ ਤੋਂ 7 ਅਗਸਤ 2026 ਤੱਕ 'ਪਰਿਵਾਰਕ ਮੁੜ-ਮਿਲਣੀ' ਆਯੋਜਿਤ ਕੀਤੀ ਗਈ। ਇਸਦੇ ਲਈ ਕੈਲਗਰੀ ਸ਼ਹਿਰ ਦੀ ਚੋਣ ਕਰਨ ਦਾ ਮੁੱਖ ਕਾਰਨ ਇੱਥੇ ਇਸ ਝੰਡ ਪਰਿਵਾਰ ਦੇ ਚਾਰ ਪਰਿਵਾਰਾਂ ਦੀ ਪਿਛਲੇ ਕਈ ਸਾਲਾਂ ਤੋਂ ਪੱਕੀ ਰਿਹਾਇਸ਼ ਦਾ ਹੋਣਾ ਸੀ ਅਤੇ ਇਸਦੇ ਨਾਲ ਹੀ ਇਸ ਤੋਂ ਲੱਗਭੱਗ 200 ਕਿਲੋਮੀਟਰ ਦੂਰ ਪੈਂਦੇ ਸ਼ਹਿਰ ਐਡਮੰਟਨ ਵਿੱਚ ਇਸ ਪਰਿਵਾਰ ਦੀ ਇੱਕ ਹੋਰ ਸ਼ਾਖ ਦਾ 'ਬਸੇਰਾ' ਵੀ ਇਸ ਚੋਣ ਵਿੱਚ ਵਾਧਾ ਕਰਦਾ ਸੀ। ਉਹ ਸਾਰੇ ਮਿਲ਼ ਕੇ ਮੇਜ਼ਬਾਨੀ ਕਰਕੇ ਇਸ ਪਰਿਵਾਰਕ ਮੁੜ-ਮਿਲਣੀ ਦਾ ਵਧੀਆ ਪ੍ਰਬੰਧ ਕਰ ਸਕਦੇ ਸਨ ਅਤੇ ਉਨ੍ਹਾਂ ਨੇ ਇਹ ਸਫ਼ਲਤਾ ਪੂਰਵਕ ਕਰ ਵਿਖਾਇਆ ਵੀ। ਪਰਿਵਾਰ ਦੇ ਹੋਰ ਮੈਂਬਰਾਂ ਨੇ ਓਨਟਾਰੀਓ ਦੇ ਸ਼ਹਿਰਾਂ ਬਰੈਂਪਟਨ ਤੇ ਸਡਬਰੀ, ਬ੍ਰਿਟਿਸ਼ ਕੋਲੰਬੀਆ ਦੇ ਵੈਨਕੂਵਰ ਤੇ ਸਰੀ ਅਤੇ ਅਮਰੀਕਾ ਦੇ ਸ਼ਹਿਰਾਂ ਸੈਨ ਐਨਟਾਨੀਓ, ਰੈੱਡਵੁੱਡ ਸਿਟੀ ਤੇ ਨਿਊਯਾਰਕ ਤੋਂ ਆਉਣਾ ਸੀ। ਸਬੱਬ ਨਾਲ ਇੱਕ ਪਰਿਵਾਰ ਦੇ ਦੋ ਮੈਂਬਰ ਇਹਨੀ ਦਿਨੀਂ ਪਟਿਆਲੇ ਤੋਂ ਆਪਣੇ ਬੱਚਿਆਂ ਨੂੰ ਮਿਲਣ ਲਈ ਸਰੀ ਬੀ.ਸੀ. ਆਏ ਹੋਏ ਸਨ ਅਤੇ ਉਨ੍ਹਾਂ ਵੱਲੋਂ ਵੀ ਇਸ ਪਰਿਵਾਰਕ ਮੁੜ-ਮਿਲਣੀ ਵਿੱਚ ਵਧੀਆ ਵਾਧਾ ਕੀਤਾ ਗਿਆ।

ਇਸ ਪਰਿਵਾਰਕ ਮੁੜ-ਮਿਲਣੀ ਦੇ ਮੁੱਖ-ਪ੍ਰਬੰਧਕਾਂ ਡਾ. ਪਲਵਿੰਦਰਜੀਤ ਸਿੰਘ ਝੰਡ ਅਤੇ ਡਾ. ਸੁਖਵਿੰਦਰ ਸਿੰਘ ਥਿੰਦ ਵੱਲੋਂ ਇਸਦਾ ਪ੍ਰੋਗਰਾਮ ਲੱਗਭੱਗ ਅੱਠ ਮਹੀਨੇ ਪਹਿਲਾਂ ਹੀ ਇੱਕ ਹਫ਼ਤੇ ਲਈ ਉਲੀਕ ਲਿਆ ਗਿਆ ਸੀ। ਇਸਦੇ ਲਈ ਵੱਖ-ਵੱਖ ਝੰਡ ਪਰਿਵਾਰ ਦੇ ਸਮੂਹ ਮੈਂਬਰਾਂ ਨੂੰ 31 ਜੁਲਾਈ ਜਾਂ ਇਸ ਤੋਂ ਇੱਕ-ਦੋ ਦਿਨ ਪਹਿਲਾਂ ਕੈਲਗਰੀ ਪਹੁੰਚਣ ਦੀ ਤਾਕੀਦ ਕੀਤੀ ਗਈ ਸੀ। ਸਾਡੇ ਵਰਗੇ ਕਈ ਸੀਨੀਅਰ ਮੈਂਬਰ ਤਾਂ ਇਸ ਤੋਂ ਤਿੰਨ ਦਿਨ ਪਹਿਲਾਂ 28 ਜੁਲਾਈ ਨੂੰ ਹੀ ਪਹੁੰਚ ਗਏ। ਕੁਝ ਮੈਂਬਰ 30 ਜੁਲਾਈ ਨੂੰ ਆਏ। ਕਈ ਇਸਦੇ ਲਈ ਨਿਸਚਤ ਕੀਤੇ ਗਏ ਦਿਨ 31 ਜੁਲਾਈ ਦੀ ਸਵੇਰ ਨੂੰ ਆਏ ਤੇ ਕਈ ਬਾਅਦ ਦੁਪਹਿਰ ਵੀ ਪਹੁੰਚੇ। ਅਜਿਹੇ ਮੌਕਿਆਂ 'ਤੇ ਪਹੁੰਚਣ ਦੀ ਹਰੇਕ ਦੀ ਆਪੋ-ਆਪਣੀ ਮਜਬੂਰੀ ਹੋ ਜਾਂਦੀ ਹੈ।

ਪ੍ਰਬੰਧਕਾਂ ਵੱਲੋਂ ਪਰਿਵਾਰਕ ਮੁੜ-ਮਿਲਣੀ ਦਾ ਮੁੱਖ-ਸਮਾਗ਼ਮ ਕੈਲਗਰੀ ਦੇ ਰੈਸਟੋਰੈਂਟ 'ਫ਼ਹਾਦ' ਦੇ ਬੇਸਮੈਂਟ-ਹਾਲ ਵਿੱਚ ਰੱਖਿਆ ਗਿਆ। ਹਾਲ ਵਿੱਚ ਡੱਠੇ 9 ਗੋਲ਼ ਮੇਜ਼ਾਂ ਦੇ ਆਲ਼ੇ-ਦੁਆਲੇ 10-10 ਕੁਰਸੀਆਂ ਸਜਾਈਆਂ ਹੋਈਆਂ ਸਨ। ਇਸ ਤਰ੍ਹਾਂ ਇਸ ਸਮਾਗ਼ਮ ਵਿੱਚ 12 ਝੰਡ ਪਰਿਵਾਰਾਂ ਦੇ 70 ਤੋਂ ਉੱਪਰ ਮੈਂਬਰ ਸ਼ਾਮਲ ਹੋਏ। ਟੇਬਲਾਂ ਉੱਪਰ ਹਰੇਕ ਪਰਿਵਾਰ ਦੇ 'ਮੁਖੀ' ਦਾ ਨਾਂ ਕਾਰਡ ਬੋਰਡ ਉੱਪਰ ਮੋਟੇ ਅੱਖਰਾਂ ਵਿੱਚ ਲਿਖ ਕੇ ਲਗਾਇਆ ਗਿਆ ਤਾਂ ਜੋ ਇੱਕ ਪਰਿਵਾਰ ਦੇ ਮੈਂਬਰ ਇੱਕ ਹੀ ਟੇਬਲ ਦੁਆਲੇ ਬੈਠਣ। ਹਾਲ ਦੀਆਂ ਦੀਵਾਰਾਂ ਵਿੱਚ ਪਹਿਲਾਂ ਤੋਂ ਬਣਾਈਆਂ ਗਈਆਂ ਵਿਸ਼ੇਸ਼ ਥਾਵਾਂ ਉੱਪਰ ਝੰਡ ਪਰਿਵਾਰ ਦਾ 'ਮੁੱਖ ਫੈਮਿਲੀ ਟਰੀ' ਜੋ ਇਸ ਪਰਿਵਾਰ ਦੀਆਂ 18 ਪੀੜ੍ਹੀਆਂ ਨੂੰ ਬਾਖ਼ੂਬੀ ਦਰਸਾ ਰਿਹਾ ਸੀ ਅਤੇ ਇਸਦੇ ਨਾਲ ਹੀ ਅੱਗੋਂ ਹਰੇਕ ਪਰਿਵਾਰ ਦੇ ਵੱਖੋ-ਵੱਖਰੇ 'ਫੈਮਿਲੀ ਟਰੀ' ਵੱਖ-ਵੱਖ ਨਿਸਚਤ ਕੀਤੀਆਂ ਗਈਆਂ ਥਾਵਾਂ 'ਤੇ ਚਾਰਟਾਂ ਦੇ ਰੂਪ ਵਿੱਚ ਪੰਜਾਬੀ ਅਤੇ ਅੰਗਰੇਜ਼ੀ ਵਿੱਚ ਪਹਿਲਾਂ ਤੋਂ ਤਿਆਰ ਕੀਤੇ ਹੋਏ, ਲਗਾਏ ਗਏ ਸਨ। ਹਰੇਕ ਪਰਿਵਾਰ ਦੇ ਮੈਂਬਰ ਇਹ ਚਾਰਟ ਬੜੇ ਗਹੁ ਨਾਲ ਵੇਖ ਰਹੇ ਸਨ ਅਤੇ ਆਪਣੇ ਪਰਿਵਾਰ ਦੀਆਂ ਜੜ੍ਹਾਂ ਝੰਡ ਪਰਿਵਾਰ ਦੇ 'ਮੁੱਖ ਚਾਰਟ' ਵਿੱਚੋਂ ਲੱਭ ਰਹੇ ਹਨ। ਇਨ੍ਹਾਂ ਪਰਿਵਾਰਾਂ ਦੇ ਬਾਲਗ ਮੈਂਬਰ ਤਾਂ ਪੰਜਾਬੀ ਵਾਲੇ ਚਾਰਟ ਹੀ ਵੇਖ ਰਹੇ ਸਨ ਪਰ ਅਜੋਕੀ ਪੀੜ੍ਹੀ ਦੇ ਕਈ ਮੈਂਬਰਾਂ ਨੂੰ ਪੰਜਾਬੀ ਪੜ੍ਹਨੀ ਨਾ ਆਉਣ ਕਰਕੇ ਉਹ ਇਹ ਚਾਰਟ ਅੰਗਰੇਜ਼ੀ ਵਿੱਚ ਦੇਖ ਰਹੇ ਸਨ।

ਚਾਹ-ਪਾਣੀ ਅਤੇ ਸਨੈਕਸ ਲੈਣ ਤੋਂ ਬਾਅ ਸ਼ਾਮ ਦੇ ਸਾਢੇ ਪੰਜ ਵਜੇ ਇਸ ਪਰਿਵਾਰਕ ਮਿਲਣੀ ਦਾ ਸ਼ੁਭ-ਆਰੰਭ ਹੋਇਆ। ਮੇਜ਼ਬਾਨ ਪਰਿਵਾਰਾਂ ਦੀ ਮੁਖੀ ਗੁਰਚਰਨ ਕੌਰ ਥਿੰਦ ਵੱਲੋਂ ਆਏ ਸਮੂਹ ਝੰਡ ਪਰਿਵਾਰਾਂ ਨੂੰ ਬੜੇ ਭਾਵਪੂਰਤ ਸ਼ਬਦਾਂ ਵਿੱਚ 'ਜੀ ਆਇਆਂ' ਕਿਹਾ ਗਿਆ। ਮੰਚ-ਸੰਚਾਲਕ ਦੀ ਭੂਮਿਕਾ ਨਿਭਾ ਰਹੀ ਬੇਟੀ ਅਵਨੀਤ ਉਰਫ਼ ਡਿੰਪਲ, ਵਰਦੀਪ ਤੇ ਨਿਸ਼ਜੋਤ ਵੱਲੋਂ ਹਰੇਕ ਪਰਿਵਾਰ ਨੂੰ ਫੁੱਲਾਂ ਤੇ ਰੰਗ-ਬਿਰੰਗੇ ਗ਼ੁਬਾਰਿਆਂ ਨਾਲ ਸਜੇ ਹੋਏ ਖ਼ੂਬਸੂਰਤ ਮੰਚ 'ਤੇ ਆਉਣ ਅਤੇ ਪਰਿਵਾਰ ਦੇ ਮੁਖੀ ਵੱਲੋਂ ਆਪਣੇ ਮੈਂਬਰਾਂ ਦੀ ਜਾਣ-ਪਛਾਣ ਕਰਵਾਉਣ ਲਈ ਕਿਹਾ ਗਿਆ, ਜਿਸ ਦੀ ਪਾਲਣਾ ਕਰਦਿਆਂ ਹੋਇਆਂ ਵਾਰੋ-ਵਾਰੀ ਸਾਰੇ ਪਰਿਵਾਰ ਮੰਚ ਉੱਪਰ ਆਏ। ਪ੍ਰੋਫ਼ੈਸ਼ਨਲ ਫ਼ੋਟੋਗ੍ਰਾਫ਼ਰ ਵੱਲੋਂ ਉਨ੍ਹਾਂ ਦੀਆਂ ਤਸਵੀਰਾਂ ਲਈਆਂ ਗਈਆਂ ਅਤੇ ਪਰਿਵਾਰਕ ਮੁਖੀਆਂ ਵੱਲੋਂ ਪਰਿਵਾਰ ਦੇ ਹਰੇਕ ਮੈਂਬਰ ਦਾ ਨਾਂ ਲੈ ਕੇ ਜਾਣ-ਪਛਾਣ ਕਰਵਾਈ ਗਈ ਅਤੇ ਨਾਲ ਹੀ ਉਨ੍ਹਾਂ ਦੀ ਖ਼ਾਸੀਅਤ ਵੀ ਦੱਸੀ ਗਈ। ਫਿਰ ਵਾਰੀ ਆਈ ਮੰਚ ਉੱਪਰ ਡਾਂਸ ਕਰਨ ਦੀ, ਜਿਸ ਦੀ ਸ਼ੁਰੂਆਤ ਛੋਟੇ ਬੱਚਿਆਂ ਵੱਲੋਂ ਕੀਤੀ ਗਈ। ਸੱਭ ਤੋਂ ਪਹਿਲਾਂ ਨਿਊਯਾਰਕ ਤੋਂ ਆਈ ਭਾਣਜੀ ਜੈਸਮੀਨ ਉਰਫ਼ 'ਮੀਨੂ' ਦੇ ਬੱਚਿਆਂ ਕਰੈਸਿਡਾ ਤੇ ਥੀਓ, ਮੇਰੇ ਛੋਟੇ ਪੋਤਰੇ ਗੌਨਿਧ ਅਤੇ ਐਡਮਿੰਟਨ ਤੋਂ ਆਈ ਭਤੀਜੀ ਕੁਲਵਿੰਦਰ ਦੀ ਪੋਤਰੀ ਅਸੀਸ ਨੇ ਇਕ ਅੰਗਰੇਜ਼ੀ ਗਾਣੇ 'ਤੇ ਡਾਂਸ ਕੀਤਾ, ਜਿਸ ਦੀ ਸਾਰਿਆਂ ਵੱਲੋਂ ਭਰਪੂਰ ਸ਼ਲਾਘਾ ਹੋਈ। ਉਸ ਤੋਂ ਬਾਅਦ ਵੱਡੇ ਬੱਚਿਆਂ ਉਦੇਸ਼, ਸਮਰਿੱਧ, ਹਰਮਨ, ਖ਼ੁਸ਼ਮੀਤ, ਮਨਪ੍ਰੀਤ ਅਤੇ ਵਰਦੀਪ ਵੱਲੋਂ ਇਕ ਪੰਜਾਬੀ ਗੀਤ ਉੱਪਰ ਭੰਗੜੇ ਦੀ ਸ਼ਾਨਦਾਰ ਆਈਟਮ ਪੇਸ਼ ਕੀਤੀ ਗਈ। ਸਟੇਜ ਉੱਪਰ ਉਨ੍ਹਾਂ ਦੇ ਵਧੀਆ ਤਾਲ-ਮੇਲ ਤੋਂ ਪਤਾ ਲੱਗਦਾ ਸੀ ਕਿ ਇਨ੍ਹਾਂ ਨੇ ਇਸ ਦੀ ਪਹਿਲਾਂ ਕਾਫ਼ੀ ਪ੍ਰੈਕਟਿਸ ਕੀਤੀ ਹੋਈ ਹੈ। ਅਮਰੀਕਾ ਤੋਂ ਆਈ ਨਿਰਮਲ ਕੌਰ ਨੇ ਆਪਣੀ ਸੁਰੀਲੀ ਆਵਾਜ਼ ਵਿੱਚ ਇੱਕ ਪੰਜਾਬੀ ਗੀਤ ਸੁਣਾਇਆ ਅਤੇ ਕੈਲਗਰੀ ਦੇ ਨੇੜਲੇ ਸ਼ਹਿਰ ਚੈਸਟਰਮੇਅਰ ਤੋਂ ਪਧਾਰੀ ਪਰਵਿੰਦਰ ਕੌਰ ਵੱਲੋਂ ਇੱਕ ਲੋਕ-ਗੀਤ ਪੇਸ਼ ਕੀਤਾ ਗਿਆ। ਇਨ੍ਹਾਂ ਸਾਰੀਆਂ ਆਈਟਮਾਂ ਨੂੰ ਸਰੋਤਿਆਂ ਤੋਂ ਬੁਲੰਦ ਤਾੜੀਆਂ ਦੀ ਭਰਪੂਰ ਦਾਦ ਪ੍ਰਾਪਤ ਹੋਈ।

ਸੈਨ ਓਨਟਾਨੀਓ ਤੋਂ ਆਈ ਬੇਟੀ ਗਗਨਦੀਪ ਵੱਲੋਂ ਪਰਿਵਾਰਕ ਰਿਸ਼ਤਿਆਂ ਦੀ ਅਹਿਮੀਅਤ ਬਾਰੇ ਖ਼ੂਬਸੂਰਤ ਵਿਚਾਰ ਪੇਸ਼ ਕੀਤੇ ਗਏ। ਏਸੇ ਤਰ੍ਹਾਂ ਬੇਟੀ ਅਵਨੀਤ (ਡਿੰਪਲ) ਦੇ ਬੇਟੇ ਉਸਤਤ ਨੇ ਵੀ ਫੈਮਿਲੀ ਸਿਸਟਮ ਬਾਰੇ ਬਾਖ਼ੂਬੀ ਚਾਨਣਾ ਪਾਇਆ। ਇਨ੍ਹਾਂ ਦੋਹਾਂ ਦੇ ਵਿਚਾਰਾਂ ਨੂੰ ਵੀ ਸਰੋਤਿਆਂ ਵੱਲੋਂ ਭਰਪੂਰ ਸਲਾਹਿਆ ਗਿਆ। ਸਮਾਗ਼ਮ ਦੇ ਇਸ ਭਾਗ ਦੇ ਅਖ਼ੀਰ ਵੱਲ ਵੱਧਦਿਆਂ ਅਮਰੀਕਾ ਦੇ ਰੈੱਡਵੁੱਡ ਸਿਟੀ ਤੋਂ ਪਧਾਰੇ ਦੋਸਤ ਗੁਰਦੇਵ ਸਿੰਘ 'ਤੀਰ' ਨੇ ਝੰਡ ਪਰਿਵਾਰ ਨਾਲ 1969-70 ਤੋਂ ਆਰੰਭ ਹੋਈ ਆਪਣੀ ਪੁਰਾਣੀ ਤੇ ਭਾਵੁਕ ਸਾਂਝ ਨੂੰ ਮੁੜ ਤਾਜ਼ਾ ਕਰਦਿਆਂ ਹੋਇਆਂ ਇਸ ਪਰਿਵਾਰ ਦੇ ਵਡੇਰਿਆਂ ਨੂੰ ਬਾਖ਼ੂਬੀ ਯਾਦ ਕੀਤਾ ਅਤੇ ਨਾਲ ਹੀ ਪਰਿਵਾਰਕ ਕਦਰਾਂ-ਕੀਮਤਾਂ ਬਾਰੇ ਆਪਣੇ ਵਿਚਾਰ ਪੇਸ਼ ਕੀਤੇ।

ਅਖ਼ੀਰ ਵਿੱਚ ਇਨ੍ਹਾਂ ਸਤਰਾਂ ਦੇ ਲੇਖਕ ਡਾ. ਸੁਖਦੇਵ ਸਿੰਘ ਝੰਡ ਨੇ ਝੰਡ ਪਰਿਵਾਰ ਦੇ ਮੁਖੀ 'ਬਾਬਾ ਝੰਡ' ਦੇ ਪੰਦਰਵੀ ਸਦੀ ਵਿੱਚ ਇਸ ਜਗਤ ਨੂੰ ਤਾਰਨ ਆਏ ਗੁਰੂ ਨਾਨਕ ਦੇਵ ਜੀ ਅਤੇ ਉਨ੍ਹਾਂ ਦੇ ਗੂੜ੍ਹੇ ਸਾਥੀ ਬਾਬਾ ਮਰਦਾਨਾ ਜੀ ਦੇ ਸਮਕਾਲੀ ਹੋਣ ਦਾ ਜ਼ਿਕਰ ਕਰਦਿਆਂ ਆਪਣੇ ਪਿਤਾ ਜੀ ਸ. ਵਰਿਆਮ ਸਿੰਘ ਨੂੰ ਉਨ੍ਹਾਂ ਦੀ ਸਵੈ-ਜੀਵਨੀ 'ਮੇਰੇ ਜੀਵਨ ਦੀਆਂ ਯਾਦਾਂ' ਦੇ ਹਵਾਲੇ ਨਾਲ ਝੰਡ ਪਰਿਵਾਰ ਦੀ ਪੰਦਰਵੀਂ ਪੀੜ੍ਹੀ ਦੇ ਬਸ਼ਿੰਦੇ ਹੋਣ ਬਾਰੇ ਦੱਸਿਆ। ਇਸ ਹਿਸਾਬ ਨਾਲ ਉਸ ਸਮੇਂ ਹਾਲ ਵਿੱਚ ਇਸ ਝੰਡ ਪਰਿਵਾਰ ਦੀ ਸੋਲ੍ਹਵੀਂ, ਸਤਾਰਵੀਂ ਅਤੇ ਅਠਾਰਵੀਂ ਪੀੜ੍ਹੀ ਦੇ ਬਜ਼ੁਰਗ, ਨੌਜੁਆਨ ਤੇ ਬੱਚੇ ਬੈਠੇ ਹੋਏ ਸਨ। ਉਨ੍ਹਾਂ ਵੱਲੋਂ ਸਮਾਗਮ ਵਿੱਚ ਸ਼ਾਮਲ ਹੋਏ ਝੰਡ ਪਰਿਵਾਰ ਦੇ ਸਮੂਹ ਮੈਂਬਰਾਂ ਤੇ ਸਮਾਗਮ ਦੇ ਪ੍ਰਬੰਧਕਾਂ ਦਾ ਹਾਰਦਿਕ ਧੰਨਵਾਦ ਕੀਤਾ ਗਿਆ ਅਤੇ ਅੱਗੋਂ ਵੀ ਇਹੋ ਜਿਹੇ ਮੁੜ-ਮਿਲਣੀ ਸਮਾਗ਼ਮ ਜਾਰੀ ਰੱਖਣ ਲਈ ਕਿਹਾ ਗਿਆ। ਇਸਦੇ ਲਈ ਉਨ੍ਹਾਂ ਵੱਲੋਂ ਪਰਿਵਾਰਕ ਮੁੜ-ਮਿਲਣੀ ਦਾ ਅਗਲਾ ਸਮਾਗ਼ਮ ਬਰੈਂਪਟਨ ਵਿੱਚ ਰੱਖਣ ਦਾ ਸੱਦਾ ਦਿੱਤਾ ਗਿਆ।

ਉਪਰੰਤ, ਸਾਰਿਆਂ ਨੇ ਸੁਆਦਲੇ ਖਾਣੇ ਦਾ ਭਰਪੂਰ ਅਨੰਦ ਮਾਣਿਆਂ ਅਤੇ ਫਿਰ ਡੀ.ਜੇ. ਉੱਪਰ ਪੰਜਾਬੀ ਗਾਣਿਆਂ ਉੱਪਰ ਡਾਂਸ, ਭੰਗੜਾ ਅਤੇ ਗਿੱਧੇ ਦਾ ਸਿਲਸਿਲਾ ਸ਼ੁਰੂ ਹੋਗਿਆ ਜੋ ਰਾਤ ਦੇ 10.30 ਵਜੇ ਤੱਕ ਚੱਲਦਾ ਰਿਹਾ। ਇਸ ਦੌਰਾਨ ਹੋਰ ਗਾਣਿਆਂ ਦੇ ਨਾਲ-ਨਾਲ ਪਰਿਵਾਰ ਦੇ ਸੀਨੀਅਰ ਮੈਂਬਰਾਂ ਨੇ ਗੁਰਦਾਸ ਮਾਨ ਦੇ ਗਾਏ ਗਾਣੇ ਬਾਬੇ ਭੰਗੜਾ ਪਾਉਂਦੇ ਨੇ ਉੱਪਰ ਭੰਗੜਾ ਪਾਇਆ। ਸਾਰੇ ਇਸ ਸਮਾਗਮ ਦੀ ਬੇਹੱਦ ਸਰਾਹਨਾ ਕਰ ਰਹੇ ਸਨ ਅਤੇ ਅਗਲਾ ਸਮਾਗਮ ਜਲਦੀ ਹੀ ਕਰਨ ਲਈ ਕਹਿ ਰਹੇ ਸਨ। ਇਸ ਸਮਾਗਮ ਸਦਕਾ ਕਈ ਮੈਂਬਰ ਤਾਂ 20 ਤੋਂ 25 ਸਾਲ ਬਾਅਦ ਮਿਲੇ ਸਨ ਅਤੇ ਕਈਆਂ ਦੀ ਮੁਲਾਕਾਤ ਪਹਿਲੀ ਵਾਰ ਹੀ ਹੋਈ ਸੀ। ਬੱਚਿਆਂ ਵਿੱਚੋਂ ਬਹੁਤ ਸਾਰੇ ਇੱਕ ਦੂਸਰੇ ਨੂੰ ਪਹਿਲੀ ਵਾਰ ਹੀ ਮਿਲ ਰਹੇ ਸਨ ਅਤੇ ਹਰ ਕੋਈ ਦੂਸਰੇ ਨੂੰ ਆਪਣੇ ਕੋਲ ਆਉਣ ਦਾ ਸੱਦਾ ਦੇ ਰਿਹਾ ਸੀ।

ਇਸ ਤੋਂ ਅਗਲੇ ਛੇ ਦਿਨਾਂ ਵਿੱਚ ਪਰਿਵਾਰ ਦੇ ਸਾਰੇ ਮੈਂਬਰਾਂ ਵੱਲੋਂ ਮਿਲ ਕੇ ਬੈਂਫ਼, ਬਾਰ-ਯੂ-ਰੈਂਚ, ਐਡਮੰਟਨ, ਚੈੱਸਰਮੇਅਰ, ਗੋਲਡਨ ਵਾਟਰ ਫਾਲਜ਼, ਬੋ ਲੇਕ, ਆਦਿ ਥਾਵਾਂ 'ਤੇ ਪਿਕਨਿਕ ਰੂਪੀ ਯਾਤਰਾਵਾਂ ਦਾ ਭਰਪੂਰ ਲੁਤਫ਼ ਉਠਾਇਆ ਗਿਆ। ਇਸ ਤੋਂ ਬਾਅਦ ਪਰਿਵਾਰ ਦੇ ਕੁਝ ਮੈਂਬਰਾਂ ਵੱਲੋਂ ਬੀ ਸੀ ਦੇ ਸ਼ਹਿਰਾਂ ਕੈਮਲੂਪਸ, ਵਿਸਲਰ, ਵੈਨਕੂਵਰ, ਵਿਕਟੋਰੀਆ, ਸਰੀ, ਡੈਲਟਾ, ਐਬਸਫੋਰਡ, ਆਦਿ ਦਾ ਵੀ ਇੱਕ ਹਫ਼ਤੇ ਲਈ ਟੂਰ ਲਗਾਇਆ ਗਿਆ। ਇਸ ਤਰ੍ਹਾਂ ਝੰਡ ਪਰਿਵਾਰ ਦੇ ਮੈਂਬਰਾਂ ਲਈ ਇਹ ਪਰਿਵਾਰਕ ਮੁੜ-ਮਿਲਣੀ ਖ਼ੂਬਸੂਰਤ ਯਾਦਗਾਰੀ ਈਵੈਂਟ ਬਣ ਗਿਆ।




# ਈ ਦੀਵਾਨ ਸੋਸਾਇਟੀ ਕੈਲਗਰੀ ਵੱਲੋਂ ਸਰਬ ਸਾਂਝਾ ਗਿਆਨ ਦਾ ਨੂਰ ਬਾਣੀ ਦਾ ਆਨਲਾਈਨ ਕਵੀ ਦਰਬਾਰ ਕਰਵਾਇਆ




ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਹਿਲੇ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ, ਈ ਦੀਵਾਨ ਸੋਸਾਇਟੀ ਕੈਲਗਰੀ ਵੱਲੋਂ ਇੰਟਰਨੈਸ਼ਨਲ ਆਨਲਾਈਨ ਕਵੀ ਦਰਬਾਰ ਕਰਵਾਇਆ ਗਿਆ। ਜਿਸ ਵਿੱਚ ਦੇਸ਼ ਵਿਦੇਸ਼ ਤੋਂ ਪੰਥਕ ਕਵੀਆਂ ਨੇ ਹਿੱਸਾ ਲਿਆ। ਇਹ ਸੋਸਾਇਟੀ ਦਸ਼ਮੇਸ਼ ਪਿਤਾ ਦੀ ਚਲਾਈ ਹੋਈ ਪਰੰਪਰਾ ਨੂੰ ਸੁਰਜੀਤ ਰੱਖਣ ਲਈ ਨਿਰੰਤਰ ਯਤਨਸ਼ੀਲ ਹੈ। ਸੋਸਾਇਟੀ ਵਿੱਚ ਕਵੀ ਦਰਬਾਰ ਆਰੰਭ ਕਰਨ ਲਈ, ਬਾਨੀ ਡਾਕਟਰ ਸੁਰਜੀਤ ਸਿੰਘ ਭੱਟੀ ਜੀ ਨੂੰ ਵੀ ਯਾਦ ਕੀਤਾ ਗਿਆ।

ਸੰਸਥਾਪਕ ਜਗਬੀਰ ਸਿੰਘ,ਡਾਕਟਰ ਬਲਰਾਜ ਸਿੰਘ,ਅਮਿਤੋਜ ਕੌਰ, ਅਨੁਰੀਤ ਕੌਰ ਟੋਰੰਟੋ, ਬ੍ਰਿਜਮਿੰਦਰ ਕੌਰ ਜੈਪੁਰ,ਪਰਨੀਤ ਕੌਰ, ਸਿਮਰਲੀਨ ਕੌਰ, ਪਰਮਜੀਤ ਸਿੰਘ ਟੋਰੰਟੋ, ਸ਼੍ਰੋਮਣੀ ਕਵੀ ਕਰਮਜੀਤ ਸਿੰਘ ਨੂਰ,ਮਹਾਨ ਪੰਥਕ ਸ਼ਾਇਰ ਹਰੀ ਸਿੰਘ ਜਾਚਕ ਲੁਧਿਆਣਾ,ਪੰਥਕ ਕਵੀ ਨਿਰਵੈਰ ਸਿੰਘ ਅਰਸ਼ੀ ਆਨੰਦਪੁਰ,ਸਰਬਜੀਤ ਕੌਰ ਸਰਬ,ਸ਼ਾਇਰਾ ਸੁੰਦਰਪਾਲ ਕੌਰ ਰਾਜਾਸਾਂਸੀ ਟੋਰੰਟੋ, ਬਲਕਾਰ ਸਿੰਘ ਬੱਲ ਇਟਲੀ, ਮੌਂਟ੍ਰੀਆਲ ਪ੍ਰਸਿੱਧ ਪੇਂਟਰ ਅਤੇ ਸ਼ਾਇਰ ਮਨਜੀਤ ਸਿੰਘ ਚਾਤ੍ਰਿਕ, ਸੁਜਾਨ ਸਿੰਘ ਸੁਜਾਨ ਟੋਰੰਟੋ ਗੁਰਚਰਨ ਸਿੰਘ ਹੇਹਰ ਕੈਲਗਰੀ , ਸੁਖਮੰਦਰ ਸਿੰਘ ਗਿੱਲ ਕੈਲਗਰੀ,ਗੁਰਦੀਸ਼ ਕੌਰ ਗਰੇਵਾਲ ਨੇ ਆਨ ਲਾਈਨ ਆਪੋਆਪਣੀਆਂ ਰਚਨਾਵਾਂ ਸੁਣਾਕੇ ਹਾਜਿਰੀ ਲਗਵਾਈ। ਮੰਚ ਸੰਚਾਲਨ ਦੀ ਸੇਵਾ ਸੁਜਾਨ ਸਿੰਘ ਸੁਜਾਨ ਟੋਰੰਟੋ ਅਤੇ ਗੁਰਦੀਸ਼ ਕੌਰ ਗਰੇਵਾਲ ਨੇ ਸਾਂਝੇ ਤੌਰ ਤੇ ਨਿਭਾਈ। ਅੰਤ ਤੇ ਸੁਸਾਇਟੀ ਵੱਲੋਂ ਚਲਦੇ ਮਾਸਕ ਮੈਗਜੀਨ, 'ਸਾਂਝੀ ਵਿਰਾਸਤ' ਦੇ ਸੰਪਾਦਕ ਡਾਕਟਰ ਕਾਬਲ ਸਿੰਘ ਨੇ ਸੰਗਤ ਵੱਲੋਂ ਸਮੂਹ ਕਵੀਆਂ ਦਾ ਧੰਨਵਾਦ ਕੀਤਾ ਅਤੇ ਆਪਣੀਆਂ ਕਵਿਤਾਵਾਂ ਲਿਖਤੀ ਰੂਪ ਵਿੱਚ ਮੈਗਜ਼ੀਨ ਲਈ ਭੇਜਣ ਦੀ ਬੇਨਤੀ ਵੀ ਕੀਤੀ। ਢਾਈ ਘੰਟੇ ਚੱਲੇ ਇਸ ਸਮਾਗਮ ਦਾ,ਆਨ ਲਾਈਨ ਸਰੋਤਿਆਂ ਨੇ ਖੂਬ ਆਨੰਦ ਮਾਣਿਆ।

elections alberta

**ਅਗਾਊਂ ਵੋਟਿੰਗ**
ਮੰਗਲਵਾਰ, 13 ਅਕਤੂਬਰ ਤੋਂ
ਸ਼ਨੀਚਰਵਾਰ, 17 ਅਕਤੂਬਰ, 2026 ਤੱਕ

**ਚੋਣਾਂ ਦਾ ਦਿਨ**
ਸੋਮਵਾਰ, 19 ਅਕਤੂਬਰ, 2026

**ਆਪਣੇ ਸ਼ਹਿਰ ਵਿੱਚ ਨਿਰਧਾਰਤ ਚੋਣਾਂ ਦਾ ਸਥਾਨ ਲੱਭਣ ਲਈ, ਕਿਊ ਆਰ ਕੋਡ (QR code) ਨੂੰ ਸਕੈਨ ਕਰੋ ਅਤੇ ਪਤਾ ਕਰੋ ਆਪਣੀ ਰਿਹਾਇਸ਼ ਦੇ ਨੇੜੇ ਕਿੱਥੇ ਵੋਟ ਪਾ ਸਕਦੇ ਹੋ।**

ਅਸੀਂ ਹਰ ਕੋਸ਼ਿਸ਼ ਕਰਦੇ ਹਾਂ ਤੁਹਾਡੀ ਬਿਹਤਰ ਸੁਵਿਧਾ ਲਈ ਬਿਨਾਂ ਕੋਈ ਉਡੀਕ ਕੀਤਿਆਂ ਤੁਸੀਂ ਚੋਣਾਂ ਵਾਲੇ ਸਥਾਨ ਤੇ ਵੋਟ ਕਰ ਸਕੋ। ਵਧੇਰੇ ਜਾਣਕਾਰੀ ਲਈ ਤੁਸੀਂ ਇਲੈਕਸ਼ਨ ਅਲਬਰਟਾ ਦੀ **elections.ab.ca/accessibility** ਤੇ ਜ਼ਰੂਰ ਜਾਣਕਾਰੀ ਲਵੋ

## ਅਲਬਰਟਾ ਸੂਬੇ ਦੀ ਰਾਇਸ਼ੁਮਾਰੀ ਵਿੱਚ ਵੋਟ ਪਾਉਣ ਲਈ ਤੁਹਾਡੇ ਲਈ ਗਾਈਡ (ਜਾਣਕਾਰੀ)

ਇਸ ਜਨਮਤ ਸੰਗ੍ਰਹਿ (ਰਾਇਸ਼ੁਮਾਰੀ) ਵਿੱਚ, ਵੋਟਰਾਂ ਨੂੰ 10 ਸਵਾਲ ਪੁੱਛੇ ਜਾਣਗੇ ਅਤੇ ਉਨ੍ਹਾਂ ਸਵਾਲਾਂ 'ਤੇ ਵੋਟ ਪਾਉਣ ਲਈ ਕਿਹਾ ਜਾਵੇਗਾ। ਨੌਂ ਸਵਾਲਾਂ ਲਈ "ਹਾਂ" ਜਾਂ "ਨਹੀਂ" ਜਵਾਬ ਦੀ ਲੋੜ ਹੋਵੇਗੀ । ਇੱਕ ਸਵਾਲ ਵਿੱਚ ਵੋਟਰਾਂ ਨੂੰ ਦੋ ਵਿਕਲਪਾਂ (ਚੋਣਾਂ ) ਵਿੱਚੋਂ ਇੱਕ ਚੁਣਨ ਲਈ ਕਿਹਾ ਹੈ।

### ਤੁਹਾਡੇ ਕੋਲ ਵੋਟ ਪਾਉਣ ਦੇ ਤਿੰਨ ਤਰੀਕੇ ਹਨ:

1. 13 ਤੋਂ 17 ਅਕਤੂਬਰ, 2026 **ਤੱਕ ਅਗਾਊਂ ਚੋਣਾਂ (ਐਡਵਾਂਸ ਵੋਟਿੰਗ) ਦੌਰਾਨ**, ਆਪਣੀ ਰਿਹਾਇਸ਼ ਦੇ ਨੇੜਲੇ ਸਥਾਨ ਤੇ ਜਾ ਕੇ ਅਗਾਊਂ ਚੋਣਾਂ ਵਾਲੇ ਦਿਨ (ਐਡਵਾਂਸ ਵੋਟਿੰਗ) ਸਥਾਨ 'ਤੇ ਜਾ ਕੇ ਵੋਟ ਪਾਓ।
2. **ਚੋਣਾਂ ਵਾਲੇ ਦਿਨ: 19 ਅਕਤੂਬਰ, 2026 ਨੂੰ** ਆਪਣੇ ਨਿਰਧਾਰਤ ਵੋਟਿੰਗ ਸਥਾਨ 'ਤੇ ਜਾ ਕੇ **ਵੋਟ ਪਾਓ**।
3. **25 ਸਤੰਬਰ 2026 ਤੱਕ ਵਿਸ਼ੇਸ਼ ਬੈਲਟ (special ballot) ਲਈ ਬੇਨਤੀ ਕਰੋ** ਅਤੇ ਡਾਕ ਰਾਹੀਂ ਵੋਟ ਪਾਓ।*

***ਜੇਕਰ ਤੁਸੀਂ ਅਗਾਊਂ ਵੋਟਿੰਗ (advance voting) ਦੌਰਾਨ ਜਾਂ ਚੋਣ ਵਾਲੇ ਦਿਨ ਵੋਟ ਪਾਉਣ ਦੇ ਯੋਗ ਨਹੀਂ ਹੋ, ਜਾਂ ਜੇਕਰ ਤੁਸੀਂ ਡਾਕ ਰਾਹੀਂ ਵੋਟ ਪਾਉਣਾ ਪਸੰਦ ਕਰਦੇ ਹੋ, ਤਾਂ ਸਾਰੇ ਯੋਗ ਵੋਟਰਾਂ ਲਈ 'ਸਪੈਸ਼ਲ ਬੈਲਟ' (special ballot) ਦੀ ਸਹੂਲਤ ਉਪਲਬਧ ਹੈ।**
ਡਾਕ ਰਾਹੀਂ ਵੋਟ ਪਾਉਣ ਲਈ, specialballot.elections.ab.ca 'ਤੇ ਜਾਓ। ਭਰੇ ਹੋਏ ਸਪੈਸ਼ਲ ਬੈਲਟ ਡਾਕ ਰਾਹੀਂ ਵਾਪਸ ਭੇਜੇ ਜਾਣੇ ਚਾਹੀਦੇ ਹਨ ਅਤੇ 16 ਅਕਤੂਬਰ ਨੂੰ ਸ਼ਾਮ 5PM ਵਜੇ ਤੱਕ 'ਇਲੈਕਸ਼ਨਜ਼ ਅਲਬਰਟਾ' (Elections Alberta) ਨੂੰ ਪ੍ਰਾਪਤ ਹੋ ਜਾਣੇ ਚਾਹੀਦੇ ਹਨ। ਕੈਨੇਡਾ ਪੋਸਟ (Canada Post) ਇਸਨੂੰ 9 ਅਕਤੂਬਰ ਤੋਂ ਪਹਿਲਾਂ ਡਾਕ ਰਾਹੀਂ ਭੇਜਣ ਦੀ ਸਿਫ਼ਾਰਸ਼ ਕਰਦਾ ਹੈ।

ਰਿਫਰੈਂਡਮ (Referendum) ਦੀਆਂ ਚੋਣਾਂ ਲਈ ਹਰ ਤਰ੍ਹਾਂ ਦੀ ਜਾਣਕਾਰੀ **elections.ab.ca** ਦੀ ਵੈਬਸਾਇਟ ਤੇ ਉਪਲਬਧ ਹੈ।

# ਦਿੱਲੀ ਦਾ ਦਿਲ ਕਨਾਟ ਪਲੇਸ



ਪ੍ਰੋ. ਕੁਲਬੀਰ ਸਿੰਘ
ਸੀਨੀਅਰ ਕਾਲਮਨਵੀਸ ਤੇ ਮੀਡੀਆ ਆਲੋਚਕ






ਕਨਾਟ ਪਲੇਸ ਨੂੰ ਦਿੱਲੀ ਦਾ ਦਿਲ ਕਿਹਾ ਜਾਂਦਾ ਹੈ। ਕਾਰੋਬਾਰ ਦਾ ਕੇਂਦਰ ਹੈ, ਗੌਰਵਸ਼ਾਲੀ ਹੈ, ਵਿਰਪ੍ਰਸਤੀ ਸਥਾਨਾਂ ਵਿਚੋਂ ਇਕ ਹੈ।

ਇਸਦਾ ਨਿਰਮਾਣ ਕਾਰਜ 1929 ਵਿਚ ਆਰੰਭ ਹੋਇਆ ਅਤੇ ਪੰਜ ਸਾਲ ਬਾਅਦ 1933 ਵਿਚ ਮੁਕੰਮਲ ਹੋ ਗਿਆ। ਇਸਦਾ ਨਾਂ ਸ਼ਾਹੀ ਪਰਿਵਾਰ ਦੇ ਮੈਂਬਰ ਡਿਊਨ ਆਫ਼ ਕਨਾਟ ਅਤੇ ਸਟ੍ਰਾਥਰਨ ਦੇ ਨਾਮ 'ਤੇ ਰੱਖਿਆ ਗਿਆ। ਰੌਬਰਟ ਟੋਰ ਰਸਲ ਅਤੇ ਡਬਲਯੂ ਐਚ ਨਿਕੋਲਸ ਇਸਦੇ ਆਰਕੀਟੈਕਟ ਸਨ। ਸਰ ਸੋਭਾ ਸਿੰਘ, ਸਰਦਾਰ ਬਹਾਦਰ ਧਰਮ ਸਿੰਘ ਸੇਠੀ ਅਤੇ ਸਰਦਾਰ ਬਹਾਦੁਰ ਨਰਾਇਣ ਸਿੰਘ ਦੀ ਵੀ ਨਿਰਮਾਣ ਕਾਰਜ ਵਿਚ ਅਹਿਮ ਭੂਮਿਕਾ ਰਹੀ। ਇਸਦਾ ਡਿਜ਼ਾਈਨ ਇਉਂ ਤਿਆਰ ਕੀਤਾ ਗਿਆ ਕਿ ਇੰਗਲੈਂਡ ਦੀਆਂ ਪ੍ਰਸਿੱਧ ਇਮਾਰਤਾ ਰਾਇਲ ਕ੍ਰੇਸੈਂਟ ਅਤੇ ਰੋਮਨ ਕੋਲੋਸੀਅਮ ਵਾਂਗ ਨਜ਼ਰ ਆਏ। ਅੱਜ ਕਨਾਟ ਪਲੇਸ ਦੁਨੀਆਂ ਦੇ ਮਹਿੰਮੇ ਬਜ਼ਾਰਾਂ ਵਿਚੋਂ ਇਕ ਹੈ।

ਪਾਠਕਾਂ ਨੂੰ ਹੈਰਾਨੀ ਹੋਵੇਗੀ ਕਿ ਨਿਰਮਾਣ ਤੋਂ ਪਹਿਲਾਂ ਇਹ ਨੀਮ-ਪਹਾੜੀ ਇਲਾਕਾ ਸੀ ਜਿੱਥੇ ਚਾਰੇ ਪਾਸੇ ਕਿੱਕਰ ਦੇ ਰੁੱਖ ਨਜ਼ਰ ਆਉਂਦੇ ਸਨ। ਆਸ-ਪਾਸ ਕੁਝ ਪਿੰਡ ਸਨ ਜਿਨ੍ਹਾਂ ਨੂੰ ਵਿਕਾਸ ਦੇ ਨਾਂ 'ਤੇ ਖਾਲੀ ਕਰਵਾ ਲਿਆ ਗਿਆ।

ਕਨਾਟ ਪਲੇਸ-ਦੋ ਮੰਜ਼ਿਲਾ ਹੈ ਅਤੇ ਲੱਗਭਗ ਗੋਲ ਚੱਕਰ ਵਿਚ ਹੈ। ਹਰੇਕ ਦੁਕਾਨ, ਸ਼ੋਅਰੂਮ ਖੁਲ੍ਹਾ ਡੁਲ੍ਹਾ ਹੈ ਜਿੱਥੇ ਹਰ ਸਮੇਂ ਗਾਹਕਾਂ ਅਤੇ ਘੁੰਮਣ-ਫਿਰਨ ਦੇ ਸ਼ੌਕੀਨ ਲੋਕਾਂ ਦੀ ਰੌਣਕ ਲੱਗੀ ਰਹਿੰਦੀ ਹੈ।

ਮੈਂ ਕਦੋਂ ਵੀ ਦਿੱਲੀ ਜਾਂਦਾ ਹਾਂ, ਕਨਾਟ ਪਲੇਸ ਜਾਣਾ ਨਹੀਂ ਭੁੱਲਦਾ। ਕਿਤਾਬਾਂ ਵਾਲੀਆਂ ਦੁਕਾਨਾਂ 'ਤੇ। ਜਿਹੜੀ ਕਿਤਾਬ ਕਿਧਰੋਂ ਨਹੀਂ ਮਿਲਦੀ ਕਨਾਟ ਪਲੇਸ ਵਿਚੋਂ ਮਿਲ ਜਾਂਦੀ ਹੈ। ਜਾਂ ਫਿਰ ਕੋਈ ਮਨਪਸੰਦ ਕੋਟ, ਬੂਟ

ਕਨਾਟ ਪਲੇਸ ਦੇ ਗੋਲ ਸਰਕਲ ਵਿਚੋਂ 12 ਸੜਕਾਂ ਬਾਹਰ ਵੱਲ ਨਿਕਲਦੀਆਂ ਹਨ। ਇਸਦੇ ਵਿਚਕਾਰਲੀ ਪਾਰਕ ਦੇ ਇਕ ਪਾਸੇ 1970 ਵਿਚ ਅੰਡਰ-ਗਰਾਊਂਡ ਬਜ਼ਾਰ ਦਾ ਨਿਰਮਾਣ ਕੀਤਾ ਗਿਆ ਜਿਸਨੂੰ ਪਾਲਿਕਾ ਬਜ਼ਾਰ ਕਿਹਾ ਜਾਂਦਾ ਹੈ। ਖਰੀਦੋ-ਫਿਰੋਖ਼ਤ ਲਈ ਪਾਲਿਕਾ ਬਜ਼ਾਰ ਵੀ ਯਾਤਰੀਆਂ ਲਈ ਖਿੱਚ ਦਾ ਕੇਂਦਰ ਰਹਿੰਦਾ ਹੈ।

ਇਤਿਹਾਸਕ ਰੀਗਲ ਇਮਾਰਤ ਨੂੰ 2017 ਵਿਚ ਮੈਡਮ ਤੁਸਾਦ ਵੈਕਸ ਮਿਊਜ਼ੀਅਮ ਦੇ ਰੂਪ ਵਿਚ ਫਿਰ ਤੋਂ ਖੋਲ੍ਹਿਆ ਗਿਆ। ਇਹ ਭਾਰਤ ਵਿਚ ਆਪਣੀ ਤਰ੍ਹਾਂ ਦਾ ਪਹਿਲਾ ਮਿਊਜ਼ੀਅਮ ਹੈ।

ਕਨਾਟ ਪਲੇਸ ਦੇ ਸੈਂਟਰ ਵਾਲੀ ਪਾਰਕ ਦੇ ਹੇਠਾਂ 2005-06 ਵਿਚ ਮੈਟਰੋ ਸਟੇਸ਼ਨ ਦਾ ਨਿਰਮਾਣ ਕੀਤਾ ਗਿਆ। ਮੈਟਰੋ ਸਟੇਸ਼ਨ ਮੁਕੰਮਲ ਹੋਣ ਉਪਰੰਤ ਪਾਰਕ ਦਾ ਪੁਨਰ-ਨਿਰਮਾਣ ਕੀਤਾ ਗਿਆ। ਇਹ ਸਾਰਾ ਦਿਨ ਰੁੱਝਿਆ ਰਹਿਣ ਵਾਲਾ ਸਟੇਸ਼ਨ ਹੈ

ਕਲਾਟ ਪਲੇਸ ਸੈਂਟਰਲ ਪਾਰਕ ਤਰ੍ਹਾਂ ਤਰ੍ਹਾਂ ਦੀਆਂ ਸੱਭਿਆਚਾਰਕ ਸਰਗਰਮੀਆ ਦਾ ਕੇਂਦਰ ਹੈ। ਉਰਦੂ ਹੈਰੀਟੇਜ ਫੈਸਟੀਵਲ, ਯੁਵਾ ਮਹਾਂ-ਉਤਸਵ, ਆਵਾਮ ਕੀ ਆਵਾਜ਼ ਸੰਗੀਤਕ ਪ੍ਰੋਗਰਾਮ ਇਥੇ ਹੀ ਕਰਵਾਏ ਜਾਂਦੇ ਹਨ। ਇਸ ਪਾਰਕ ਦੇ ਵਿਚਾਲੇ 2014 ਤੋਂ 207 ਫੁੱਟ ਦੀ ਉਚਾਈ 'ਤੇ 90 ⊘ 60 ਆਕਾਰ ਦਾ ਤਿਰੰਗਾ ਲਹਿਰਾਇਆ ਗਿਆ ਹੈ।

ਕਨਾਟ ਪਲੇਸ ਹਫ਼ਤ ਦੇ ਸੱਤੇ ਦਿਨ ਖੁਲ੍ਹਦਾ ਹੈ। ਸਵੇਰੇ 10 ਵਜੇ ਤੋਂ ਰਾਤ 8.30 ਵਜੇ ਤੱਕ। ਦੁਕਾਨਾਂ ਦੇ ਅੱਗੇ ਨਾਲ-ਨਾਲ ਘੁੰਮਦਾ ਖੁਲ੍ਹਾ ਵਰਾਂਡਾ ਕਨਾਟ ਪਲੇਸ ਨੂੰ ਚਾਰ ਚੰਨ ਲਾਉਂਦਾ ਹੈ। ਗਰਮੀ ਸਰਦੀ ਵਿਚ, ਮੀਂਹ ਕਣੀ ਵਿਚ ਵੀ ਲੋਕਾਂ ਨੂੰ ਘੁੰਮਣ-ਫਿਰਨ, ਖਰੀਦੋ-ਫਿਰੋਖਤ ਕਰਨ ਵਿਚ ਸੌਖ ਰਹਿੰਦੀ ਹੈ।

ਕਨਾਟ ਪਲੇਸ ਨੇ ਹੁਣ ਤੱਕ 92 ਸਾਲ ਦਾ ਸਫ਼ਰ ਤੈਅ ਕਰ ਲਿਆ ਹੈ। ਇਸ ਦੌਰਾਨ ਇਸਨੇ ਅਨੇਕਾਂ ਰੰਗ-ਢੰਗ ਵੇਖੇ। ਕਦੇ ਅੰਗਰੇਜ਼ਾਂ ਦਾ ਵਿਰੋਧ ਕਰ ਰਹੇ ਲੋਕਾਂ ਨੇ ਦੁਕਾਨਾਂ ਨੂੰ ਅੱਗਾਂ ਲਾਈਆਂ। ਕਦੇ ਸਿਆਸਤ ਤੋਂ ਪ੍ਰੇਰਿਤ ਹੋ ਕੇ ਇਸਦੇ ਨਾਂ ਬਦਲੇ ਗਏ।

ਵਿਸ਼ਵ ਵਿਚ ਦਿੱਲੀ ਦੀ ਪਹਿਚਾਣ ਕਨਾਟ ਪਲੇਸ ਨਾਲ ਜੁੜੀ ਹੋਈ ਹੈ। ਇਸੇ ਕਾਰਨ ਦੇਸ਼ ਵਿਦੇਸ਼ ਤੋਂ ਦਿੱਲੀ ਆਉਣ ਵਾਲੇ ਯਾਤਰੀ ਕਨਾਟ ਪਲੇਸ ਜ਼ਰੂਰ ਘੁੰਮਣ ਜਾਂਦੇ ਹਨ। ਨਤੀਜੇ ਵਜੋਂ ਇਥੇ ਹਮੇਸ਼ਾਂ ਚਹਿ ਪਹਿਲ ਰਹਿੰਦੀ ਹੈ। ਦੇਸ਼ ਵਿਦੇਸ਼ ਦੇ ਯਾਤਰੀਆਂ ਦਾ ਅਨੁਭਵ ਸੁਖਦ ਹੋਵੇ ਅਤੇ ਉਹ ਚੰਗਾ ਪ੍ਰਭਾਵ ਲੈ ਕੇ ਜਾਣ ਇਸ ਲਈ ਸੰਬੰਧਤ ਅਦਾਰਾ ਇਸਦੀ ਦਸ਼ਾ ਸੁਧਾਰਨ ਲਈ ਕਾਰਜਸ਼ੀਲ ਹੈ।

ਜਲਦੀ ਹੀ ਇਥੇ ਦੇਸ਼ ਦਾ ਪਹਿਲਾ ਖਾਦੀ ਮਾਲ ਖੁਲ੍ਹਣ ਜਾ ਰਿਹਾ ਹੈ ਜਿਥੇ ਗਾਹਕਾਂ ਦੀ ਸਹੂਲਤ ਅਤੇ ਪਸੰਦ ਦਾ ਖਾਸ ਧਿਆਨ ਰੱਖਿਆ ਜਾਵੇਗਾ। ਏ.ਆਈ. (ਆਰਟੀਫ਼ੀਸ਼ੀਅਲ ਇੰਟੈਲੀਜੈਂਸ) ਦਾ ਵਿਸ਼ੇਸ਼ ਮਾਡਲ ਦੱਸੇਗਾ ਕਿ ਕਿਹੜੇ ਰੰਗ ਅਤੇ ਡਿਜ਼ਾਇਨ ਦਾ ਖਾਦੀ ਕੱਪੜਾ ਰੱਖਣਾ ਲਾਹੇਵੰਦ ਹੋਵੇਗਾ। ਇਸੇ ਤਰ੍ਹਾਂ ਇਹ ਮਾਡਲ ਗਾਹਕਾਂ ਨੂੰ ਦੱਸੇਗਾ ਕਿ ਉਨ੍ਹਾਂ 'ਤੇ ਕਿਹੜੇ ਰੰਗ ਅਤੇ ਡਿਜ਼ਾਈਨ ਦੇ ਕੱਪੜੇ ਵਧੇਰੇ ਫੱਬਣਗੇ।

ਕਨਾਟ ਪਲੇਸ ਦਿੱਲੀ ਆਪਣੇ ਡਿਜ਼ਾਈਨ, ਜੀਵੰਤ ਮਾਹੌਲ, ਵੰਨ ਸਵੰਨੇ ਸ਼ੋਅਰੂਮ, ਰੈਸਟੋਰੈਂਟ ਅਤੇ ਮਨੋਰੰਜਨ ਸਥਾਨਾਂ ਕਰਕੇ ਵੀ ਪ੍ਰਸਿੱਧ ਹੈ। ਇਥੇ ਕਈ ਸਿਨੇਮਾਂ ਘਰ ਅਤੇ ਕੌਫ਼ੀ ਹਾਊਸ ਹਨ। ਇਹ ਸਥਾਨ ਦਿੱਲੀ ਦੇ ਵੱਖ-ਵੱਖ ਇਲਾਕਿਆਂ ਨਾਲ ਸਿੱਧੇ, ਸੌਖੇ ਤੇ ਬਿਹਤਰ ਢੰਗ ਨਾਲ ਜੁੜਿਆ ਹੋਇਆ ਹੈ।

ਕਨਾਟ ਪਲੇਸ ਦੀ ਸੈਂਟਰਲ ਪਾਰਕ ਹੇਠਾਂ ਮੈਟਰੋ ਸਟੇਸ਼ਨ ਬਣਨ ਨਾਲ ਇੱਥੇ ਆਉਣਾ ਜਾਣਾ ਹੋਰ ਅਸਾਨ ਹੋ ਗਿਆ ਹੈ। ਇਸੇ ਕਾਰਨ ਪਹਿਲਾਂ ਦੇ ਮੁਕਾਬਲੇ ਹੁਣ ਇੱਥੇ ਚਹਿਲ-ਪਹਿਲ ਹੋਰ ਵੱਧ ਗਈ ਹੈ।

# ਪੰਜਾਬੀ ਜਨਜੀਵਨ ਵਿੱਚ ਅਖਾਣਾਂ ਦੀ ਮਹੱਤਤਾ

ਡਾ. ਇਕਬਾਲ ਸਿੰਘ ਸਕਰੌਦੀ
06, ਥਲੇਸ ਬਾ਼ਗ ਕਲੋਨੀ ਸੰਗਰੂਰ
(84276-85020).

ਅਖਾਣਾਂ ਦੀ ਪੰਜਾਬੀ ਜਨਜੀਵਨ ਅਤੇ ਸਭਿਆਚਾਰ ਵਿੱਚ ਬਹੁਤ ਜ਼ਿਆਦਾ ਮਹੱਤਤਾ ਹੈ। ਇਹ ਲੋਕ ਸਾਹਿਤ ਦਾ ਬਹੁਤ ਹੀ ਖ਼ੂਬਸੂਰਤ ਅਤੇ ਮਹੱਤਵਪੂਰਨ ਅੰਗ ਹਨ। ਹਰ ਅਖਾਣ ਦੇ ਪਿਛੋਕੜ ਵਿੱਚ ਕੋਈ ਘਟਨਾ, ਕਥਾ, ਸਾਕਾ ਜਾਂ ਪ੍ਰਸੰਗ ਹੁੰਦਾ ਹੈ। ਅਖਾਣ ਨੂੰ ਅਖਾਉਤ, ਲੋਕੋਕਤੀ, ਕਹਾਵਤ ਵੀ ਆਖਿਆ ਜਾਂਦਾ ਹੈ। ਸੋਹਿੰਦਰ ਸਿੰਘ ਵਣਜਾਰਾ ਬੇਦੀ ਅਨੁਸਾਰ- 'ਸੰਜਮ ਅਤੇ ਲੈਅ ਭਰਪੂਰ ਚੁਸਤ ਵਾਕ, ਜਿਨ੍ਹਾਂ ਵਿੱਚ ਜੀਵਨ ਬਾਰੇ ਕੋਈ ਤੱਥ ਜਾਂ ਨਿਰਣਾ ਪ੍ਰਭਾਵਸ਼ਾਲੀ ਵਿਧੀ ਨਾਲ਼ ਸਮੋਇਆ ਹੋਵੇ, 'ਅਖਾਣ' ਹਨ।'ਅਖਾਣਾਂ ਨੂੰ ਘੜਨ ਵਾਲ਼ੇ ਕੋਈ ਵਿਸ਼ੇਸ਼ ਡਿਗਰੀਆਂ ਪ੍ਰਾਪਤ ਵਿਦਵਾਨ ਨਹੀਂ ਸਨ। ਸਗੋਂ ਪਿੰਡਾਂ ਵਿੱਚ ਰਹਿਣ ਵਾਲ਼ੇ ਜਨ-ਸਧਾਰਨ ਲੋਕਾਂ ਵਿੱਚੋਂ ਕੁਝ ਬਹੁਤ ਹੀ ਤੀਖਣ ਬੁੱਧੀ ਦੇ ਮਾਲਕ ਹੁੰਦੇ ਸਨ। ਇਨ੍ਹਾਂ ਤੀਖਣ ਬੁੱਧੀ ਵਾਲ਼ੇ ਵਿਅਕਤੀਆਂ ਵਿੱਚੋਂ ਕਿਸੇ ਇੱਕ ਦੇ ਮੂੰਹੋਂ ਸਹਿਜ ਸੁਭਾਅ ਕੋਈ ਵਾਕ ਨਿੱਕਲ਼ ਜਾਂਦਾ ਸੀ। ਸਹਿਜ ਸੁਭਾਅ ਨਿੱਕਲਿਆ ਇਹੋ ਵਾਕ ਜਦੋਂ ਵਾਰ-ਵਾਰ ਆਮ ਲੋਕਾਂ ਵੱਲੋਂ ਵਰਤਿਆ ਜਾਂਦਾ ਸੀ। ਤਦ ਸਮਾਂ ਪਾ ਕੇ ਉਹ ਅਖਾਣ ਦਾ ਰੂਪ ਧਾਰਨ ਕਰ ਜਾਂਦਾ ਸੀ। ਫ਼ਿਰ ਸਾਰਾ ਸਮਾਜ ਉਸ ਨੂੰ ਵਰਤਣਾ ਸ਼ੁਰੂ ਕਰ ਦਿੰਦਾ ਸੀ। ਇਸ ਤਰ੍ਹਾਂ ਅਖਾਣਾਂ ਦੀ ਸਿਰਜਣਾ ਸਹਿਜ ਸੁਭਾਅ ਹੁੰਦੀ ਰਹੀ ਹੈ। ਇਹ ਵੀ ਇੱਕ ਤੱਥ ਹੈ ਕਿ ਪੁਰਸ਼ਾਂ ਨਾਲੋਂ ਸੁਆਣੀਆਂ ਅਖਾਣ ਘੜਨ ਵਿੱਚ ਵਧੇਰੇ ਦਿਲਚਸਪੀ ਰੱਖਦੀਆਂ ਰਹੀਆਂ ਹਨ।

ਅਖਾਣਾਂ ਨੂੰ ਮੁੱਖ ਤੌਰ 'ਤੇ ਦੋ ਵਰਗਾਂ ਵਿੱਚ ਵੰਡਿਆ ਜਾਂਦਾ ਹੈ। ਇੱਕ ਉਹ ਅਖਾਣ ਹਨ, ਜੋ ਸੁਤੇ ਸਿੱਧ ਹੋਂਦ ਵਿੱਚ ਆਉਂਦੇ ਹਨ। ਇਹ ਲੋਕਾਂ ਦੁਆਰਾ ਆਪਣੇ ਆਪ ਸਿਰਜੇ ਜਾਂਦੇ ਹਨ। ਕਿਸੇ ਸਿਆਣੇ ਸੁਲਝੇ ਹੋਏ ਇਨਸਾਨ ਦੇ ਮੂੰਹੋਂ ਕਿਸੇ ਖ਼ਾਸ ਪ੍ਰਸੰਗ ਜਾਂ ਪਰਿਸਥਿਤੀ ਵਿੱਚ ਆਪ ਮੁਹਾਰੇ ਕੋਈ ਵਾਕ ਨਿੱਕਲ਼ ਜਾਂਦਾ ਹੈ, ਜੋ ਆਪਣੀ ਠੁੱਕ ਅਤੇ ਅਨੁਰੂਪਤਾ ਕਾਰਨ ਲੋਕ ਸੂਝ ਉੱਤੇ ਛਾ ਜਾਂਦਾ ਹੈ। ਇਹੋ ਲੋਕ ਮੁੱਖ ਦੀ ਟਕਸਾਲ ਦਾ ਸਿੱਕਾ ਸੁਤੇ ਸਿੱਧ ਹੋਂਦ ਵਿੱਚ ਆਉਣ ਵਾਲ਼ਾ 'ਅਖਾਣ' ਹੈ। ਇਸ ਦੇ ਵਿਕਾਸ ਦੀਆਂ ਤਿੰਨ ਅਵੱਸਥਾਵਾਂ ਮੰਨੀਆਂ ਗਈਆਂ ਹਨ- ਪਹਿਲੀ ਬੀਜ ਰੂਪ ਵਾਲ਼ੀ, ਜਦੋਂ ਕਿਸੇ ਸਿਆਣੇ ਵਿਅਕਤੀ ਦੇ ਮੂੰਹੋਂ ਅਖਾਣ ਬਣਨ ਵਾਲ਼ਾ ਵਾਕ ਨਿੱਕਲ਼ਦਾ ਹੈ। ਦੂਜੀ, ਜਦੋਂ ਉਹ ਵਾਕ ਜਾਂ ਕਥਨ ਉਸੇ ਵਰਗੀਆਂ ਪਰਿਸਥਿਤੀਆਂ ਵਿੱਚ ਵਰਤਿਆ ਜਾਣ ਲੱਗਦਾ ਹੈ। ਤੀਜੀ, ਉਸ ਵਿੱਚੋਂ ਕੋਈ ਵਾਧੂ ਸ਼ਬਦ ਮੁੱਖ ਸੁਖ ਸਿਧਾਂਤ ਦੇ ਸੰਦ ਦੁਆਰਾ ਛਿੱਲੇ ਤਰਾਸ਼ੇ ਜਾਣ ਉਪਰੰਤ ਆਪਣਾ ਸਿੱਕੇਬੰਦ ਰੂਪ ਧਾਰਨ ਕਰਦਾ ਹੈ। ਵੰਨਗੀ ਦੇ ਤੌਰ 'ਤੇ ਕੁਝ ਅਖਾਣ ਦੇਖੇ ਜਾ ਸਕਦੇ ਹਨ- ਸੌ ਸਿਆਣੇ ਇੱਕੋ ਮਤ, ਮੂਰਖ਼ ਆਪੋ ਆਪਣੀ, ਸੌ ਸੁਨਿਆਰ ਦੀ, ਇੱਕ ਲੁਹਾਰ ਦੀ, ਸੌ ਚਾਚਾ ਇੱਕ ਪਿਉ, ਸੌ ਦਾਰੂ ਇੱਕ ਘਿਉ, ਸੌ ਦਿਨ ਚੋਰ ਦੇ, ਇੱਕ ਦਿਨ ਸਾਧ ਦਾ, ਹੱਥ ਕਾਰ ਵੱਲ, ਚਿੱਤ ਯਾਰ ਵੱਲ, ਹੱਥ ਪੁਰਾਣੇ ਖੌਸੜੇ ਬਸੰਤੇ ਹੋਰੀਂ ਆਏ, ਹਥਿਆਰ ਉਹ ਜਿਹੜਾ ਵੇਲੇ ਸਿਰ ਕੰਮ ਆਏ, ਹਮਸਾਏ ਮਾਂ ਪਿਉ ਜਾਏ, ਜੋੜੀਆਂ ਜੱਗ ਥੋੜ੍ਹੀਆਂ ਸਿਰ ਨਰੜ ਬਥੇਰੇ, ਲਾਈਏ ਤਾਂ ਤੋੜ ਨਿਭਾਈਏ, ਲੱਲੂ ਕਰੇ ਕਵੱਲੀਆਂ ਰੱਬ ਸਿੱਧੀਆਂ ਪਾਵੇ ਆਦਿ।

ਦੂਜੀ ਕਿਸਮ ਦੇ ਅਖਾਣ ਚੇਤਨ ਤੌਰ 'ਤੇ ਹੋਂਦ ਵਿੱਚ ਆਉਂਦੇ ਹਨ। ਇਨ੍ਹਾਂ ਦੀ ਸਿਰਜਣਾ ਸ੍ਰੇਸ਼ਠ ਸਾਹਿਤਕਾਰਾਂ ਦੁਆਰਾ ਕੀਤੀ ਹੁੰਦੀ ਹੈ। ਜਦੋਂ ਕੋਈ ਸਾਹਿਤਕਾਰ ਮਨੁੱਖੀ ਸੁਭਾਅ 'ਤੇ ਆਧਾਰਿਤ ਜਾਂ ਜੀਵਨ ਦੇ ਕਿਸੇ ਵੀ ਪੱਖ ਬਾਰੇ ਸਾਲਾਂ ਬੱਧੀ ਅਨੁਭਵ ਦੇ ਨਿਚੋੜ ਵਜੋਂ ਹਾਸਲ ਕੀਤੇ ਸੱਚ ਨੂੰ ਸੁੰਦਰ ਸ਼ਬਦ ਯੋਜਨਾ ਨਾਲ਼ ਵਾਕ ਵਿੱਚ ਬੀੜ ਦਿੰਦਾ ਹੈ ਤਾਂ ਉਹ ਸਤਿ ਕਥਨ ਵਾਰ-ਵਾਰ ਲੋਕਾਂ ਵਿੱਚ ਵਰਤੇ ਜਾਣ ਨਾਲ਼ ਅਖਾਣ ਬਣਨ ਦਾ ਅਧਿਕਾਰੀ ਹੋ ਜਾਂਦਾ ਹੈ। ਧਰਮ ਅਤੇ ਸਦਾਚਾਰ ਨਾਲ਼ ਸੰਬੰਧਿਤ ਨੀਤੀ ਕਥਨ ਵੀ ਇਸੇ ਵਰਗ ਅਧੀਨ ਆ ਜਾਂਦੇ ਹਨ। ਲੋਕ ਅਖਾਣਾਂ ਨਾਲ਼ੋਂ ਇਨ੍ਹਾਂ ਅਖਾਣਾਂ ਦਾ ਉਨਾ ਹੀ ਫ਼ਰਕ ਹੁੰਦਾ ਹੈ, ਜਿੰਨਾ ਜੰਗਲ ਵਿੱਚ ਉੱਗੇ ਸਹਿਜ ਸੁਭਾਵਿਕ ਫੁੱਲ ਦਾ ਅਤੇ ਬਗੀਚੇ ਦੇ ਫੁੱਲ ਵਿੱਚ ਹੁੰਦਾ ਹੈ। ਪਹਿਲੇ ਦਾ ਸੁਹਜ ਕੁਦਰਤੀ ਹੁੰਦਾ ਹੈ ਅਤੇ ਦੂਜੇ ਦਾ ਕਲਾਤਮਕ। ਪਹਿਲੇ ਉੱਤੇ ਲੋਕ ਸੂਝ ਦੀ ਮੋਹਰ ਲੱਗੀ ਹੁੰਦੀ ਹੈ ਅਤੇ ਦੂਜੇ ਉੱਤੇ ਸਾਹਿਤਕਾਰ ਦੀ ਪ੍ਰਤਿਭਾ ਦੀ ਛਾਪ ਲੱਗੀ ਹੁੰਦੀ ਹੈ। ਪਰੰਤੂ ਵਰਤੋਂ ਦੇ ਲਿਹਾਜ਼ ਨਾਲ਼ ਇਨ੍ਹਾਂ ਦੋਵਾਂ ਵਿੱਚ ਕੋਈ ਫ਼ਰਕ ਨਹੀਂ ਹੁੰਦਾ।

ਪੰਜਾਬੀ ਸਾਹਿਤ ਵਿੱਚ ਬਾਬਾ ਸ਼ੇਖ਼ ਫ਼ਰੀਦ ਦੀ ਰਚਨਾ ਵਿੱਚ ਕਈ ਵਾਕ ਅਖਾਣਾਂ ਦਾ ਰੂਪ ਧਾਰਨ ਕਰ ਗਏ ਹਨ- ਆਪਨੜੇ ਗਿਰੀਵਾਨ ਮਹਿ ਸਿਰ ਨੀਵਾਂ ਕਰਿ ਦੇਖੁ, ਜਿਨ੍ਹਾਂ ਖਾਧੀ ਚੋਪੜੀ ਘਣੇ ਸਹਿਣਗੇ ਦੁੱਖ, ਫਰੀਦਾ ਜਿਨ੍ਹੀ ਕੰਮੀ ਨਾਹਿ ਗੁਣ ਤੇ ਕੰਮੜੇ ਵਿਸਾਰਿ। ਸਿੱਖ ਗੁਰੂ ਸਾਹਿਬਾਨ ਵੱਲੋਂ ਰਚੀਆਂ ਗੁਰਬਾਣੀ ਦੀਆਂ ਸੈਂਕੜੇ ਤੁਕਾਂ ਸੁਚੱਜੇ ਅਖਾਣਾਂ ਦਾ ਰੂਪ ਧਾਰਨ ਕਰ ਗਈਆਂ ਹਨ- ਆਪੇ ਬੀਜਿ ਆਪਿ ਹੀ ਖਾਹੁ, ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ, ਕਚੈ ਭਾਂਡੈ ਰਖੀਐ ਕਿਚਰ ਤਾਈਂ ਨੀਰ ?, ਦੁਖ ਦਾਰੂ ਸੁਖ ਰੋਗ ਭਇਆ, ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ, ਰੋਟੀਆਂ ਕਾਰਨਿ ਪੂਰਹਿ ਤਾਲ, ਨਿਵੈ ਸੋ ਗਉਰਾ ਹੋਇ ਆਦਿ।

ਭਾਈ ਗੁਰਦਾਸ ਜੀ ਵੱਲੋਂ ਰਚੀਆਂ 39 ਅਧਿਆਤਮਕ ਵਾਰਾਂ ਅਖਾਣਾਂ ਨਾਲ਼ ਭਰਪੂਰ ਹਨ। ਉਨ੍ਹਾਂ ਵੱਲੋਂ ਰਚੀ ਹਰ ਪਉੜੀ ਵਿੱਚ ਇੱਕ ਜਾਂ ਦੋ ਅਖਾਣ ਸਹਿਜ ਸੁਭਾਅ ਮਿਲ ਜਾਂਦੇ ਹਨ, ਜਿਵੇਂ ਕੁੱਤਾ ਰਾਜ ਬਹਾਲੀਐ ਫਿਰਿ ਚੱਕੀ ਚੱਟੈ, ਸੱਪੈ ਦੁਧੁ ਪਿਆਲੀਐ ਵਿਹੁ ਮੁਖਹੁ ਸੱਟੈ। ਉਨ੍ਹਾਂ ਨੇ ਕੁਝ ਕਥਾ ਪ੍ਰਸੰਗਾਂ ਦੇ ਆਧਾਰ @ਤੇ ਵੀ ਅਖਾਣਾਂ ਦੀ ਸਿਰਜਣਾ ਕੀਤੀ ਹੈ। ਉਦਾਹਰਣ ਵਜੋਂ @ਕਾਵਾਂ ਰੌਲੀ ਮੂਰਖ ਸੰਗੈ@ ਅਖਾਣ ਨੂੰ ਚਿੱਤਰਣ ਵੇਲੇ ਉਨ੍ਹਾਂ ਨੇ ਪੂਰੀ ਪਉੜੀ ਲਿਖੀ ਹੈ-

**"ਠੰਢੇ ਖੂਹਹੁੰ ਨ੍ਹਾਇਕੈ ਪਗੁ ਵਿਸਾਰ ਆਯਾ ਸਿਰ ਨੰਗੈ।**
**ਘਰ ਵਿੱਚ ਰੰਨਾਂ ਕਮਲੀਆਂ ਧੁੱਸੀ ਲੀਤੀ ਦੇਖ ਕੁਢੰਗੈ।**
**ਰੰਨਾਂ ਦੇਖ ਪਿਟੰਦੀਆਂ ਢਾਹਾਂ ਮਾਰੈ ਹੋਇ ਨਿਸੰਗੈ।**
**ਲੋਕ ਸਿਆਪੇ ਆਇਆ ਰੰਨਾਂ ਪੁਰਸ਼ ਜੁੜੇ ਲੈ ਪੰਗੈ।**
**ਨਾਇਣ ਪੁੱਛਦੀ ਪਿਟਦੀਆਂ**
**ਕਿਤ ਦੇ ਨਾਇਕ ਅਲਾਹਨੀ ਅੰਗੈ।**
**ਸਹੁਰੇ ਪੁਛਹੁ ਜਾਇ ਕੈ ਕਉਣ ਮੂਆ ਨੂੰਹ ਉੱਤਰ ਮੰਗੈ।**
**ਕਾਂਵਾਂ ਰੌਲੀ ਮੂਰਖ ਸੰਗੈ।"**

ਪੰਜਾਬੀ ਕਿੱਸਾ ਸਾਹਿਤ ਵਿੱਚ ਅਨੇਕ ਸਤਿ ਕਥਨ ਅਖਾਣ ਵਜੋਂ ਪ੍ਰਸਿੱਧੀ ਹਾਸਲ ਕਰ ਚੁੱਕੇ ਹਨ। ਵਾਰਿਸਸ਼ਾਹ ਦੀ ਹੀਰ ਅਤੇ ਹਾਸ਼ਮ ਸ਼ਾਹ ਦੇ ਰਚੇ ਸੱਸੀ ਪੁੰਨੂੰ ਦੇ ਕਿੱਸੇ ਦੀਆਂ ਅਨੇਕਾਂ ਤੁਕਾਂ ਸੁੰਦਰ ਅਖਾਣਾਂ ਵਜੋਂ ਪੰਜਾਬੀਆਂ ਦੀ ਜ਼ੁਬਾਨ 'ਤੇ ਚੜ੍ਹ ਗਈਆਂ ਹਨ- ਵਾਰਿਸਸ਼ਾਹ ਨਾ ਆਦਤਾਂ ਜਾਂਦੀਆਂ ਨੇ, ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ, ਵਾਰਿਸਸ਼ਾਹ ਜਦ ਨੈਣਾਂ ਦਾ ਦਾਅ ਲੱਗੇ ਕੋਈ ਬਚੇ ਨਾ ਜੂਏ ਦੀ ਖਾਰ ਵਿੱਚੋਂ, ਵਾਰਿਸਸ਼ਾਹ ਛੁਪਾਈਏ ਜੱਗ ਕੋਲੋਂ, ਭਾਵੇਂ ਆਪਣਾ ਹੀ ਗੁੜ ਖਾਈਏ ਜੀ, ਹਾਸ਼ਮ ਹੋਣ ਜਿਨ੍ਹਾਂ ਦਿਨ ਉਲਟੇ, ਸਭ ਉਲਟੀ ਬਣ ਜਾਵੇ, ਹਾਸ਼ਮ ਦੋਸ਼ ਨਹੀਂ ਕਰਵਾਨਾ, ਇਸ਼ਕ ਕਈ ਘਰ ਗਾਲੇ। ਹਾਸ਼ਮ ਖ਼ਾਕ ਰੁਲਾਵੇ ਗਲ਼ੀਆਂ ਇਹ ਕਾਫ਼ਿਰ ਇਸ਼ਕ ਮਜਾਜ਼ੀ।

ਸੂਫ਼ੀ ਕਵੀ ਬੁੱਲ੍ਹੇ ਸ਼ਾਹ ਨੂੰ ਰੱਬ ਦੀ ਪ੍ਰਾਪਤੀ ਲਈ ਸੰਸਾਰਕ ਪ੍ਰਪੰਚ ਤੋਂ ਮਨ ਨੂੰ ਹਟਾ ਕੇ ਅਧਿਆਤਮਿਕਤਾ ਵਿੱਚ ਲਗਾਉਣ ਦਾ ਕਿੰਨਾ ਸਰਲ ਅਤੇ ਸੌਖਾ ਉਪਾਅ ਉਸ ਦੇ ਮੁਰਸ਼ਿਦ ਸ਼ਾਹ ਅਨਾਇਤ ਦੁਆਰਾ ਸਮਝਾਇਆ ਗਿਆ ਹੈ- ਰੱਬ ਦਾ ਕੀ ਪਾਉਣਾ, ਇੱਧਰੋਂ ਪੁੱਟਣਾ ਤੇ ਉੱਧਰ ਲਾਉਣਾ।

ਪੰਜਾਬ ਦੀ ਬਹੁਤੀ ਵਸੋਂ ਪਿੰਡਾਂ ਵਿੱਚ ਹੋਣ ਕਾਰਨ ਅਤੇ ਪੇਂਡੂ ਲੋਕਾਂ ਦਾ ਮੁੱਖ ਧੰਦਾ ਖੇਤੀ ਬਾੜੀ ਨਾਲ਼ ਹੋਣ ਕਾਰਨ ਬਹੁਤ ਸਾਰੇ ਅਖਾਣ ਪੇਂਡੂ ਜਨਜੀਵਨ ਅਤੇ ਖੇਤੀ ਨਾਲ਼ ਸੰਬੰਧਿਤ ਹੋਂਦ ਵਿੱਚ ਆ ਗਏ ਹਨ, ਜਿਵੇਂ ਉੱਦਮ ਅੱਗੇ ਲੱਛਮੀ ਪੱਖੇ ਅੱਗੇ ਪੌਣ, ਉੱਜੜੇ ਖੇਤਾਂ ਦੇ ਗਾਲ੍ਹੜ ਪਟਵਾਰੀ, ਦੱਬ ਕੇ ਵਾਹ ਤੇ ਰੱਜ ਕੇ ਖਾ, ਕਰ ਮਜੂਰੀ ਤੇ ਖਾ ਚੂਰੀ, ਖੇਤੀ ਖ਼ਸਮਾਂ ਸੇਤੀ, ਜਿਹਾ ਡੋਡਾ ਪਿਆ ਤਿਹਾ ਚਿੜੀਆਂ ਚੁਗ ਲਿਆ। ਇਨ੍ਹਾਂ ਅਖਾਣਾਂ ਤੋਂ ਪੰਜਾਬੀਆਂ ਦੇ ਮਨ ਦੀਆਂ ਅਵੱਸਥਾਵਾਂ ਦਾ ਵੀ ਝਲਕਾਰਾ ਮਿਲਦਾ ਹੈ।

ਭੂਗੋਲ ਅਤੇ ਇਤਿਹਾਸ ਨਾਲ਼ ਸੰਬੰਧਿਤ ਅਖਾਣ ਵੀ ਪੰਜਾਬੀ ਸਭਿਆਚਾਰ ਵਿੱਚ ਉਪਲੱਬਧ ਹਨ, ਜਿਵੇਂ- ਖਾਧਾ ਪੀਤਾ ਲਾਹੇ ਦਾ, ਰਹਿੰਦਾ ਅਹਿਮਦ ਸ਼ਾਹੇ ਦਾ, ਕਾਬਲ ਦਾ ਸਰਦਾ, ਫ਼ਿਰੋਜ਼ਪੁਰ ਦਾ ਗਰਦਾ, ਪੰਜਾਬ ਦੇ ਜੰਮਿਆਂ ਨੂੰ ਨਿੱਤ ਮੁਹਿੰਮਾਂ, ਆਏ ਨੀਂ ਨਿਹੰਗ ਬੂਹੇ ਖੋਲ੍ਹ ਦੇ ਨਿਸੰਗ। ਬੇਸ਼ੱਕ ਬਹੁਤੇ ਅਖਾਣ ਗੱਦਾਤਮਕ ਵਾਕਾਂ ਦੇ ਰੂਪ ਵਿੱਚ ਮਿਲਦੇ ਹਨ। ਪਰੰਤੂ ਕੁਝ ਅਖਾਣਾਂ ਵਿੱਚ ਕਾਵਿਕ ਲੈਅ ਵੀ ਬੜੀ ਕਮਾਲ ਦੀ ਹੁੰਦੀ ਹੈ-

**'ਤਿੱਤਰ ਖੰਭੀ ਬੱਦਲੀ ਰੰਨ ਮਲਾਈ ਖਾਇ।**
**ਉਹ ਵੱਸੇ, ਉਹ ਉੱਧਲੇ, ਖ਼ਾਲੀ ਮੂਲ ਨਾ ਜਾਇ।'**

ਇਸ ਪ੍ਰਕਾਰ ਪੰਜਾਬੀ ਅਖਾਣਾਂ ਵਿੱਚ ਪੰਜਾਬੀਆਂ ਦੇ ਸਮੁੱਚੇ ਜਨਜੀਵਨ ਦਾ ਬਿੰਬ ਉਜਾਗਰ ਹੁੰਦਾ ਹੈ। ਪੰਜਾਬੀਆਂ ਦੇ ਜੀਵਨ ਦਾ ਕੋਈ ਵੀ ਪੱਖ ਅਖਾਣਾਂ ਤੋਂ ਬਾਂਝਾ ਨਹੀਂ ਰਿਹਾ ਹੈ। ਜਿੰਨੀਂ ਵੰਨ-ਸੁਵੰਨਤਾ ਪੰਜਾਬੀ ਅਖਾਣਾਂ ਵਿੱਚ ਹੈ, ਇੰਨੀਂ ਹੋਰ ਭਾਸ਼ਾਵਾਂ ਦੇ ਸਾਹਿਤ ਵਿੱਚ ਘੱਟ ਹੀ ਨਜ਼ਰੀਂ ਪੈਂਦੀ ਹੈ।

# ਕੱਢਣਾ ਰੁਮਾਲ ਦੇ ਗਿਓਂ ਵੇ



**ਲਾਡੀ ਜਗਤਾਰ ਮਾਨਸਾ**
**9463603091**

ਮਨੁੱਖੀ ਸਭਿਅਤਾ ਦੇ ਵਿਕਾਸ ਨਾਲ ਜਿੱਥੇ ਭੋਜਨ, ਪਹਿਰਾਵੇ ਅਤੇ ਰਿਹਾਇਸ਼ ਵਿੱਚ ਬਦਲਾਅ ਆਏ, ਉੱਥੇ ਰੋਜ਼ਾਨਾ ਵਰਤੋਂ ਦੀਆਂ ਛੋਟੀਆਂ-ਛੋਟੀਆਂ ਵਸਤੂਆਂ ਨੇ ਵੀ ਮਨੁੱਖੀ ਜੀਵਨ ਨੂੰ ਸੁਚੱਜਾ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਰੁਮਾਲ ਅਜਿਹੀ ਹੀ ਇੱਕ ਵਸਤੂ ਹੈ। ਆਕਾਰ ਵਿੱਚ ਛੋਟਾ ਹੋਣ ਦੇ ਬਾਵਜੂਦ ਇਹ ਸਫ਼ਾਈ, ਸਲੀਕੇ, ਸੱਭਿਆਚਾਰ, ਪਿਆਰ ਅਤੇ ਕਲਾਤਮਕ ਪਰੰਪਰਾ ਦਾ ਪ੍ਰਤੀਕ ਹੈ। ਅੱਜ ਹਰ ਵਰਗ ਦਾ ਵਿਅਕਤੀ ਇਸ ਦੀ ਵਰਤੋਂ ਕਰਦਾ ਹੈ, ਪਰ ਇਸ ਦਾ ਇਤਿਹਾਸ ਅਤੇ ਸੱਭਿਆਚਾਰਕ ਮਹੱਤਵ ਇਸ ਦੀ ਆਮ ਵਰਤੋਂ ਨਾਲੋਂ ਕਿਤੇ ਵੱਧ ਡੂੰਘਾ ਹੈ।

’ਰੁਮਾਲ’ ਸ਼ਬਦ ਫ਼ਾਰਸੀ ਮੂਲ ਨਾਲ ਜੋੜਿਆ ਜਾਂਦਾ ਹੈ। ’ਰੂ’ ਦਾ ਅਰਥ ਚਿਹਰਾ ਅਤੇ ’ਮਾਲ’ ਦਾ ਅਰਥ ਪੂੰਝਣਾ ਜਾਂ ਸਾਫ਼ ਕਰਨਾ ਹੈ। ਸ਼ੁਰੂ ਵਿੱਚ ਇਹ ਚਿਹਰਾ ਅਤੇ ਹੱਥ ਸਾਫ਼ ਕਰਨ ਲਈ ਵਰਤਿਆ ਜਾਣ ਵਾਲਾ ਸਾਦਾ ਕੱਪੜਾ ਸੀ, ਪਰ ਹੌਲੀ-ਹੌਲੀ ਇਹ ਪਹਿਰਾਵੇ ਦਾ ਅਟੁੱਟ ਹਿੱਸਾ, ਸਤਿਕਾਰ ਦਾ ਪ੍ਰਤੀਕ ਅਤੇ ਲੋਕ-ਕਲਾ ਦਾ ਸੁੰਦਰ ਨਮੂਨਾ ਬਣ ਗਿਆ।

ਪੁਰਾਤਨ ਸਮਿਆਂ ਵਿੱਚ ਰੁਮਾਲ ਘਰਾਂ ਵਿੱਚ ਹੀ ਸੂਤੀ ਜਾਂ ਰੇਸ਼ਮੀ ਕੱਪੜੇ ਤੋਂ ਤਿਆਰ ਕੀਤਾ ਜਾਂਦਾ ਸੀ। ਆਰਥਿਕ ਹਾਲਤ ਅਤੇ ਮੌਕੇ ਅਨੁਸਾਰ ਇਸ ਦੇ ਕੱਪੜੇ ਅਤੇ ਆਕਾਰ ਵਿੱਚ ਫ਼ਰਕ ਹੁੰਦਾ ਸੀ। ਆਮ ਲੋਕ ਸੂਤੀ ਰੁਮਾਲ ਵਰਤਦੇ ਸਨ, ਜਦਕਿ ਅਮੀਰ ਪਰਿਵਾਰਾਂ ਵਿੱਚ ਰੇਸ਼ਮੀ ਅਤੇ ਕਢਾਈਦਾਰ ਰੁਮਾਲ ਸ਼ਾਨ ਦਾ ਪ੍ਰਤੀਕ ਮੰਨੇ ਜਾਂਦੇ ਸਨ। ਅੱਜ ਉਦਯੋਗਿਕ ਉਤਪਾਦਨ ਨੇ ਇਸ ਨੂੰ ਹਰ ਰੰਗ, ਡਿਜ਼ਾਈਨ ਅਤੇ ਆਕਾਰ ਵਿੱਚ ਉਪਲਬਧ ਕਰਵਾ ਦਿੱਤਾ ਹੈ।

ਰੋਜ਼ਾਨਾ ਜੀਵਨ ਵਿੱਚ ਰੁਮਾਲ ਦੀ ਉਪਯੋਗਤਾ ਬਹੁਤ ਵਿਸ਼ਾਲ ਹੈ। ਇਹ ਹੱਥ ਅਤੇ ਮੂੰਹ ਸਾਫ਼ ਕਰਨ, ਪਸੀਨਾ ਪੂੰਝਣ, ਧੂੜ ਤੋਂ ਬਚਾਅ ਕਰਨ ਅਤੇ ਖੰਘ ਜਾਂ ਛਿੱਕ ਵੇਲੇ ਮੂੰਹ ਢੱਕਣ ਲਈ ਵਰਤਿਆ ਜਾਂਦਾ ਹੈ। ਡਾਕਟਰ ਵੀ ਇਸ ਗੱਲ ਉੱਤੇ ਜ਼ੋਰ ਦਿੰਦੇ ਹਨ ਕਿ ਨਿੱਜੀ ਰੁਮਾਲ ਦੀ ਵਰਤੋਂ ਕਈ ਛੂਤ ਦੀਆਂ ਬਿਮਾਰੀਆਂ ਦੇ ਫੈਲਾਅ ਨੂੰ ਘਟਾ ਸਕਦੀ ਹੈ। ਇਸ ਲਈ ਰੁਮਾਲ ਸਿਰਫ਼ ਸਫ਼ਾਈ ਦਾ ਸਾਧਨ ਨਹੀਂ, ਸਿਹਤ ਦੀ ਸੁਰੱਖਿਆ ਦਾ ਵੀ ਹਿੱਸਾ ਹੈ।

ਪੰਜਾਬੀ ਜੀਵਨ-ਸ਼ੈਲੀ ਵਿੱਚ ਰੁਮਾਲ ਦਾ ਇੱਕ ਵੱਖਰਾ ਹੀ ਸਥਾਨ ਰਿਹਾ ਹੈ। ਕੰਮ ਕਰਦੇ ਬੰਦਾ ਇਸ ਨਾਲ ਪਸੀਨਾ ਪੂੰਝਦਾ ਸੀ, ਇਸ ਨੂੰ ਧੁੱਪ ਤੋਂ ਬਚਾਅ ਲਈ ਸਿਰ ਉੱਤੇ ਬੰਨ੍ਹ ਲੈਂਦਾ ਸੀ ਅਤੇ ਵਿਦਿਆਰਥੀ ਇਸ ਨੂੰ ਆਪਣੀ ਵਰਦੀ ਦਾ ਜ਼ਰੂਰੀ ਹਿੱਸਾ ਮੰਨਦੇ ਸਨ। ਘਰ ਤੋਂ ਬਾਹਰ ਨਿਕਲਦਿਆਂ ਜੇਬ ਵਿੱਚ ਰੁਮਾਲ ਰੱਖਣਾ ਸੁਚੱਜੇ ਵਿਅਕਤੀ ਦੀ ਨਿਸ਼ਾਨੀ ਸਮਝਿਆ ਜਾਂਦਾ ਸੀ।

ਧਾਰਮਿਕ ਜੀਵਨ ਵਿੱਚ ਵੀ ਰੁਮਾਲ ਦਾ ਵਿਸ਼ੇਸ਼ ਮਹੱਤਵ ਹੈ। ਗੁਰਦੁਆਰਿਆਂ, ਮੰਦਰਾਂ ਅਤੇ ਹੋਰ ਧਾਰਮਿਕ ਅਸਥਾਨਾਂ ਵਿੱਚ ਸਿਰ ਢੱਕਣ ਲਈ ਰੁਮਾਲ ਦੀ ਵਰਤੋਂ ਕੀਤੀ ਜਾਂਦੀ ਹੈ। ਪਵਿੱਤਰ ਗ੍ਰੰਥਾਂ ਨੂੰ ਸਤਿਕਾਰ ਨਾਲ ਢੱਕਣ, ਪ੍ਰਸਾਦ ਜਾਂ ਭੇਟ ਨੂੰ ਸਜਾ ਕੇ ਰੱਖਣ ਅਤੇ ਧਾਰਮਿਕ ਰਸਮਾਂ ਦੌਰਾਨ ਇਸ ਦੀ ਵਰਤੋਂ ਅੱਜ ਵੀ ਆਮ ਹੈ। ਇਸ ਤਰ੍ਹਾਂ ਰੁਮਾਲ ਸ਼ਰਧਾ ਅਤੇ ਨਿਮਰਤਾ ਦਾ ਵੀ ਪ੍ਰਤੀਕ ਬਣ ਜਾਂਦਾ ਹੈ।

ਰੁਮਾਲ ਦਾ ਸੱਭਿਆਚਾਰਕ ਪੱਖ ਇਸ ਨੂੰ ਹੋਰ ਵੀ ਵਿਲੱਖਣ ਬਣਾਉਂਦਾ ਹੈ। ਪੰਜਾਬੀ ਗੀਤ,ਲੋਕ-ਗੀਤਾਂ,

ਜਿਵੇਂ ਵਿਦੇਸ਼ ਗਏ ਮਾਹੀਏ ਦੁਆਰਾ ਘਰ ਵਾਲੀ ਨੂੰ ਰੁਮਾਲ ਕੱਢਣ ਲਈ ਦਿੱਤਾ ਗਿਆ

**ਕੱਢਣਾ ਰੁਮਾਲ ਦੇ ਗਿਓਂ ਵੇ**
**ਆਪ ਬਹਿ ਗਿਓਂ ਵਲੈਤ ਵਿਚ ਜਾਕੇ**
**ਕੀ ਲੱਭਾ ਬੇਦਰਦਾਂ ਵੇ**
**ਸਾਡੀ ਅੱਲੜਾਂ ਦੀ ਨੀਂਦ ਗੁਆਕੇ**

**ਬਾਬਲ ਰੋਂਦੇ ਦੀ ਦਾੜ੍ਹੀ ਭਿੱਜੀ ਵਾਰੀ,**
**ਮਾਈ ਨੇ ਦਿੱਤਾ ਦਰਿਆ ਚਲਾ ।**
**ਵੀਰੇ ਰੋਂਦੇ ਦਾ ਰੁਮਾਲ ਭਿੱਜਾ ਵਾਰੀ, ਭਾਬੋ**
**ਦੇ ਮਨ ਚਾਅ।**

ਲੋਕ ਕਹਾਵਤਾਂ ,ਬੁਝਾਰਤ ਅਤੇ ਲੋਕ-ਕਥਾਵਾਂ ਵਿੱਚ ਰੰਗੀਲੇ ਰੁਮਾਲਾਂ ਦਾ ਜ਼ਿਕਰ ਬਾਰ-ਬਾਰ ਮਿਲਦਾ ਹੈ।

ਜਿਵੇਂ

**ਚਾਰੇ ਕੋਨੇ ਮਿਲ ਕੰਮ ਕਰਦੇ ਨੇ ਇੱਕ**
**ਖੰਗ ਜ਼ੁਕਾਮ ਦਾ ਫਿਰ ਆਵੇ ਨਿੱਛ ।**

ਪੰਜਾਬੀ ਟੱਪਿਆਂ ਦੀ ਇੱਕ ਉਦਾਹਰਣ

**ਝਾਵਾਂ ਝਾਵਾਂ ਝਾਵਾਂ**
**ਵੇ ਰੇਲ ਤੈਨੂੰ ਚੜ੍ਹਦੇ ਨੂੰ**
**ਮੈਂ ਭੱਜ ਕੇ ਰੁਮਾਲ ਫੜਾਵਾਂ**

ਪੰਜਾਬੀ ਲੋਕ ਬੋਲੀਆਂ ਵਿੱਚ

**ਪੱਚੀਆਂ ਪਿੰਡਾਂ ਦਾ ਮੇਰਾ ਢੋਲ ਪਟਵਾਰੀ**
**ਨਿੱਤ ਆਉਣਾ ਜਾਣਾ ਉਹਦਾ ਕੰਮ**
**ਸਰਕਾਰੀ**
**ਮੇਰਾ ਤਾਂ ਮੰਦੜਾ ਹਾਲ ਮਾਏ ਮੇਰੀਏ**
**ਦੱਸ ਕੀਹਦਾ ਕੱਢਾਂ ਰੁਮਾਲ ਮਾਏ ਮੇਰੀਏ।**

**ਜੇ ਮੁੰਡਿਆ ਮੈਨੂੰ ਨਾਲ ਲੈ ਜਾਣਾ**
**ਮਾਂ ਦਾ ਡਰ ਤੂੰ ਚੱਕ ਮੁੰਡਿਆ**
**ਮੈਨੂੰ ਰੇਸ਼ਮੀ ਰੁਮਾਲ ਵਾਂਗੂੰ**
**ਰੱਖ ਮੁੰਡਿਆ**

ਪ੍ਰੇਮੀ-ਪ੍ਰੇਮਿਕਾ ਇੱਕ-ਦੂਜੇ ਨੂੰ ਰੁਮਾਲ ਭੇਟ ਕਰਕੇ ਆਪਣੀਆਂ ਭਾਵਨਾਵਾਂ ਦਾ ਪ੍ਰਗਟਾਵਾ ਕਰਦੇ ਸਨ। ਕਈ ਥਾਵਾਂ ’ਤੇ ਇਹ ਸ਼ਗਨ ਅਤੇ ਯਾਦਗਾਰ ਵਜੋਂ ਵੀ ਦਿੱਤਾ ਜਾਂਦਾ ਸੀ। ਇੱਕ ਸਾਦਾ ਰੁਮਾਲ ਕਈ ਵਾਰ ਮਹਿੰਗੇ ਤੋਹਫ਼ੇ ਨਾਲੋਂ ਵੱਧ ਭਾਵਨਾਤਮਕ ਮਹੱਤਵ ਰੱਖਦਾ ਸੀ।

ਭਾਰਤ ਦੀ ਲੋਕ-ਕਲਾ ਵਿੱਚ ਚੰਬਾ ਰੁਮਾਲ ਨੂੰ ਵਿਸ਼ੇਸ਼ ਸਥਾਨ ਪ੍ਰਾਪਤ ਹੈ। ਹਿਮਾਚਲ ਪ੍ਰਦੇਸ਼ ਦੇ ਚੰਬਾ ਅਤੇ ਕਾਂਗੜਾ ਖੇਤਰ ਵਿੱਚ ਵਿਕਸਿਤ ਇਹ ਕਲਾ ਆਪਣੀ ਨਾਜ਼ੁਕ ਕਢਾਈ ਅਤੇ ਸੁੰਦਰਤਾ ਲਈ ਸੰਸਾਰ ਭਰ ਵਿੱਚ ਪ੍ਰਸਿੱਧ ਹੈ। ਇਸ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਹੈ ਕਿ ਕਢਾਈ ਦੋਹਾਂ ਪਾਸਿਆਂ ਤੋਂ ਇੱਕੋ ਜਿਹੀ ਦਿਖਾਈ ਦਿੰਦੀ ਹੈ। ਇਸ ਲਈ ਬਹੁਤ ਬਾਰੀਕ ਟਾਂਕੇ ਅਤੇ ਉੱਚ ਦਰਜੇ ਦੀ ਕਾਰੀਗਰੀ ਦੀ ਲੋੜ ਹੁੰਦੀ ਹੈ।

ਚੰਬਾ ਰੁਮਾਲਾਂ ਉੱਤੇ ਰਾਮਾਇਣ, ਮਹਾਭਾਰਤ, ਕ੍ਰਿਸ਼ਨ ਲੀਲਾ, ਰਾਸ, ਫੁੱਲਾਂ, ਪੰਛੀਆਂ ਅਤੇ ਕੁਦਰਤੀ ਦ੍ਰਿਸ਼ਾਂ ਨੂੰ ਬਹੁਤ ਸੁੰਦਰ ਢੰਗ ਨਾਲ ਦਰਸਾਇਆ ਜਾਂਦਾ ਹੈ। ਹਰ ਰੁਮਾਲ ਇੱਕ ਕਲਾਤਮਕ ਚਿੱਤਰ ਵਾਂਗ ਲੱਗਦਾ ਹੈ। ਇਹ ਸਿਰਫ਼ ਕੱਪੜੇ ਦਾ ਟੁਕੜਾ ਨਹੀਂ, ਸਗੋਂ ਲੋਕ-ਸੰਸਕ੍ਰਿਤੀ ਅਤੇ ਕਲਾਤਮਕ ਵਿਰਾਸਤ ਦਾ ਜੀਵੰਤ ਦਸਤਾਵੇਜ਼ ਹੈ।

ਚੰਬਾ ਅਤੇ ਕਾਂਗੜਾ ਦੇ ਇਲਾਕਿਆਂ ਵਿੱਚ ਧੀ ਦੇ ਦਾਜ ਵਿੱਚ ਕਢਾਈਦਾਰ ਰੁਮਾਲ ਦੇਣ ਦੀ ਰਸਮ ਰਹੀ ਹੈ। ਮਾਵਾਂ, ਮਾਸੀਆਂ, ਤਾਈਆਂ ਅਤੇ ਭੁਆਵਾਂ ਆਪਣੀਆਂ ਧੀਆਂ ਲਈ ਮਹੀਨਿਆਂ ਤੱਕ ਮਿਹਨਤ ਕਰਕੇ ਇਹ ਰੁਮਾਲ ਤਿਆਰ ਕਰਦੀਆਂ ਸਨ। ਉਨ੍ਹਾਂ ਲਈ ਇਹ ਸਿਰਫ਼ ਦਾਜ ਦੀ ਵਸਤੂ ਨਹੀਂ, ਸਗੋਂ ਪਿਆਰ, ਅਸੀਸ ਅਤੇ ਪਰਿਵਾਰਕ ਯਾਦਾਂ ਦੀ ਨਿਸ਼ਾਨੀ ਹੁੰਦੀ ਸੀ।

ਇਹ ਕਲਾਤਮਕ ਰੁਮਾਲ ਰੋਜ਼ਾਨਾ ਵਰਤੋਂ ਲਈ ਨਹੀਂ ਬਣਾਏ ਜਾਂਦੇ ਸਨ। ਇਨ੍ਹਾਂ ਨੂੰ ਘਰਾਂ ਦੀ ਸਜਾਵਟ, ਧਾਰਮਿਕ ਸਥਾਨਾਂ, ਸ਼ਗਨ ਦੀਆਂ ਥਾਲੀਆਂ, ਵਿਸ਼ੇਸ਼ ਸਮਾਗਮਾਂ ਅਤੇ ਸਨਮਾਨ-ਚਿੰਨ੍ਹ ਵਜੋਂ ਵਰਤਿਆ ਜਾਂਦਾ ਸੀ। ਕਈ ਵਾਰ ਉੱਚ ਅਹੁਦਿਆਂ ਵਾਲੇ ਮਹਿਮਾਨਾਂ ਨੂੰ ਵੀ ਅਜਿਹੇ ਰੁਮਾਲ ਭੇਟ ਕਰਕੇ ਸਨਮਾਨਿਤ ਕੀਤਾ ਜਾਂਦਾ ਸੀ।

ਪੰਜਾਬ ਦੀ ਫੁਲਕਾਰੀ ਅਤੇ ਚੰਬਾ ਰੁਮਾਲ ਦੋਵੇਂ ਭਾਰਤੀ ਇਸਤਰੀ ਦੀ ਸਿਰਜਣਾਤਮਕਤਾ ਦੇ ਸ਼ਾਨਦਾਰ ਨਮੂਨੇ ਹਨ। ਦੋਹਾਂ ਵਿੱਚ ਧੀਰਜ, ਕਲਾਤਮਕਤਾ ਅਤੇ ਪਰਿਵਾਰਕ ਪਿਆਰ ਦੀ ਝਲਕ ਮਿਲਦੀ ਹੈ। ਫ਼ਰਕ ਸਿਰਫ਼ ਇਹ ਹੈ ਕਿ ਫੁਲਕਾਰੀ ਵੱਡੇ ਕੱਪੜੇ ਉੱਤੇ ਬਣਦੀ ਹੈ, ਜਦਕਿ ਚੰਬਾ ਰੁਮਾਲ ਛੋਟੇ ਆਕਾਰ ਵਿੱਚ ਹੀ ਇੱਕ ਸੰਪੂਰਨ ਚਿੱਤਰਕਲਾ ਪੇਸ਼ ਕਰਦਾ ਹੈ।

ਅੱਜ ਦੇ ਮਸ਼ੀਨੀ ਯੁੱਗ ਨੇ ਇਸ ਪਰੰਪਰਾਗਤ ਕਲਾ ਨੂੰ ਵੱਡੀ ਚੁਣੌਤੀ ਦਿੱਤੀ ਹੈ। ਫੈਕਟਰੀਆਂ ਵਿੱਚ ਬਣੇ ਸਸਤੇ ਅਤੇ ਆਕਰਸ਼ਕ ਰੁਮਾਲਾਂ ਨੇ ਹੱਥ ਦੀ ਕਢਾਈ ਦੀ ਮੰਗ ਘਟਾ ਦਿੱਤੀ ਹੈ। ਸਮੇਂ ਦੀ ਘਾਟ, ਵਧਦੀ ਲਾਗਤ ਅਤੇ ਨਵੀਂ ਪੀੜ੍ਹੀ ਦੀ ਘੱਟ ਦਿਲਚਸਪੀ ਕਾਰਨ ਇਹ ਕਲਾ ਹੌਲੀ-ਹੌਲੀ ਸੀਮਤ ਹੁੰਦੀ ਜਾ ਰਹੀ ਹੈ। ਹੁਣ ਚੰਬਾ ਰੁਮਾਲ ਜ਼ਿਆਦਾਤਰ ਅਜਾਇਬ-ਘਰਾਂ, ਪ੍ਰਦਰਸ਼ਨੀਆਂ ਅਤੇ ਹਸਤ-ਕਲਾ ਕੇਂਦਰਾਂ ਵਿੱਚ ਹੀ ਦੇਖਣ ਨੂੰ ਮਿਲਦਾ ਹੈ।

ਇਸ ਦੇ ਬਾਵਜੂਦ ਉਮੀਦ ਦੀ ਕਿਰਨ ਅਜੇ ਵੀ ਮੌਜੂਦ ਹੈ। ਜੇਕਰ ਸਰਕਾਰਾਂ, ਹਸਤ-ਕਲਾ ਸੰਸਥਾਵਾਂ ਅਤੇ ਸਿੱਖਿਆ ਸੰਸਥਾਵਾਂ ਮਿਲ ਕੇ ਇਸ ਕਲਾ ਨੂੰ ਹੌਸਲਾ ਦੇਣ, ਨੌਜਵਾਨਾਂ ਨੂੰ ਸਿਖਲਾਈ ਦੇਣ ਅਤੇ ਇਸ ਨੂੰ ਵਿਸ਼ਵ ਬਾਜ਼ਾਰ ਨਾਲ ਜੋੜਣ ਤਾਂ ਚੰਬਾ ਰੁਮਾਲ ਅਤੇ ਇਸ ਵਰਗੀਆਂ ਲੋਕ-ਕਲਾਵਾਂ ਮੁੜ ਆਪਣਾ ਪੁਰਾਣਾ ਮਾਣ ਹਾਸਲ ਕਰ ਸਕਦੀਆਂ ਹਨ।

ਨਿੱਜੀ ਸਫ਼ਾਈ ਦੇ ਪੱਖੋਂ ਵੀ ਰੁਮਾਲ ਦੀ ਸਹੀ ਵਰਤੋਂ ਬਹੁਤ ਜ਼ਰੂਰੀ ਹੈ। ਸਾਫ਼ ਰੁਮਾਲ ਸਿਹਤ ਲਈ ਲਾਭਦਾਇਕ ਹੈ, ਜਦਕਿ ਗੰਦਾ ਰੁਮਾਲ ਬਿਮਾਰੀਆਂ ਦਾ ਕਾਰਨ ਬਣ ਸਕਦਾ ਹੈ। ਇਸ ਲਈ ਇਸ ਨੂੰ ਨਿਯਮਿਤ ਧੋਣਾ ਅਤੇ ਕਿਸੇ ਹੋਰ ਨਾਲ ਸਾਂਝਾ ਨਾ ਕਰਨਾ ਇੱਕ ਚੰਗੀ ਆਦਤ ਹੈ। ਇਸ ਤੋਂ ਇਲਾਵਾ ਕੱਪੜੇ ਦਾ ਰੁਮਾਲ ਵਾਤਾਵਰਨ ਪੱਖੋਂ ਵੀ ਲਾਭਦਾਇਕ ਹੈ, ਕਿਉਂਕਿ ਇਸ ਨੂੰ ਵਾਰ-ਵਾਰ ਧੋ ਕੇ ਵਰਤਿਆ ਜਾ ਸਕਦਾ ਹੈ ਅਤੇ ਇਸ ਨਾਲ ਕਾਗਜ਼ੀ ਟਿਸ਼ੂਆਂ ਦਾ ਕੂੜਾ ਘਟਦਾ ਹੈ।

ਰੁਮਾਲ ਦੀ ਮਹੱਤਤਾ ਇਸ ਦੀ ਵਰਤੋਂ ਨਾਲੋਂ ਕਿਤੇ ਵੱਧ ਹੈ। ਇਹ ਸਾਡੇ ਸਮਾਜ ਦੀ ਸਫ਼ਾਈ-ਸੰਸਕ੍ਰਿਤੀ, ਲੋਕ-ਕਲਾ, ਪਰਿਵਾਰਕ ਪਿਆਰ, ਧਾਰਮਿਕ ਵਿਸ਼ਵਾਸ ਅਤੇ ਸੁਚੱਜੇ ਜੀਵਨ ਦਾ ਪ੍ਰਤੀਕ ਹੈ। ਭਾਵੇਂ ਆਧੁਨਿਕ ਜੀਵਨ ਵਿੱਚ ਇਸ ਦਾ ਰੂਪ ਬਦਲ ਗਿਆ ਹੋਵੇ, ਪਰ ਇਸ ਨਾਲ ਜੁੜੀਆਂ ਪਰੰਪਰਾਵਾਂ ਅਤੇ ਕਲਾਤਮਕ ਵਿਰਾਸਤ ਨੂੰ ਸੰਭਾਲਣਾ ਸਾਡੀ ਸੱਭਿਆਚਾਰਕ ਜ਼ਿੰਮੇਵਾਰੀ ਹੈ। ਇੱਕ ਛੋਟਾ ਜਿਹਾ ਰੁਮਾਲ ਸਾਨੂੰ ਇਹ ਸਿਖਾਉਂਦਾ ਹੈ ਕਿ ਜੀਵਨ ਦੀਆਂ ਸਭ ਤੋਂ ਸਧਾਰਨ ਵਸਤੂਆਂ ਵੀ ਇਤਿਹਾਸ, ਸੱਭਿਆਚਾਰ ਅਤੇ ਮਨੁੱਖੀ ਭਾਵਨਾਵਾਂ ਦਾ ਅਮੁੱਲਾ ਖ਼ਜ਼ਾਨਾ ਆਪਣੇ ਅੰਦਰ ਸਮੇਟ ਸਕਦੀਆਂ ਹਨ।










# ਚਿੱਟਾ ਕਹਿਕੇ ਅਸਲ ਨਸ਼ੇ ਦਾ ਨਾਮ ਹੀ ਲੁਕੋਇਆ ਜਾਂਦਾ ਹੈ- ਇਲਾਜ ਵੀ ਪਦਾਰਥ ਪਛਾਣ ਕੇ ਹੀ ਹੋਵੇਗਾ

ਪੰਜਾਬ ਵਿੱਚ ਅੱਜ ਹਰ ਪਾਸੇ ਇੱਕ ਸ਼ਬਦ ਸੁਣਾਈ ਦਿੰਦਾ ਹੈ— ਚਿੱਟਾ। ਕੋਈ ਨੌਜਵਾਨ ਮਰ ਜਾਵੇ ਤਾਂ ਕਿਹਾ ਜਾਂਦਾ ਹੈ ਚਿੱਟੇ ਨਾਲ ਮੌਤ ਹੋ ਗਈ। ਕੋਈ ਫੜਿਆ ਜਾਵੇ ਤਾਂ ਕਿਹਾ ਜਾਂਦਾ ਹੈ ਚਿੱਟਾ ਮਿਲਿਆ। ਕੋਈ ਪਿੰਡ ਨਸ਼ੇ ਤੋਂ ਪੀੜਤ ਹੋਵੇ ਤਾਂ ਕਿਹਾ ਜਾਂਦਾ ਹੈ ਉੱਥੇ ਚਿੱਟਾ ਵਿਕਦਾ ਹੈ।

ਪਰ ਸਿਹਤ ਅਤੇ ਨਸ਼ਾ-ਮੁਕਤੀ ਦੇ ਨਜ਼ਰੀਏ ਤੋਂ ਚਿੱਟਾ ਕੋਈ ਢੁੱਕਵਾਂ ਵਿਗਿਆਨਕ ਨਾਮ ਨਹੀਂ ਹੈ।

ਆਮ ਪੁਲਿਸ ਅਤੇ ਮੀਡੀਆ ਵਰਤੋਂ ਵਿੱਚ ਇਹ ਸ਼ਬਦ ਅਕਸਰ ਹੈਰੋਇਨ ਜਾਂ ਮਿਲਾਵਟੀ ਹੈਰੋਇਨ ਲਈ ਵਰਤਿਆ ਜਾਂਦਾ ਹੈ। ਮਿਸਾਲ ਵਜੋਂ ਹਿਮਾਚਲ ਪੁਲਿਸ ਨਾਲ ਸਬੰਧਤ 2026 ਦੀਆਂ ਰਿਪੋਰਟਾਂ ਵੀ ਚਿੱਟਾ ਨੂੰ adulterated heroin ਕਹਿੰਦੀਆਂ ਹਨ। ਪਰ ਸੜਕ ਤੋਂ ਮਿਲਣ ਵਾਲੇ ਚਿੱਟੇ ਪਾਊਡਰ ਵਿੱਚ ਅਸਲ ਵਿੱਚ ਕੀ ਹੈ, ਇਹ ਸਿਰਫ਼ ਰੰਗ ਦੇਖ ਕੇ ਨਹੀਂ ਦੱਸਿਆ ਜਾ ਸਕਦਾ।

ਇਸ ਲਈ ਪੰਜਾਬ ਨੂੰ ਪਹਿਲਾ ਸੁਧਾਰ ਸ਼ਬਦਾਵਲੀ ਵਿੱਚ ਕਰਨਾ ਚਾਹੀਦਾ ਹੈ।

ਚਿੱਟਾ ਨਹੀਂ—ਜਾਂਚ ਤੋਂ ਬਾਅਦ ਦੱਸੋ:

ਹੈਰੋਇਨ ਹੈ?

ਕੋਈ ਹੋਰ ਓਪੀਓਇਡ ਹੈ?

ਟ੍ਰਾਮਾਡੋਲ ਹੈ?

ਐਲਪ੍ਰਾਜ਼ੋਲਾਮ ਹੈ?

ਪ੍ਰੈਗਾਬਾਲਿਨ ਹੈ?

ਕਈ ਪਦਾਰਥਾਂ ਦਾ ਮਿਸ਼ਰਣ ਹੈ?

ਇਹ ਫ਼ਰਕ ਸਿਰਫ਼ ਅਕਾਦਮਿਕ ਨਹੀਂ। ਮਰੀਜ਼ ਦੇ ਇਲਾਜ, ਜ਼ਹਿਰਲੇ ਪ੍ਰਭਾਵ, ਦਵਾਈ ਛੱਡਣ ਵੇਲੇ ਆਉਣ ਵਾਲੀਆਂ ਤਕਲੀਫ਼ਾਂ ਅਤੇ ਪੁਨਰਵਾਸ ਦੀ ਯੋਜਨਾ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਉਹ ਅਸਲ ਵਿੱਚ ਕੀ ਲੈ ਰਿਹਾ ਸੀ।

ਸਰਹੱਦ ਉੱਤੇ ਸਖ਼ਤੀ ਹੋਵੇ ਤਾਂ ਨਸ਼ੇ ਦੀ ਮੰਗ ਆਪਣੇ ਆਪ ਖ਼ਤਮ ਨਹੀਂ ਹੁੰਦੀ

2025 ਦੇ NCB ਅੰਕੜੇ ਇਸ ਸਮੱਸਿਆ ਦੇ ਦੋ ਵੱਖਰੇ ਰੂਪ ਦਿਖਾਉਂਦੇ ਹਨ। ਪੰਜਾਬ ਵਿੱਚ 2,086 ਕਿਲੋ ਹੈਰੋਇਨ ਜ਼ਬਤ ਹੋਈ, ਜੋ ਦੇਸ਼ ਦੀ ਕੁੱਲ ਹੈਰੋਇਨ ਜ਼ਬਤੀ ਦਾ 58 ਫ਼ੀਸਦੀ ਸੀ। ਸਰਹੱਦ ਪਾਰ ਡਰੋਨਾਂ ਰਾਹੀਂ ਤਸਕਰੀ ਵੀ ਵੱਡੀ ਸਮੱਸਿਆ ਰਹੀ।

ਪਰ ਉਸੇ NCB ਰਿਪੋਰਟ ਨੇ ਪੰਜਾਬ ਵਿੱਚ pharmaceutical opioids ਨੂੰ ਇੱਕ ਖ਼ਤਰਨਾਕ "second wave" ਵਜੋਂ ਦਰਸਾਇਆ। 2025 ਵਿੱਚ ਪੰਜਾਬ ਵਿੱਚ codeine ਵਾਲੇ cough syrup ਦੀਆਂ 8,95,508 ਬੋਤਲਾਂ ਜ਼ਬਤ ਹੋਈਆਂ। ਰਿਪੋਰਟ ਨੇ Buprenorphine, Tramadol ਅਤੇ Alprazolam ਵਰਗੀਆਂ ਕਾਨੂੰਨੀ ਤੌਰ ਉੱਤੇ ਬਣਨ ਵਾਲੀਆਂ ਦਵਾਈਆਂ ਦੀ ਗੈਰਕਾਨੂੰਨੀ diversion ਨੂੰ ਵੀ ਖ਼ਤਰਾ ਦੱਸਿਆ।

ਇਸਦਾ ਮਤਲਬ ਇਹ ਨਹੀਂ ਕਿ ਸਰਹੱਦ ਉੱਤੇ ਸਖ਼ਤੀ ਕਾਰਨ ਹਰ ਵਿਅਕਤੀ ਹੁਣ ਦਵਾਈਆਂ ਵਾਲੇ ਨਸ਼ੇ ਵੱਲ ਚਲਾ ਗਿਆ ਹੈ। ਇਸ ਕਾਰਨ ਸਬੰਧ ਨੂੰ ਸਾਬਤ ਕਰਨ ਲਈ ਹੋਰ ਅੰਕੜੇ ਚਾਹੀਦੇ ਹਨ।

ਪਰ ਇੱਕ ਗੱਲ ਸਪਸ਼ਟ ਹੈ—ਪੰਜਾਬ ਸਾਹਮਣੇ ਹੈਰੋਇਨ ਅਤੇ ਦਵਾਈਆਂ ਦੀ ਗੈਰਕਾਨੂੰਨੀ ➢◆version ਦੋਵੇਂ ਸਮੱਸਿਆਵਾਂ ਮੌਜੂਦ ਹਨ।

ਇੱਥੇ ਇੱਕ ਬਹੁਤ ਵੱਡਾ ਸਵਾਲ ਖੜ੍ਹਾ ਹੁੰਦਾ ਹੈ— Supply Chain ਦੇ ਉੱਪਰ ਤੱਕ ਕਿਉਂ ਨਹੀਂ ਜਾਂਦੇ ?

29 ਅਗਸਤ 2026 ਨੂੰ ਕੇਂਦਰੀ ਨਾਰਕੋਟਿਕਸ ਬਿਊਰੋ ਨੇ ਪੰਜਾਬ-ਹਿਮਾਚਲ ਰਸਤੇ ਉੱਤੇ ਇੱਕ ਟਰੱਕ ਵਿੱਚੋਂ 66,79,980 ਮਨੋ-ਪ੍ਰਭਾਵੀ ਗੋਲੀਆਂ ਜ਼ਬਤ ਕੀਤੀਆਂ।

ਇਨ੍ਹਾਂ ਵਿੱਚ Alprazolam, Tramadol, Nitrazepam ਅਤੇ Clonazepam ਸ਼ਾਮਲ ਸਨ।



ਹੋਰ ਵੀ ਹੈਰਾਨੀ ਵਾਲੀ ਗੱਲ ਇਹ ਸੀ ਕਿ ਵੱਡੀ ਮਾਤਰਾ ਵਿੱਚ ਗੋਲੀਆਂ ਤੋਂ batch number, manufacturing date ਅਤੇ expiry date ਮਿਟਾਏ ਗਏ ਸਨ। ਕੁਝ ਪੈਕਟਾਂ ਉੱਤੇ ਤਾਂ Not to be sold in Punjab Haryana State" ਵੀ ਲਿਖਿਆ ਹੋਇਆ ਸੀ, ਫਿਰ ਵੀ ਉਹ ਇਸੇ ਖੇਤਰ ਵੱਲ ਲਿਆਂਦੇ ਜਾ ਰਹੇ ਸਨ।

ਇਹ 100 ਜਾਂ 200 ਗੋਲੀਆਂ ਨਹੀਂ।

66 ਲੱਖ ਤੋਂ ਵੱਧ ਗੋਲੀਆਂ।

ਇੱਥੇ ਜਾਂਚ ਸਿਰਫ਼ ਟਰੱਕ ਡਰਾਈਵਰ ਉੱਤੇ ਖ਼ਤਮ ਨਹੀਂ ਹੋ ਸਕਦੀ।

ਹਰ ਦਵਾਈ ਦਾ ਕੋਈ ਨਿਰਮਾਤਾ ਹੁੰਦਾ ਹੈ।

ਹਰ ਪੱਤੀ ਦਾ ਕੋਈ batch ਹੁੰਦਾ ਹੈ।

ਕੱਚੇ ਮਾਲ ਦੀ ਖਰੀਦ ਹੁੰਦੀ ਹੈ।

ਉਤਪਾਦਨ ਦਾ ਰਿਕਾਰਡ ਹੁੰਦਾ ਹੈ।

ਸਟਾਕਿਸਟ ਹੁੰਦਾ ਹੈ।

ਵਿਤਰਕ ਹੁੰਦਾ ਹੈ।

ਚਲਾਨ ਹੁੰਦਾ ਹੈ।

ਕਰ ਅਤੇ ਆਵਾਜਾਈ ਦਾ ਰਿਕਾਰਡ ਹੁੰਦਾ ਹੈ।

ਫਿਰ ਸਵਾਲ ਹੋਣਾ ਚਾਹੀਦਾ ਹੈ:

ਇਹ 66 ਲੱਖ ਗੋਲੀਆਂ ਬਣੀਆਂ ਕਿੱਥੇ ?

ਕਿਸ ਕੰਪਨੀ ਨੇ ਬਣਾਈਆਂ ?

ਕਿਹੜੇ batch ਵਿੱਚ ਬਣੀਆਂ ?

ਉਤਪਾਦਨ ਰਿਕਾਰਡ ਕੀ ਕਹਿੰਦਾ ਹੈ ?

ਕਿਸ distributor ਨੂੰ ਦਿੱਤੀਆਂ ਗਈਆਂ ?

batch number ਕਿਸ ਪੜਾਅ ਉੱਤੇ ਮਿਟਾਇਆ ਗਿਆ ?

ਅਤੇ ਜੇ ਕੋਈ licensed manufacturer ਜਾਂ distributor ਜਾਣਬੁੱਝ ਕੇ diversion ਵਿੱਚ ਸ਼ਾਮਲ ਸੀ ਤਾਂ ਉਸਦੇ ਮਾਲਕਾਂ ਅਤੇ ਜ਼ਿੰਮੇਵਾਰ ਅਧਿਕਾਰੀਆਂ ਤੱਕ ਜਾਂਚ ਪਹੁੰਚੀ ਜਾਂ ਨਹੀਂ ?

ਪੰਜਾਬ ਪੁਲਿਸ ਦੂਜੇ ਸੂਬੇ ਵਿੱਚ ਜਾ ਹੀ ਨਹੀਂ ਸਕਦੀ—ਇਹ ਦਲੀਲ ਵੀ ਠੀਕ ਨਹੀਂ

ਅਸਲ ਵਿੱਚ ਇਸਦੀ ਮਿਸਾਲ ਪਹਿਲਾਂ ਹੀ ਮੌਜੂਦ ਹੈ।

2021 ਵਿੱਚ ਪੰਜਾਬ ਪੁਲਿਸ ਨੇ ਹਿਮਾਚਲ ਪੁਲਿਸ ਅਤੇ ਸਥਾਨਕ Drug Inspector ਨਾਲ ਮਿਲ ਕੇ Paonta Sahib, Himachal Pradesh ਦੀ ਇੱਕ ਗੈਰਕਾਨੂੰਨੀ pharmaceutical factory ਉੱਤੇ ਛਾਪਾ ਮਾਰਿਆ ਸੀ। ਉਸ ਕਾਰਵਾਈ ਵਿੱਚ ਫੈਕਟਰੀ ਮਾਲਕ ਨੂੰ ਗ੍ਰਿਫ਼ਤਾਰ ਕੀਤਾ ਗਿਆ ਅਤੇ ਲਗਭਗ 30 ਲੱਖ ਨਸ਼ੀਲੀਆਂ ਗੋਲੀਆਂ/ਕੈਪਸੂਲ, ਜਿਨ੍ਹਾਂ ਵਿੱਚ Tramadol ਅਤੇ Alprazolam ਸ਼ਾਮਲ ਸਨ, ਬਰਾਮਦ ਕੀਤੇ ਗਏ ਸਨ।

2025 ਵਿੱਚ ਅੰਮ੍ਰਿਤਸਰ ਪੁਲਿਸ ਨੇ ਸਿਰਫ਼ CE Tramadol ਗੋਲੀਆਂ ਦੀ ਬਰਾਮਦਗੀ ਤੋਂ ਜਾਂਚ ਪਿੱਛੇ ਵੱਲ ਚਲਾਈ ਅਤੇ supply chain ਦਾ ਪਿੱਛਾ ਕਰਦਿਆਂ Haridwar, Uttarakhand ਦੀ manufacturing unit ਤੱਕ ਪਹੁੰਚ ਗਈ। ਛੇ ਲੋਕ ਗ੍ਰਿਫ਼ਤਾਰ ਕੀਤੇ ਗਏ।

ਇਸ ਤੋਂ ਵੀ ਵੱਡੀ ਕਾਰਵਾਈ ਕੇਂਦਰੀ NCB ਨੇ ਕੀਤੀ। ਦਸੰਬਰ 2024 ਤੋਂ ਅਪ੍ਰੈਲ 2025 ਤੱਕ ਜਾਂਚ ਕਰਕੇ manufacturers, stockists ਅਤੇ front operators ਨਾਲ ਜੁੜੇ network ਦਾ ਪਤਾ ਲਾਇਆ। ਹਿਮਾਚਲ ਅਤੇ ਦਿੱਲੀ ਵਿੱਚ distributor ਤੋਂ 1.36 ਕਰੋੜ psychotropic tablets ਅਤੇ ਹਰਿਦੁਆਰ ਦੇ manufacturer ਤੋਂ Tramadol powder ਸਮੇਤ ਹੋਰ ਸਮੱਗਰੀ ਜ਼ਬਤ ਕੀਤੀ ਗਈ।

ਇਸ ਲਈ ਸਵਾਲ ਇਹ ਨਹੀਂ ਹੋਣਾ ਚਾਹੀਦਾ ਕਿ—

ਪੰਜਾਬ ਪੁਲਿਸ ਦੂਜੇ ਸੂਬੇ ਵਿੱਚ ਕਿਵੇਂ ਜਾਵੇਗੀ ?

ਸਵਾਲ ਹੋਣਾ ਚਾਹੀਦਾ ਹੈ—

ਹਰ ਵੱਡੀ pharmaceutical seizure ਵਿੱਚ backward investigation ਲਾਜ਼ਮੀ ਕਿਉਂ ਨਹੀਂ ?

ਪਰ Gujarat ਜਾਂ Himachal ਦੀ ਹਰ pharmaceutical company ਨੂੰ ਦੋਸ਼ੀ ਕਹਿਣਾ ਵੀ ਗਲਤ ਹੋਵੇਗਾ

ਇਹ ਫ਼ਰਕ ਬਹੁਤ ਜ਼ਰੂਰੀ ਹੈ।

ਹਿਮਾਚਲ, ਗੁਜਰਾਤ, ਉੱਤਰਾਖੰਡ ਅਤੇ ਹੋਰ ਸੂਬਿਆਂ ਵਿੱਚ ਹਜ਼ਾਰਾਂ ਕਾਨੂੰਨੀ ਦਵਾਈ ਨਿਰਮਾਤਾ ਹਨ। ਉਹ ਜ਼ਰੂਰੀ ਦਵਾਈਆਂ ਬਣਾਉਂਦੇ ਹਨ ਅਤੇ ਲੱਖਾਂ ਲੋਕਾਂ ਨੂੰ ਰੁਜ਼ਗਾਰ ਦਿੰਦੇ ਹਨ।

ਕਿਸੇ ਸੂਬੇ ਵਿੱਚ pharmaceutical industry ਹੋਣ ਦਾ ਮਤਲਬ ਇਹ ਨਹੀਂ ਕਿ ਉੱਥੋਂ ਦੀਆਂ ਕੰਪਨੀਆਂ ਪੰਜਾਬ ਦੇ ਨਸ਼ੇ ਲਈ ਜ਼ਿੰਮੇਵਾਰ ਹਨ।

ਕਾਰਵਾਈ ਉਸ manufacturer, distributor, stockist ਜਾਂ pharmacy ਉੱਤੇ ਹੋਣੀ ਚਾਹੀਦੀ ਹੈ ਜਿਸਦੇ ਵਿਰੁੱਧ batch records, invoices, production records, financial trail ਜਾਂ ਹੋਰ ਸਬੂਤ diversion ਦਿਖਾਉਣ।

ਪੰਜਾਬ ਨੂੰ ਚਿੱਟਾ ਫੜੋ ਮੁਹਿੰਮ ਤੋਂ ਅੱਗੇ ਜਾਣਾ ਪਵੇਗਾ

ਪੁਲਿਸ ਜੇ ਪਿੰਡ ਦੇ ਇੱਕ ਛੋਟੇ ਵੇਚਣ ਵਾਲੇ ਤੋਂ 20 ਗੋਲੀਆਂ ਫੜਦੀ ਹੈ ਤਾਂ ਜਾਂਚ ਉੱਥੇ ਖ਼ਤਮ ਨਾ ਹੋਵੇ।

20 ਗੋਲੀਆਂ ? ਸਥਾਨਕ ਸਪਲਾਇਰ ? ਥੋਕ ਵਿਕਰੇਤਾ ? distributor ? stockist ? manufacturer ? batch ? payment trail.

ਇਹੀ ਹੇਠੋਂ ਉੱਪਰ ਜਾਂਚ ਹੋਣੀ ਚਾਹੀਦੀ ਹੈ।

ਅਤੇ ਸਰਹੱਦ ਤੋਂ ਹੈਰੋਇਨ ਮਿਲੇ ਤਾਂ—

packet ? courier ? local receiver ? financier ? drone handler ? communication network ? cross-border handler.

ਦੋਵੇਂ supply chains ਵੱਖਰੀਆਂ ਹਨ। ਇਸ ਲਈ ਦੋਵਾਂ ਨੂੰ ਇੱਕੋ ਅਸਪਸ਼ਟ ਸ਼ਬਦ ਚਿੱਟਾ ਵਿੱਚ ਪਾ ਦੇਣਾ ਨੀਤੀ ਬਣਾਉਣ ਵਿੱਚ ਵੀ ਗਲਤੀ ਕਰਵਾ ਸਕਦਾ ਹੈ।

ਇਸਦੇ ਨਾਲ ਸਿਹਤ ਵਿਭਾਗ ਨੂੰ ਵੀ ਹਰ overdose ਅਤੇ ਨਸ਼ਾ-ਮੁਕਤੀ ਮਰੀਜ਼ ਬਾਰੇ ਜਿੱਥੇ ਸੰਭਵ ਹੋਵੇ substance-specific data ਇਕੱਠਾ ਕਰਨਾ ਚਾਹੀਦਾ ਹੈ।

ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ ਪੰਜਾਬ ਦੇ ਨਸ਼ਾ-ਮੁਕਤੀ ਕੇਂਦਰਾਂ ਵਿੱਚ ਆ ਰਹੇ ਲੋਕਾਂ ਵਿੱਚ ਕਿੰਨੇ ਹੈਰੋਇਨ ਵਰਤਦੇ ਹਨ, ਕਿੰਨੇ pharmaceutical opioids, ਕਿੰਨੇ sedatives, ਕਿੰਨੇ pregabalin ਅਤੇ ਕਿੰਨੇ ਇੱਕ ਤੋਂ ਵੱਧ ਪਦਾਰਥ ਇਕੱਠੇ ਵਰਤਦੇ ਹਨ।

ਇਹ ਜਾਣਕਾਰੀ ਨਾ ਹੋਵੇ ਤਾਂ ਅਸੀਂ ਇੱਕ ਅਣਜਾਣ ਬਿਮਾਰੀ ਦਾ ਇਲਾਜ ਕਰਨ ਦੀ ਕੋਸ਼ਿਸ਼ ਕਰ ਰਹੇ ਹਾਂ।

2024 ਵਿੱਚ ਹੀ ਪੰਜਾਬ ਦੇ Drug Administration ਨੇ Pregabalin ਦੀ ਗਲਤ ਵਰਤੋਂ ਅਤੇ trafficking ਨਾਲ ਸਬੰਧਤ GB premises/firms ਤੋਂ ਲਗਭਗ ? 5.97 ਕਰੋੜ ਦੀਆਂ formulations ਜ਼ਬਤ ਕੀਤੀਆਂ, 12 licences ਰੱਦ ਕੀਤੇ, 46 ਮੁਅੱਤਲ ਕੀਤੇ ਅਤੇ AA court complaints ਦਰਜ ਕੀਤੀਆਂ। ਇਹ ਜਾਣਕਾਰੀ ਕੇਂਦਰ ਸਰਕਾਰ ਨੇ ਸੰਸਦ ਵਿੱਚ ਦਿੱਤੀ ਸੀ।

ਇਸ ਲਈ ਹੁਣ ਐਲਾਨ ਬਦਲਣ ਦੀ ਲੋੜ ਹੈ।

ਚਿੱਟਾ ਕਿੱਥੋਂ ਆਇਆ ? ਤੋਂ ਪਹਿਲਾਂ ਪੁੱਛੋ— ਚਿੱਟੇ ਵਿੱਚ ਹੈ ਕੀ ?

ਫਿਰ ਪੁੱਛੋ—

ਕਿਸਨੇ ਬਣਾਇਆ ?

ਕਿਸਨੇ ਵੇਚਿਆ ?

ਕਿਸਨੇ diversion ਕੀਤਾ ?

ਪੈਸਾ ਕਿਸਦੇ ਖਾਤੇ ਵਿੱਚ ਗਿਆ ?

ਅਤੇ ਜਾਂਚ supply chain ਦੇ ਸਭ ਤੋਂ ਉੱਪਰਲੇ ਵਿਅਕਤੀ ਤੱਕ ਪਹੁੰਚੀ ਜਾਂ ਸਿਰਫ਼ ਹੇਠਲੇ ਪੱਧਰ ਦੇ ਨਸ਼ਾ ਵੇਚਣ ਵਾਲੇ ਉੱਤੇ ਖ਼ਤਮ ਹੋ ਗਈ ?

ਪੰਜਾਬ ਦੀ ਨਸ਼ਿਆਂ ਵਿਰੁੱਧ ਲੜਾਈ ਸਿਰਫ਼ ਸਰਹੱਦ ਉੱਤੇ ਨਹੀਂ ਜਿੱਤੀ ਜਾਣੀ।

ਇੱਕ ਮੋਰਚਾ ਸਰਹੱਦ ਹੈ।

ਦੂਜਾ pharmaceutical supply chain ਹੈ।

ਤੀਜਾ ਇਲਾਜ ਅਤੇ ਪੁਨਰਵਾਸ ਹੈ।

ਅਤੇ ਤਿੰਨਾਂ ਲਈ ਸਭ ਤੋਂ ਪਹਿਲਾਂ ਸਾਨੂੰ ਅਸਪਸ਼ਟ ਸ਼ਬਦਾਂ ਦੀ ਥਾਂ ਅਸਲ ਪਦਾਰਥ, ਅਸਲ ਸਰੋਤ ਅਤੇ ਅਸਲ supply chain ਦਾ ਨਾਮ ਲੈਣਾ ਪਵੇਗਾ।

(#Unpopular_Opinion
ਸੋਸ਼ਲ ਮੀਡੀਆ ਤੋਂ ਕਾਪੀ ਕੀਤਾ)

## ਪੁਸਤਕ ਲੋਕ-ਅਰਪਣ ਹੋਈ ਤਾਂ ਸਭ ਨੇ ਖਰੀਦਕੇ ਲੇਖਕ ਕੋਲੋਂ ਯਾਦਗਾਰੀ ਦਸਖਤ ਵੀ ਕਰਵਾਏ

ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਤਿੰਨ ਸਤੰਬਰ ਨੂੰ ਡਾਊਨਟਾਊਨ ਵਿੱਚ ਸ਼ੈਲਫ਼ ਲਾਈਫ਼ ਬੁੱਕਸ (Shelf Life Books) ਦੇ ਸਟੋਰ ਅੰਦਰ We Are Busy Being Alive ਨਾਮੀ ਪੁਸਤਕ ਨੂੰ ਲੋਕ-ਅਰਪਣ ਕੀਤਾ ਗਿਆ। ਇਹ ਨੌਜਵਾਨ ਲੇਖਕ ਰਿਸ਼ੀ ਮਿੱਢਾ ਦਾ ਪਲੇਠਾ ਕਹਾਣੀ ਸੰਗ੍ਰਹਿ ਹੈ ਜੋ ਅੰਗ੍ਰੇਜ਼ੀ ਭਾਸ਼ਾ ਵਿੱਚ ਹੈ। ਇਸ ਵਿੱਚ 15 ਕਹਾਣੀਆਂ ਹਨ। ਇਨ੍ਹਾਂ ਵਿੱਚੋਂ ਕੁੱਝ ਕਹਾਣੀਆਂ ਨੂੰ ਕੈਨੇਡਾ 2026 ਦੀਆਂ ਸਰਵੋਤਮ ਕਹਾਣੀਆਂ ਵਿੱਚ ਰੱਖਿਆ ਗਿਆ ਹੈ। ਇਸ ਮੌਕੇ ਰਿਸ਼ੀ ਮਿੱਢਾ ਦੇ ਪਰਿਵਾਰਕ ਮੈਂਬਰ, ਦੋਸਤ, ਰਿਸ਼ਤੇਦਾਰ ਅਤੇ ਜਾਣ-ਕਾਰਾਂ ਤੋਂ ਇਲਾਵਾ ਕਾਫ਼ੀ ਗਿਣਤੀ ਵਿੱਚ ਪੁਸਤਕ-ਪ੍ਰੇਮੀ ਸ਼ਾਮਲ ਹੋਏ। ਸ਼ੁਰੂ ਵਿੱਚ ਰਿਸ਼ੀ ਨੇ ਪੁਸਤਕ ਦੀ ਅੰਤਿਕਾ (Epilogue) ਪੜ੍ਹ ਕੇ ਸੁਣਾਈ। ਉਸ ਦੇ ਨਲ਼ ਬੈਠੀ ਕ੍ਰਾਂਤੀ ਭਦਰੇਸਾ ਨੇ ਉਸ ਤੋਂ ਪੁਸਤਕ ਦੀਆਂ ਕਹਾਣੀਆਂ ਬਾਰੇ, ਉਸਦੇ ਅਨੁਭਵਾਂ ਬਾਰੇ, ਉਸ ਦੇ ਨਜ਼ਰੀਏ ਬਾਰੇ ਅਤੇ ਲਿਖਣ-ਵਿਧੀ ਬਾਰੇ ਸੁਆਲ ਪੁੱਛੇ। ਇਸ ਮਗਰੋਂ ਕੁੱਝ ਦਰਸ਼ਕਾਂ ਨੇ ਵੀ ਸੁਆਲ ਕੀਤੇ। ਰਿਸ਼ੀ ਨੇ ਇਨ੍ਹਾਂ ਸਭਨਾਂ ਦੇ ਬੜੇ ਵਿਸਥਾਰ ਪੂਰਵਕ ਜਵਾਬ ਦਿੱਤੇ। ਉਸ ਨੇ ਦਿਲਚਸਪ ਵਾਰਤਾਲਾਪ ਰਾਹੀਂ ਦਰਸ਼ਕਾਂ ਨੂੰ ਹਸਾ ਕੇ ਸੁਖਾਵਾਂ ਮਾਹੌਲ ਬਣਾਈ ਰੱਖਿਆ। ਰਿਸ਼ੀ ਨੇ ਕਿਹਾ ਕਿ ਹਰੇਕ ਚੀਜ਼ ਸਿਰਫ਼ ਓਨੀ ਹੀ ਪਵਿੱਤਰ ਹੁੰਦੀ ਹੈ ਜਿੰਨੀਂ ਤੁਸੀਂ ਉਸ ਨੂੰ ਬਣਾਉਂਦੇ ਹੋ। ਉਸ ਨੇ ਆਪਣੇ ਅਨੁਭਵਾਂ ਅਤੇ ਲਿਖਣ-ਕਲਾ ਬਾਰੇ ਬੇ-ਬਾਕ ਹੋ ਕੇ ਜਾਣਕਾਰੀ ਸਾਂਝੀ ਕੀਤੀ। ਰਿਸ਼ੀ ਮਿੱਢਾ ਕੈਮੀਕਲ ਇੰਜੀਨੀਅਰ ਹੈ ਅਤੇ ਟੋਰਾਂਟੋ ਵਿੱਚ ਰਹਿੰਦਾ ਹੈ। ਇਹ ਪ੍ਰੋਗਰਾਮ ਸਾਡੇ ਲੋਕ-ਅਰਪਣ ਦੇ ਪ੍ਰੋਗਰਾਮਾਂ ਨਾਲ਼ੋਂ ਬਿਲਕੁਲ ਵੱਖਰੀ ਤਰ੍ਹਾਂ ਦਾ ਸੀ ਜਿੱਥੇ ਹਰੇਕ ਨੇ ਪੁਸਤਕ ਖ੍ਰੀਦ ਕੇ ਰਿਸ਼ੀ ਮਿੱਢਾ ਦੇ ਦਸਤਖ਼ਤ ਲਏ। ਸ਼ੁਰੂ ਵਿੱਚ ਭੂਮੀ-ਕਬੂਲਨਾਮਾ (Land Acknowledgement) ਪੜ੍ਹਿਆ ਗਿਆ ਜੋ ਅਸੀਂ ਭੁੱਲੇ ਬੈਠੇ ਹਾਂ।ਇਸ ਪ੍ਰੋਗਰਾਮ ਨੂੰ ਲੋਕਲ ਮੀਡੀਆ ਨੇ ਕਵਰ ਕੀਤਾ। ਜਗਦੇਵ ਸਿੱਧੂ ਨੇ ਅਦਾਰਾ ਪੰਜਾਬੀ ਅਖ਼ਬਾਰ ਅਤੇ ਰੇਡੀਓ ਰੈੱਡ ਐਫ ਐਮ ਦੁਆਰਾ ਨਿਭਾਏ ਜਾ ਰਹੇ ਉਸਾਰੂ ਰੋਲ ਤੋਂ ਰਿਸ਼ੀ ਮਿੱਢਾ ਅਤੇ ਹੋਰਾਂ ਨੂੰ ਜਾਣੂੰ ਕਰਵਾਇਆ।

ਗੱਲ ਤਾਂ ਪਰਦੇ ਦੀ ਹੀ ਹੈ !

TWC
TIMELESS WINDOW COVERINGS

ਘਰ ਨਵਾਂ ਹੋਵੇ ਜਾਂ
ਪੁਰਾਣਾ ਉਹਦੀ ਦਿੱਖ
ਤਾਂ ਪਰਦਿਆਂ ਨਾਲ ਹੀ ਬਣਦੀ ਐ !



ਸਾਡੇ ਕੋਲ ਵਿੰਡੋ ਬਲਾਈਂਡ
ਦੀ ਬੇ-ਸ਼ੁਮਾਰ ਵਰਾਇਟੀ ਹੈ

ਕਾਲ: 403 953 1000

ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ
ਆਕੇ ਹੀ ਤੁਹਾਨੂੰ ਡਿਜ਼ਾਈਨ
ਦਿਖਾਕੇ ਤੁਹਾਡੀ
ਪਸੰਦ ਦੇ ਬਲਾਈਂਡ
ਬਣਾਕੇ ਦੇਣਗੇ।

E Mail: Contact@twcoverings.com
Web: www.twcoverings.com
Timelesswindowcoverings

# ਕਦੇ-ਕਦੇ ਜੀਅ ਕਰਦਾ ਮੈਂ ਉੱਡ ਕੇ ਵਤਨ ਚਲਾ ਜਾਵਾਂ

## ਕੈਲਗਰੀ ਸੰਗੀਤ ਕਲਾ ਮੰਚ ਨੂੰ ਸੰਗੀਤਕਾਰਾਂ ਅਤੇ ਗਾਇਕਾਂ ਦਾ ਭਰਵਾਂ ਹੁੰਗਾਰਾ




ਕੈਲਗਰੀ(ਪੰਜਾਬੀ ਅਖ਼ਬਾਰ ਬਿਊਰੋ) ਕੈਲਗਰੀ ਸੰਗੀਤ ਕਲਾ ਮੰਚ ਦੀ ਤੀਜੀ ਮੀਟਿੰਗ 13 ਸਤੰਬਰ ਨੂੰ ਕੋਸੋ ਹਾਲ ਵਿੱਚ ਹੋਈ। ਜਗਦੇਵ ਸਿੱਧੂ ਦੁਆਰਾ ਭੂਮੀ-ਕਬੂਲਨਾਮਾ (Land Acknowledgement) ਪੜ੍ਹਨ ਤੋਂ ਬਾਅਦ ਜਨਰਲ ਸਕੱਤਰ ਹਰਮਿੰਦਰਪਾਲ ਸਿੰਘ ਨੇ ਮੰਚ ਦੀ ਕਾਰਵਾਈ ਚਲਾਈ। ਉਸ ਨੇ ਮੈਂਬਰਸ਼ਿਪ ਲਈ ਮਿਲੇ ਭਰਵੇਂ ਹੁੰਗਾਰੇ ਤੋਂ ਉਤਸ਼ਾਹਿਤ ਹੋ ਕੇ ਕਿਹਾ ਕਿ ਇਹ ਵੱਖਰੀ ਕਿਸਮ ਦਾ ਕਲਾ ਮੰਚ ਹੈ ਜੋ ਹਰ ਭਾਸ਼ਾ, ਹਰ ਕੌਮੀਅਤ ਅਤੇ ਹਰ ਭਾਈਚਾਰੇ ਦੇ ਸੰਗੀਤਕਾਰਾਂ, ਗਾਇਕਾਂ, ਇਨ੍ਹਾਂ ਕਲਾਵਾਂ ਨਾਲ਼ ਸੰਬੰਧਤ ਪਾਰਖੂਆਂ, ਮਾਹਿਰਾਂ ਅਤੇ ਸੰਗੀਤ-ਪ੍ਰੇਮੀਆਂ ਲਈ ਬਿਨਾ ਭੇਦ-ਭਾਵ ਤੋਂ ਮੌਕੇ ਪ੍ਰਦਾਨ ਕਰਦਾ ਹੈ। ਰਵੀ ਪ੍ਰਕਾਸ਼ ਜਨਾਗਲ, ਮਨਦੀਪ ਕੌਰ, ਜਤਿੰਦਰ ਸਿੰਘ ਕੈਂਥ, ਬੀਨਾ, ਅਰੁਣ ਕੁਮਾਰ, ਡਾ: ਮਨਮੋਹਨ ਬਾਠ, ਵਿਜੇ ਸਚਦੇਵਾ, ਰਾਜ ਸ਼ਰਮਾ, ਸੁਰਿੰਦਰ ਸਿੰਘ, ਸੁਖਵਿੰਦਰ ਤੂਰ ਅਤੇ ਅਭਿਨੈਂ ਨੇ ਹਿੰਦੀ ਫ਼ਿਲਮੀ ਗੀਤ ਏਨੀ ਨਿਪੁੰਨਤਾ ਨਾਲ਼ ਗਾਏ ਕਿ ਇਨ੍ਹਾਂ ਗੀਤਾਂ ਦੇ ਪਿੱਠ-ਵਰਤੀ ਗਾਇਕਾਂ ਦੀ ਯਾਦ ਤਾਜ਼ਾ ਹੋ ਗਈ। ਜਸਵੀਰ ਸਿਹੋਤਾ ਨੇ ਵੀ ਹਿੰਦੀ ਗੀਤ ਗਾਇਆ। ਦਰਬਾਰਾ ਸਿੰਘ ਨੇ ਕਈ ਪੰਜਾਬੀ ਗੀਤਾਂ ਦੇ ਮੁਖੜੇ ਆਪਣੇ ਅੰਦਾਜ਼ ਵਿੱਚ ਗਾਏ। ਸੋਹਣ ਸਿੰਘ ਭੁੱਚੋ ਦਾ ਸੁਰੀਲੀ ਆਵਾਜ਼ ਵਿੱਚ ਗਾਇਆ ਉਸਦਾ ਆਪਣਾ ਗੀਤ ਭਾਵੁਕ ਕਰ ਗਿਆ - ਕਦੇ ਕਦੇ ਜੀਅ ਕਰਦਾ ਮੈਂ ਉੱਡ ਕੇ ਵਤਨ ਚਲਾ ਜਾਵਾਂ। ਆਰਿਫ਼ ਮਲਿਕ ਨੇ ਮਹਿਦੀ ਹਸਨ ਦੀ ਗ਼ਜ਼ਲ ਬਾ-ਖ਼ੂਬੀ ਪੇਸ਼ ਕੀਤੀ - ਬਲਕਾਰ ਸਿੰਘ ਨੇ ਹਿੰਦੀ ਵਿੱਚ ਹੀਰ ਅਤੇ ਬਹਾਦਰ ਸ਼ਾਹ ਜ਼ਫ਼ਰ ਦੀ ਇਹ ਗ਼ਜ਼ਲ ਸੁਣਾਈ - ਨਾ ਕਿਸੀ ਕੀ ਆਂਖ ਕਾ ਨੂਰ ਹੂੰ। ਛੋਟੀ ਬੱਚੀ ਅਮਰੀਨ ਨੇ ਗੀਤ ਸੁਣਾਇਆ। ਜਨਾਬ ਮੁਨੱਵਰ ਅਹਿਮਦ ਦੀ ਗਾਈ ਹੀਰ ਨੇ ਦਰਸ਼ਕਾਂ ਨੂੰ ਕੀਲਿਆ - ਡੋਲੀ ਚੜ੍ਹਦਿਆਂ ਮਾਰੀਆਂ ਹੀਰ ਚੀਕਾਂ ਮੈਨੂੰ ਲੈ ਚਲੇ ਬਾਬਲਾ ਲੈ ਚਲੇ ਵੇ। ਡਾ: ਜੋਗਾ ਸਿੰਘ ਸਹੋਤਾ ਦਾ ਮਾਹੀਆ ਕਮਾਲ ਦਾ ਸੀ - ਚੰਨ ਨ਼ਲ ਚਾਨਣੀ, ਤਾਰੇ ਨਾ਼ਲ ਲੋਅ ਮਾਹੀਆ / ਤੂੰ ਫੁੱਲ ਮੋਤੀਏ ਦਾ, ਮੈਂ ਤੇਰੀ ਖ਼ੁਸ਼ਬੋਅ ਮਾਹੀਆ। ਦੋ ਯੂਨੀਵਰਸਿਟੀਆਂ ਦੀ ਪ੍ਰੋਫੈਸਰ ਡਾ। ਜੇਬੂਨਿਸਾ ਚਾਪੋਲਾ ਨੇ ਬੰਗਲਾ ਭਾਸ਼ਾ ਵਿੱਚ ਗਾਣਾ ਸੁਣਾਇਆ। ਮੀਟਿੰਗ ਵਿੱਚ ਹਾਜ਼ਰ ਉਸ ਦੇ ਪਤੀ ਮਾਊਂਟ ਰੋਇਲ ਯੂਨੀਵਰਸਿਟੀ ਦੇ ਪ੍ਰੋਫੈਸਰ ਡਾ: ਰੰਜਨ ਦੱਤਾ ਨੂੰ ਖੋਜ ਦੇ ਖੇਤਰ ਵਿੱਚ ਮਿਲੇ ਕੈਨੇਡਾ ਦੇ ਸ਼੍ਰੋਮਣੀ ਸਨਮਾਨ ਲਈ ਉਨ੍ਹਾਂ ਦਾ ਖੜ੍ਹੇ ਹੋ ਕੇ ਸੁਆਗਤ ਕੀਤਾ ਗਿਆ। ਸੁਖਦੇਵ ਰੱਤੂ ਨੇ- ਲੋਕੋ ਮੈਂ ਪਾਕ ਮੁਹੱਬਤ ਹਾਂ, ਮੈਨੂੰ ਰਹਿਮਤ ਪੀਰ ਫ਼ਕੀਰਾਂ ਦੀ-ਗੀਤ ਨੂੰ ਪੂਰੀ ਸੁਰ-ਬੱਧ ਲੈਅ ਵਿੱਚ ਪੇਸ਼ ਕੀਤਾ। ਹਰਮਿੰਦਰਪਾਲ ਸਿੰਘ ਦੀ ਪੈਰੋਡੀ ਨੇ ਦੂਹਰਾ ਮਨੋਰੰਜਨ ਕੀਤਾ - ਕੋਈ ਜਬ ਤੁਮਹਾਰੀ ਕਮਰ ਤੋੜ ਦੇ, ਇਤਨਾ ਮਾਰੇ ਕਿ ਸਿਰ ਫੋੜ ਦੇ, ਕਬ ਤੂ ਮੇਰੇ ਪਾਸ ਆਨਾ ਪ੍ਰੀਏ/ ਮੇਰਾ ਕਲੀਨਿਕ ਖੁੱਲ੍ਹਾ ਹੈ ਖੁੱਲ੍ਹਾ ਹੀ ਰਹੇਗਾ, ਤੁਮਹਾਰੇ ਲੀਏ। ਤਬਲਾ ਵਾਦਕ ਬਲਕਾਰ ਸਿੰਘ, ਢੋਲੀ ਮੀਤ ਮੱਟੂ ਅਤੇ ਸਾਜ਼-ਮਾਹਿਰ ਅਭਿਨੈ ਨੇ ਸਾਜ਼ਾਂ ਦੀ ਢੁੱਕਵੀਂ ਵਰਤੋਂ ਨਾ਼ਲ ਗਾਇਕਾਂ ਦੀ ਗਾਇਕੀ ਨੂੰ ਨਿਖਾਰਿਆ। ਸਤਨਾਮ ਸ਼ੇਰਗਿੱਲ, ਸੁਲਤਾਨ ਭਾਟੀਆ, ਅਵਤਾਰ ਕੌਰ ਤੱਗੜ, ਜਰਨੈਲ ਤੱਗੜ, ਹਰਮੀਨ ਕੌਰ, ਪ੍ਰਿਤਪਾਲ ਕੌਰ, ਚਰਨਜੀਤ ਸਿੰਘ ਫੁੱਲ, ਰਾਵਿੰਦਰ ਕੌਰ, ਬਿਜਾਲ ਸ਼ੇਠ, ਸੁਬਾਅ ਸਾਦਿਕ, ਜਸਵੰਤ ਸਿੰਘ ਕਪੂਰ, ਡਾ: ਰੰਜਨ ਦੱਤਾ, ਬੇਬੀ ਪਰਿਥਵੀ ਦੱਤਾ ਅਤੇ ਹੋਰ ਹਾਜ਼ਰੀਨ ਨੇ ਸੰਗੀਤ ਅਤੇ ਗਾਇਕੀ ਨੂੰ ਰੱਜ ਕੇ ਮਾਣਿਆਂ। ਲੋਕ-ਬੋਲੀਆਂ ਨਾ਼ਲ ਇਸ ਯਾਦਗਾਰੀ ਮੀਟਿੰਗ ਦੀ ਸਮਾਪਤੀ ਹੋਈ। ਪ੍ਰਧਾਨ ਡਾ। ਜੋਗਾ ਸਿੰਘ ਸਹੋਤਾ ਨੇ ਪੇਸ਼ਕਾਰੀਆਂ ਦੇ ਮਿਆਰ ਨੂੰ ਸਲਾਹਿਆ ਅਤੇ ਭਰਵੇਂ ਹੁੰਗਾਰੇ ਲਈ ਸਭ ਦਾ ਧੰਨਵਾਦ ਕੀਤਾ।










# ਡਾ. ਦੱਤਾ ਨੂੰ ਰੋਇਲ ਸੁਸਾਇਟੀ ਆਫ ਕੈਨੇਡਾ ਨੇ ਸਭ ਤੋਂ ਵੱਡੇ ਕੌਮੀ ਖੋਜ ਸਨਮਾਨ ਲਈ ਐਲਾਨ ਕੀਤਾ



ਕੈਲਗਰੀ (ਪੰਜਾਬੀ ਅਖ਼ਬਾਰ ਬਿਊਰੋ) ਬੰਗਾਲੀ ਮੂਲ ਦੇ ਪ੍ਰੋਫੈਸਰ,ਡਾ. ਰੰਜਨ ਦੱਤਾ ਨੂੰ ਰੋਇਲ ਸੁਸਾਇਟੀ ਆਫ ਕੈਨੇਡਾ ਨੇ ਸਭ ਤੋਂ ਵੱਡੇ ਕੌਮੀ ਖੋਜ ਸਨਮਾਨ ਲਈ ਚੁਨਣ ਦਾ ਐਲਾਨ 9 ਸਤੰਬਰ ਨੂੰ ਕੀਤਾ। ਡਾ. ਦੱਤਾ ਨੂੰ ਰੋਇਲ ਸੁਸਾਇਟੀ ਆਫ ਕੈਨੇਡਾ ਦੇ ਕਾਲਜ ਆਫ ਨਿਊ ਸਕਾਲਰਜ਼, ਆਰਟਿਸਟਸ ਅਤੇ ਸਾਇੰਟਿਸਟਸ ਲਈ ਚੁਣਿਆਂ ਹੈ ਜੋ ਕਿ ਖੋਜ ਦੇ ਖੇਤਰ ਵਿੱਚ ਕੈਨੇਡਾ ਦਾ ਸ਼੍ਰੋਮਣੀ ਸਨਮਾਨ ਹੈ। ਡਾ. ਰੰਜਨ ਦੱਤਾ ਮਾਊਂਟ ਰੋਇਲ ਯੂਨੀਵਰਸਿਟੀ ਵਿਖੇ ਹਿਊਮੈਨੀਟੀਜ਼ ਵਿਭਾਗ ਵਿੱਚ ਮੂਲਨਿਵਾਸੀਆਂ ਨਾਲ਼ ਸੰਬੰਧਤ ਅਧਿਅਨ (Indigenous Studies) ਦੇ ਐਸੋਸੀਏਟ ਪ੍ਰੋਫੈਸਰ ਹਨ। ਉਹ ਪਿਛਲੇ ਵੀਹ ਸਾਲਾਂ ਤੋਂ ਭਾਈਚਾਰਾ ਆਫ਼ਤ ਖੋਜ (Community Disaster Research) ਚੇਅਰ ਵਜੋਂ ਕਾਰਜਸ਼ੀਲ ਹਨ। ਡਾ. ਦੱਤਾ ਪਿਛਲੇ 17 ਸਾਲਾਂ ਤੋਂ ਲਗਾਤਾਰ ਮੂਲਨਿਵਾਸੀ ਲੋਕਾਂ ਦੇ ਭੂਮੀ ਤੇ ਸਭਿਆਚਾਰ ਨਾਲ਼ ਸੰਬੰਧਤ ਆਫ਼ਤਾਂ ਦੀ ਖੋਜ ਦਾ ਕੰਮ ਕਰਦੇ ਆ ਰਹੇ ਹਨ। ਨਾਲ਼ ਹੀ ਹਿਜਰਤ ਕਰ ਕੇ ਆਏ ਲੋਕਾਂ ਅਤੇ ਮੂਲਨਿਵਾਸੀਆਂ ਨਾਲ਼ ਹੁੰਦੇ ਨਸਲਵਾਦੀ ਵਿਤਕਰੇ, ਬਸਤੀਵਾਦੀਆਂ ਦੁਆਰਾ ਭੂਮੀ ਦੇ ਕੁਦਰਤੀ ਸ੍ਰੋਤਾਂ ਨਾਲ਼ ਛੇੜ-ਛਾੜ ਜਿਹੇ ਵਰਤਾਰੇ ਤੋਂ ਪੈਦਾ ਹੋ ਰਹੀ ਵਾਤਾਵਰਣ ਦੀ ਤਬਾਹੀ ਵਰਗੇ ਵਿਸ਼ਿਆਂ ਉਪਰ ਖੋਜ ਕੀਤੀ ਹੈ। ਉਨ੍ਹਾਂ ਦਾ ਸਨਮਾਨ ਸਮਾਗਮ ਨਵੰਬਰ ਵਿੱਚ ਔਟਵਾ ਵਿਖੇ ਹੋਵੇਗਾ। ਡਾ. ਦੱਤਾ ਡਾ. ਜੇਬੂਨਿਸਾ ਚਾਪੋਲਾ ਦੇ ਪਤੀ ਹਨ। ਉਸ ਦੁਆਰਾ ਕੀਤੀ ਗਈ ਖੋਜ ਨੇ ਵੀ ਡਾ. ਦੱਤਾ ਦੀ ਖੋਜ ਵਿੱਚ ਵਡਮੁੱਲਾ ਯੋਗਦਾਨ ਪਾਇਆ ਹੈ। ਡਾ. ਚਾਪੋਲਾ ਮਾਊਂਟ ਰੋਇਲ ਯੂਨੀਵਰਸਿਟੀ ਅਤੇ ਯੂਨੀਵਰਸਿਟੀ ਆਫ ਕੈਲਗਰੀ ਦੀ ਪ੍ਰੋਫੈਸਰ ਅਤੇ ਮੰਨੀਂ ਹੋਈ ਖੋਜ-ਸਕਾਲਰ ਹੈ। ਉਹ ਪੰਜਾਬੀਆਂ ਅਤੇ ਪੰਜਾਬੀ ਸਭਿਆਚਾਰ ਦੀ ਕਦਰ ਕਰਦੀ ਹੈ ਅਤੇ ਸਾਡੀਆਂ ਸਭਿਆਚਾਰਕ ਸੰਸਥਾਵਾਂ ਦੇ ਪ੍ਰੋਗਰਾਮਾਂ ਵਿੱਚ ਖ਼ੁਸ਼ੀ ਨਾਲ਼ ਸ਼ਾਮਲ ਹੁੰਦੀ ਰਹਿੰਦੀ ਹੈ। ਕੈਲਗਰੀ ਸੰਗੀਤ ਕਲਾ ਮੰਚ ਦੀ ਉਪ-ਪ੍ਰਧਾਨ ਹੈ।

## ਸੁੱਕੇ ਹੰਝੂ

ਤੇਰਾ ਭਰਾ ਨਹੀਂ ਆਇਆ ਪੁੱਤ ?

ਬਾਪੂ ਜੀ ਨੇ ਕੰਬਦੀ ਆਵਾਜ਼ ਵਿੱਚ ਪੁੱਛਿਆ। ਉਨ੍ਹਾਂ ਦੀਆਂ ਅੱਖਾਂ ਵਾਰ-ਵਾਰ ਦਰਵਾਜ਼ੇ ਵੱਲ ਉੱਠ ਜਾਂਦੀਆਂ ਸਨ। ਸ਼ਾਇਦ ਅਜੇ ਵੀ ਉਨ੍ਹਾਂ ਨੂੰ ਉਮੀਦ ਸੀ ਕਿ ਦੂਜਾ ਪੁੱਤ ਆ ਕੇ ਆਪਣੀ ਮਾਂ ਨੂੰ ਆਖ਼ਰੀ ਵਿਦਾਈ ਦੇਵੇਗਾ।

ਕੈਨੇਡਾ ਤੋਂ ਆਏ ਪੁੱਤਰ ਨੇ ਹੌਲੀ ਜਿਹੀ ਨਜ਼ਰ ਥੱਲੇ ਕਰ ਲਈ ਤੇ ਕਿਹਾ,

ਹਾਂ ਬਾਪੂ ਜੀ, ਅਸੀਂ ਦੋਵਾਂ ਭਰਾਵਾਂ ਨੇ ਪਹਿਲਾਂ ਹੀ ਪਲੈਨ ਕੀਤਾ ਸੀ।

ਜਦੋਂ ਮਾਂ ਦੀ ਮੌਤ ਹੋਵੇਗੀ ਤਾਂ ਮੈਂ ਆਵਾਂਗਾ ਤੇ ਜਦੋਂ ਤੁਹਾਡਾ ਵੇਲਾ ਆਵੇਗਾ, ਉਦੋਂ ਉਹ ਆ ਜਾਵੇਗਾ।

ਇਹ ਸ਼ਬਦ ਸੁਣ ਕੇ ਬਾਪੂ ਜੀ ਦੀਆਂ ਅੱਖਾਂ ਦੇ ਹੰਝੂ ਜਿਵੇਂ ਇਕਦਮ ਹੀ ਸੁੱਕ ਗਏ। ਕੁਝ ਪਲਾਂ ਲਈ ਉਹ ਬਿਲਕੁਲ ਚੁੱਪ ਰਹੇ। ਉਨ੍ਹਾਂ ਦਾ ਚਿਹਰਾ ਫਿੱਕਾ ਪੈ ਗਿਆ ਤੇ ਸਰੀਰ ਸੁੰਨ ਹੋ ਗਿਆ।

ਸੰਦੀਪ ਕੌਰ ਸਦਿਓੜਾ







- Personal Tax Returns
- Corporate Tax Returns
- Bookkeeping
- GST/HST Filing
- Payroll
- WCB Returns
- Tax Planning
- New Business Consultation & Registration

SIDHU ACCOUNTING
PH: (403) 568 – 2667
Email: info@sidhuaccounting.com
Address: 202, 4656 Westwinds Drive NE Calgary, Alberta T3J 3Z5









# ਕੁਈਨ ਸਿਟੀ ਮੈਰਾਥਨ ਦੌੜਾਂ ਵਿਚ ਹੋਰ ਪੰਜਾਬੀਆਂ ਸਮੇਤ ਐਮ ਐਲ ਏ ਭਜਨ ਬਰਾੜ ਦੇ ਪਰਿਵਾਰ ਵਿੱਚੋਂ 7 ਮੈਂਬਰਾਂ ਨੇ ਹਿੱਸਾ ਲਿਆ











ਰੀਜਾਇਨਾ (ਪੰਜਾਬੀ ਅਖ਼ਬਾਰ ਬਿਊਰੋ) ਬੀਤੇ ਦਿਨੀ ਰੀਜਾਇਨਾ ਵਿਖੇ ਕੁਈਨ ਸਿਟੀ ਮੈਰਾਥਨ ਦੌੜਾਂ ਹੋਈਆਂ ਜਿਹਨਾਂ ਵਿੱਚ ਪੰਜਾਬੀ ਭਾਈਚਾਰੇ ਦੀ ਸਮੂਲੀਅਤ ਮਾਣਮੱਤੀ ਰਹੀ। ਇਸ ਸਬੰਧੀ ਪੰਜਾਬੀ ਅਖ਼ਬਾਰ ਨੂੰ ਜਾਣਕਾਰੀ ਦਿੰਦੇ ਹੋਏ ਪੰਜਾਬੀ ਮੂਲ ਦੇ ਐਮ ਐਲ ਏ ਭਜਨ ਬਰਾੜ ਨੇ ਦੱਸਿਆ ਕਿ ਮੇਰੇ ਪਰਿਵਾਰ ਲਈ ਇਹ ਬਹੁਤ ਮਾਣ ਵਾਲੀ ਗੱਲ ਸੀ ਕਿ ਸਾਡੇ 8 ਵਿੱਚੋਂ 7 ਮੈਂਬਰਾਂ ਨੇ ਕੁਈਨ ਸਿਟੀ ਮੈਰਾਥਨ ਦੌੜਾਂ ਵਿੱਚ ਹਿੱਸਾ ਲਿਆ। ਮੈਂ 10 ਕਿਲੋਮੀਟਰ ਦੀ ਦੌੜ ਵਿੱਚ ਭਾਗ ਲਿਆ। ਮੇਰੀ ਨੂੰਹ ਹਰਿੰਦਰ ਬਰਾੜ ਅਤੇ ਮੇਰੀਆਂ ਦੋ ਪੋਤੀਆਂ, ਰੀਤ ਕੌਰ ਅਤੇ ਜਪੁਜੀ ਕੌਰ ਨੇ 5 ਕਿਲੋਮੀਟਰ ਦੀ ਦੌੜ ਲਗਾਈ। ਮੇਰੇ ਪੁੱਤਰ ਨੇ (ਬੱਚਿਆਂ ਦੇ ਨਾਲ) ਅਤੇ ਮੇਰੇ ਜੁੜਵਾਂ ਪੋਤਰਿਆਂ ਕਰਨ ਅਤੇ ਅਰਜੁਨ ਨੇ 2 ਕਿਲੋਮੀਟਰ ਦੀ ਦੌੜ ਵਿੱਚ ਹਿੱਸਾ ਲਿਆ। ਇਸ ਤੋਂ ਇਲਾਵਾ ਮੇਰੇ ਪਰਿਵਾਰ ਦੇ ਹੋਰ ਮੈਂਬਰਾਂ ਵਿੱਚੋਂ ਸ਼ਵਿੰਦਰ ਅਤੇ ਸੀਰਤ ਬਰਾੜ ਨੇ 5 ਕਿਲੋਮੀਟਰ ਦੀ ਦੌੜ ਲਗਾਈ, ਜਦਕਿ ਹਰਿੰਦਰਪਾਲ ਅਤੇ ਗੁਰਜੀਤ ਨੇ (ਹਰਵ ਬਰਾੜ ਅਤੇ ਅਸੀਸ ਗਿੱਲ ਦੇ ਨਾਲ) 2 ਕਿਲੋਮੀਟਰ ਦੀ ਦੌੜ ਵਿੱਚ ਭਾਗ ਲਿਆ। ਭਜਨ ਬਰਾੜ ਨੇ ਸਪਾਂਸਰਾਂ, ਪ੍ਰਬੰਧਕਾਂ ਅਤੇ ਵਲੰਟੀਅਰਾਂ ਦਾ ਬਹੁਤ-ਬਹੁਤ ਧੰਨਵਾਦ ਕੀਤਾ ਜਿਨ੍ਹਾਂ ਦੇ ਸਹਿਯੋਗ ਸਦਕਾ ਇਹ ਸਭ ਸੰਭਵ ਹੋ ਸਕਿਆ। ਉਹਨਾਂ ਭਵਿੱਖ ਵਿੱਚ ਪੰਜਾਬੀ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਅਜਿਹੇ ਸਮਾਗਮਾਂ ਮੌਕੇ ਆਪਣੀ ਸਮੂਲੀਅਤ ਵੱਧ ਤੋਂ ਵੱਧ ਰੱਖਣ ਦੀ ਕੋਸ਼ਿਸ ਕਰਿਆ ਕਰਨ ਤ ਂਕਿ ਅਸੀਂ ਕੈਨੇਡਾ ਦੀ ਧਰਤੀ ਉੱਪਰ ਰਹਿੰਦੇ ਹੋਏ ਕੈਨੇਡੀਅਨ ਹੋਣ ਦਾ ਮਾਣ ਵੀ ਮਹਿਸੂਸ ਕਰ ਸਕੀਏ। ਦੁਨੀਆ ਭਰ ਤੋਂ 5000 ਤੋਂ ਵੱਧ ਖਿਡਾਰੀਆਂ ਨੇ ਇਸ ਵਿੱਚ ਹਿੱਸਾ ਲਿਆ ਅਤੇ 42, 21, 10 ਅਤੇ 5 ਕਿਲੋਮੀਟਰ ਦੀਆਂ ਦੌੜਾਂ ਦੇ ਨਾਲ-ਨਾਲ 5 ਤੋਂ 7 ਸਾਲ ਦੇ ਬੱਚਿਆਂ ਲਈ 2 ਕਿਲੋਮੀਟਰ ਦੀ ਦੌੜ ਵਿੱਚ ਵੀ ਭਾਗ ਲਿਆ।


Currently Hiring Drivers and Owner Operators for Canada (Prairies) and USA Runs.

CAM TRANSPORT
REGINA, SK

- Must Have-Clean Driver Abstract
- Clear Criminal Record

ਟਰੱਕ ਦਾ ਲਾਇਸੈਂਸ (Class 1A) ਲੈਣ ਵਿੱਚ ਵੀ ਮੱਦਦ ਕੀਤੀ ਜਾਂਦੀ ਹੈ



Cam Transport Offers:

- Great Pay, Steady Miles,
- Dedicated Work
- Dedicated trucks for drivers
- Every Weekend Home
- Excellent Equipments
- Paid Layover

Contact:
Kuldeep Romana 306 999 1800
Amrinder Sidhu 306 450 0453
Gurbinder Gagowal 306 520 4313

Office: 306 910-0100 Email: Info@camtransport.ca
1014 Kearns Cres Regina (SK) S4K 0A1



MIDWEST DIESEL REPAIR INC.
Midwest Truck Parts
Gurprit Gill (Sony)
Midwest Diesel Repair Inc.

We Service all Makes of Semi Trucks and Trailers

ਸੈਮੀ ਟਰੱਕਾਂ ਅਤੇ ਟਰੇਲਰਾਂ ਦੇ ਐਕਸਲ ਸਪਿੰਡਲ ਵੀ ਰਿਪੇਅਰ ਕਰਦੇ ਹਾਂ



ਟਰੱਕਾਂ ਦੇ ਕਿਸੇ ਵੀ ਤਰ੍ਹਾਂ ਦੇ ਪਾਰਟਸ ਵਾਜਬ ਰੇਟ 'ਤੇ ਖਰੀਦਣ ਲਈ ਸੰਪਰਕ ਕਰੋ।



- Wheel Alignment
- Differential
- Rebuilt
- Engine-Transmission
- Heating and Air Conditioning

1009 WELLINGS ROAD, REGINA, SK, S4K 0A2
ਰੀਜਾਇਨਾ ਵਿੱਚ ਪੰਜਾਬੀਆਂ ਦੀ ਟਰੱਕਾਂ ਦੇ ਪਾਰਟਸ ਦੀ ਪਹਿਲੀ ਦੁਕਾਨ
Ph. (306) 525 5077
Cell (306) 201 5870
Fax (306) 525 5075
www.midwestdieselrepair.ca Email:info@midwestdieselrepair.ca



SUPERVISA INSURANCE

RESP & RRSP
CRITICAL ILLNESS INSURANCE
LIFE INSURANCE
MORTGAGE INSURANCE
TRAVEL INSURANCE

Punjab Insurance Inc
"Your Local Insurance Advisor"

VISITOR INSURANCE

ਘਰ ਬੈਠੇ ਹੀ ਆਨ ਲਾਈਨ ਸੇਵਾਵਾਂ ਵੀ ਲੈ ਸਕਦੇ ਹੋ

90 DAYS NEW IMMIGRANT INSURANCE



NAVDEEP JASWAL
Financial Advisor
403 909 4141

# ਪੁਸਤਕ ਸਮੀਖਿਆ

# ਅਰਪਨ



ਸਮੀਖਿਆਕਾਰ - ਜਗਦੇਵ ਸਿੱਧੂ
1825 712 1135

ਗੁਰਚਰਨ ਸਿੰਘ 'ਹੇਹਰ' ਦਾ ਦੂਜਾ ਕਾਵਿ-ਸੰਗ੍ਰਹਿ 'ਅਰਪਨ' 2026 ਵਿਚ ਚੇਤਨਾ ਪ੍ਰਕਾਸ਼ਨ, ਲੁਧਿਆਣਾ ਨੇ ਛਾਪਿਆ ਹੈ ਜਿਸ ਦੇ 144 ਸਫ਼ਿਆਂ ਵਿਚ 66 ਕਵਿਤਾਵਾਂ ਸ਼ਾਮਲ ਹਨ। ਕੀਮਤ ਰੁਪਏ 300/- ਹੈ। ਇਸ ਤੋਂ ਪਹਿਲਾਂ ਉਸ ਦਾ ਪਲੇਠਾ ਕਾਵਿ-ਸੰਗ੍ਰਹਿ 'ਬਿਨ ਪੱਤਿਆਂ ਤੋਂ ਛਾਂ' 2008 ਵਿਚ ਛਪਿਆ ਸੀ। ਇਹ ਚੜ੍ਹਦੀ ਲਵੀ ਉਮਰ ਦੇ ਸੱਚੇ-ਸੁੱਚੇ ਜਜ਼ਬਿਆਂ ਦਾ ਆਪ-ਮੁਹਾਰਾ ਪ੍ਰਗਟਾਵਾ ਸੀ। ਇਸ ਪਹਿਲੀ ਪੁਸਤਕ ਨੇ ਹੀ ਉਸ ਦੇ ਕਾਵਿਕ ਗੁਣਾਂ ਨੂੰ ਉਜਾਗਰ ਕਰ ਦਿੱਤਾ ਸੀ। ਗੁਰਚਰਨ ਸਿੰਘ ਗੁਰੂ ਗੋਬਿੰਦ ਸਿੰਘ ਜੀ ਦੀ ਪਾਵਨ ਚਰਨ-ਛੋਹ ਪ੍ਰਾਪਤ ਪਿੰਡ ਹੇਰਾਂ, ਜ਼ਿਲਾ ਲੁਧਿਆਣਾ ਦਾ ਜੰਮ ਪਲ਼ ਹੈ ਜਿੱਥੋਂ ਦੇ ਮਹੰਤ ਕਿਰਪਾਲ ਦਾਸ ਨੇ ਭੰਗਾਣੀ ਦੇ ਯੁੱਧ ਵਿਚ ਹਯਾਤ ਖ਼ਾਨ ਨੂੰ ਕੁਤਕੇ (ਘੋਟਣੇ) ਨਾਲ਼ ਪਾਰ ਬੁਲਾਇਆ ਸੀ। ਗੁਰਮੁਖ ਪਰਿਵਾਰ ਵਿਚ ਜੰਮੇਂ ਗੁਰਚਰਨ ਸਿੰਘ ਨੂੰ ਗੁਰਬਾਣੀ ਦੀ ਅਜਿਹੀ ਗੁੜ੍ਹਤੀ ਮਿਲੀ ਕਿ ਆਪਣੀ ਜੀਵਨ-ਜਾਚ ਸਿੱਖੀ ਅਸੂਲਾਂ ਉਪਰ ਢਾਲ਼ ਲਈ। ਮਸ਼ਹੂਰ ਕਵੀ ਡਾ. ਹਰਿਭਜਨ ਸਿੰਘ ਦਾ ਕਥਨ ਹੈ ਕਿ ਬਾਣੀ ਕਵਿਤਾ ਦਾ ਪਵਿੱਤ੍ਰੀਕ੍ਰਿਤ ਰੂਪ ਹੈ, ਇਹ ਬੌਧਿਕ ਚਾਨਣ ਵਾਲ਼ੀ ਕਵਿਤਾ ਹੈ। ਗੁਰਬਾਣੀ ਨੂੰ ਪੂਰਨ ਰੂਪ ਵਿਚ ਪ੍ਰਣਾਏ ਹੋਣ ਕਰ ਕੇ ਗੁਰਚਰਨ ਸਿੰਘ ਵਿਚ ਕਾਵਿਕ ਗੁਣ ਤਾਂ ਬਚਪਨ ਵਿਚ ਹੀ ਪਨਪ ਪਏ ਸਨ। ਉਸ ਨੇ ਬੀ.ਐਸ ਸੀ ਕੀਤੀ, ਸਰਵਿਸ ਦੌਰਾਨ ਐਮ.ਏ. ਬੀ.ਐਡ. ਵੀ ਕਰ ਲਈ। ਹੇਰਾਂ ਦੇ ਸਕੂਲ ਤੇ ਗੁਰੂਸਰ ਸੁਧਾਰ ਦੇ ਕਾਲਜ ਵਿਚ ਪੜ੍ਹਦਿਆਂ ਅਤੇ ਫੌਜ ਦੀ ਸਰਵਿਸ ਕਰਦਿਆਂ ਸਮੇਂ ਉਸ ਦੀ ਕਾਵਿ-ਕਲਾ ਜਵਾਨ ਹੋਈ। ਅੱਜ ਕੱਲ੍ਹ ਕੈਨੇਡਾ ਦੀ ਮਹਾਂਨਗਰੀ ਵਿਖੇ ਪਰਿਵਾਰਿਕ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ ਧਾਰਮਿਕ ਕਾਰਜਾਂ ਅਤੇ ਸਾਹਿਤ ਸਭਾਵਾਂ ਵਿਚ ਬਣਦਾ ਯੋਗਦਾਨ ਪਾ ਰਿਹਾ ਹੈ। ਉੱਚਾ-ਲੰਮਾਂ ਕੱਦ, ਸੋਹਣਾ-ਸੁਨੱਖਾ, ਦਰਸ਼ਨੀ ਸਰੀਰ, ਅੰਮ੍ਰਿਤਧਾਰੀ ਦਿੱਖ, ਹਲੀਮੀ, ਨਰਮੀ ਤੇ ਦਯਾਵਾਨ ਵਤੀਰਾ, ਸਾਊਪੁਣਾ ਅਤੇ ਹਸਮੁੱਖ ਚਿਹਰਾ ਕੋਈ ਰੂਹਾਨੀ ਪ੍ਰਭਾਵ ਛਡਦੇ ਹਨ।

ਇਹ ਕੁਦਰਰਤੀ ਹੈ ਕਿ ਚੜ੍ਹਦੀ ਜਵਾਨੀ ਸਮੇਂ ਮਚਲਦੇ ਅਹਿਸਾਸ, ਖੌਰੂ ਪਾਉਂਦੇ ਵਲਵਲੇ, ਰੰਗੀਨ ਸੁਪਨੇ, ਤਾਰੇ ਤੋੜਨ ਦੀ ਤਾਂਘ, ਕਿਸੇ ਹਾਣ-ਪਰਵਾਣ ਨੂੰ ਆਪਣਾ ਬਣਾ ਲੈਣ ਅਤੇ ਉਸ ਦਾ ਬਣ ਜਾਣ ਦੀ ਤੀਬਰ ਭਾਵਨਾ ਜਿਹੇ ਵਿਚਾਰ ਪ੍ਰਬਲ ਹੁੰਦੇ ਹਨ। ਅਜਿਹੇ ਹੀ ਪ੍ਰਭਾਵਾਂ ਦੇ ਵਹਿਣ ਵਿਚ ਗੁਰਚਰਨ ਸਿੰਘ ਦੇ ਕਾਵਿ-ਸੰਵੇਦਨਾ ਵਾਲ਼ੇ ਮਨ ਅੰਦਰੋਂ ਕੋਮਲ ਪਵਿੱਤਰ ਜਜ਼ਬਿਆਂ ਦਾ ਹੜ੍ਹ ਕਾਗਜ਼ਾਂ ਉਪਰ ਵਗ ਤੁਰਿਆ। ਉਸ ਨੇ ਪਿਆਰ, ਮੁਹੱਬਤ, ਇਸ਼ਕ ਦੇ ਗੀਤ ਲਿਖੇ ਜਿਨ੍ਹਾਂ ਵਿਚ ਸਚਾਈ, ਸਾਦਗੀ, ਨਿਰਮਲਤਾ, ਰੂਹ ਦੀ ਸ਼ਿੱਦਤ ਅਤੇ ਪਵਿੱਤਰਤਾ ਹੈ। ਕਵਿਤਾਵਾਂ ਵਿਚ ਬਹਿਰ, ਵਜ਼ਨ, ਕਾਫ਼ੀਏ, ਸ਼ਬਦ-ਚੋਣ, ਬਣਤਰ, ਬੁਣਤਰ ਅਤੇ ਰਵਾਨਗੀ ਦੇ ਪੱਖੋਂ ਕੋਈ ਕਮੀ ਨਹੀਂ ਦਿਖਾਈ ਦਿੰਦੀ। ਲੈਅ ਅਤੇ ਰਵਾਨਗੀ ਤਾਂ ਏਨੀ ਹੈ ਕਿ ਉਹ ਆਪਣੀਆਂ ਸੋਚਾਂ ਅਤੇ ਲੋਕਾਂ ਦੀਆਂ ਸੁਰ-ਬੱਧ ਪੇਸ਼ਕਾਰੀਆਂ ਵਿਚ ਇਉਂ ਵਹਾ ਲੈ ਜਾਂਦਾ ਹੈ, ਜਿਸ ਵਿੱਚੋਂ ਕਿਨਾਰੇ ਲੱਗਣ ਦੀ ਚਾਹ ਨਹੀਂ ਉਠਦੀ, ਰੁੜ੍ਹੇ ਜਾਣ ਨੂੰ ਜੀਅ ਕਰਦਾ ਹੈ (ਡਾ. ਰਾਜਿੰਦਰ ਸਾਹਿਲ, 'ਬਿਨ ਪੱਤਿਆਂ ਤੋਂ ਛਾਂ ਸਫ਼ਾ 4)। ਇਹ ਕਵਿਤਾ ਪ੍ਰਗੀਤਕ-ਕਾਵਿ ਦੀ ਸ਼੍ਰੇਣੀ ਵਿਚ




ਆਉਂਦੀ ਹੈ।

ਕਵਿਤਾ ਬਾਰੇ ਮਨੇ-ਪ੍ਰਮੰਨੇ ਕਵੀਆਂ ਦੇ ਆਪੋ-ਆਪਣੇ ਵਿਚਾਰ ਹਨ ਜਿਨ੍ਹਾਂ ਵਿੱਚੋਂ ਕੁੱਝ ਕੁ ਦਾ ਉਲੇਖ ਕਰਨਾ ਉਚਿਤ ਰਹੇਗਾ। ਆਦਿ-ਵਾਸੀ ਅਮਰੀਕਨ ਕਵੀ ਮੈਮਾਦੋ ਦੇ ਵਿਚਾਰ ਵਿਚ ਕਵਿਤਾ ਅਮਰ ਰਹਿੰਦੀ ਹੈ ਕਿਉਂਕਿ ਇਹ ਕਵੀ ਜਾਂ ਲੋਕਾਂ ਦੀ ਆਵਾਜ਼ ਹੈ, ਜਿਹੜੀ ਸਮੇਂ, ਸਥਾਨ, ਘਟਨਾ ਵਿਚਦੀ ਵਿਚਰਦੀ ਹੈ। ਜੌਹਨ ਕੀਟਸ ਨੇ ਕਿਹਾ ਸੀ - ਇਕ ਕਵੀ ਦੀ ਕੋਈ ਪਛਾਣ ਨਹੀਂ, ਉਹ ਲਗਾਤਾਰ ਕਿਸੇ ਹੋਰ ਲਈ ਵਿਚਰਦਾ ਹੈ। ਕੇਥੀ ਪਾਰਕ ਹੌਂਗ ਨੇ ਆਪਣੀ ਪੁਸਤਕ ਮਾਈਨਰ ਫੀਲਿੰਗਜ਼ () ਵਿਚ ਲਿਖਿਆ ਹੈ - ਪਰ ਮੈਂ ਖ਼ੁਦ ਹਾਜ਼ਰ ਨਾ ਰਹਿ ਕੇ ਵੀ ਆਪਣੇ ਆਪ ਤੋਂ ਉਪਰ ਨਹੀਂ ਉੱਠ ਸਕਦੀ। ਨਿਰੂਪਮਾ ਦੱਤ 'ਹੁਣ' ਦੇ ਜਨਵਰੀ-ਅਗਸਤ 2017 ਦੇ ਅੰਕ ਵਿਚ ਦਸਦੀ ਹੈ - ਸ਼ਾਇਰੀ ਬੜੀ ਨਾਜ਼ਕ-ਮਿਜ਼ਾਜ਼ ਹੈ, ਤੁਸੀਂ ਕਵਿਤਾ 'ਚ ਝੂਠ ਨਹੀਂ ਬੋਲ ਸਕਦੇ। ਸ਼ਾਇਰੀ ਦਿਲੋਂ ਨਿਕਲ਼ੀ ਹੂਕ ਹੈ--- ਸਹਿਜੇ ਆਉਂਦੀ ਐ, ਕੋਈ ਨਾ ਕੋਈ ਪ੍ਰੇਰਣਾ ਹੁੰਦੀ ਐ। ਡਾ. ਹਰਿਭਜਨ ਸਿੰਘ ਦੇ ਸ਼ਬਦਾਂ ਵਿਚ - ਸਰੋਦੀ ਕਵਿਤਾ ਉਹੀ ਜਿਸ ਵਿਚ ਪ੍ਰਗੀਤਕ ਲੈਅ ਹੋਵੇ,--- ਜੋ ਸ਼ਾਬਦਿਕ ਅਤੇ ਆਤਮਿਕ ਆਵਾਜ਼ ਨਾਲ਼ ਗਾਈ ਜਾਣ ਵਾਲ਼ੀ ਰਚਨਾ ਹੈ, --- ਬਾਣੀ ਕਵਿਤਾ ਦਾ ਪਵਿੱਤ੍ਰੀਕ੍ਰਿਤ ਰੂਪ ਹੈ। --- ਆਦਿ ਮਨੁੱਖ ਨੇ ਆਪਣੇ ਭਾਵਾਂ ਦੀ ਅਭਿਵਿਅੱਕਤੀ ਗੀਤ ਵਿਚ ਕੀਤੀ ਹੋਵੇਗੀ, ਉਦੋਂ ਤੋਂ ਪ੍ਰਗੀਤਕ ਕਵਿਤਾ ਦਾ ਜਨਮ ਮੰਨਿਆਂ ਜਾ ਸਕਦਾ ਹੈ। ਗੁਰਚਰਨ ਸਿੰਘ ਦੀਆਂ ਦੋਵੇਂ ਪੁਸਤਕਾਂ ਦਾ ਪਾਠ ਕਰਨ ਤੋਂ ਪਤਾ ਲਗਦਾ ਹੈ ਕਿ ਇਹ ਕਵਿਤਾਵਾਂ ਉਪ੍ਰੋਕਤ ਵਿਚਾਰਾਂ ਦੇ ਚੌਖਟੇ ਵਿਚ ਸਹੀ ਬੈਠਦੀਆਂ ਹਨ।

ਗੁਰਚਰਨ ਸਿੰਘ ਦੀ ਕਾਵਿ-ਪ੍ਰਤਿਭਾ ਉਸ ਦੀ ਪਹਿਲੀ ਪੁਸਤਕ 'ਬਿਨ ਪੱਤਿਆਂ ਤੋਂ ਛਾਂ' ਨੇ ਹੀ ਉਜਾਗਰ ਕਰ ਦਿੱਤੀ ਸੀ। ਦੂਜੀ ਹਥਲੀ ਪੁਸਤਕ ਵਿਚ ਉਸ ਦੀ ਕਵਿਤਾ ਦਾ ਕੈਨਵਸ ਹੋਰ ਵਿਸ਼ਾਲ ਅਤੇ ਬਹੁ-ਪੱਖੀ ਹੋ ਜਾਂਦਾ ਹੈ ਅਤੇ ਇਹ ਪ੍ਰਤਿਭਾ ਵਿਕਾਸ ਕਰਦੀ ਵਿਖਾਈ ਦਿੰਦੀ ਹੈ। 'ਬਿਨ ਪੱਤਿਆਂ ਤੋਂ ਛਾਂ' ਮਾਂ ਦੀ ਮਹਿਮਾ ਤੋਂ ਸ਼ੁਰੂ ਹੋ ਕੇ ਇਸੇ ਨਾਲ਼ ਸਮਾਪਤ ਹੁੰਦੀ ਹੈ ਜੋ ਕਿ ਚਰਨ-ਬੰਦਨਾਂ ਵੀ ਹੈ ਅਤੇ ਰੱਬ ਦੀ ਇਬਾਦਤ ਕਰਨ ਵਾਂਗ ਹੈ। ਇਸ ਦੀਆਂ ਕਵਿਤਾਵਾਂ ਦੇ ਕੁਝ ਨਮੂਨੇ, ਜੋ ਸਰੋਦੀ ਗੁਣਾਂ ਨਾਲ਼ ਭਰਪੂਰ ਹਨ, ਉਸ ਦੀ ਕਾਵਿ-ਕਲਾ ਨੂੰ ਸਮਝਣ ਵਿਚ ਸਹਾਈ ਹੋਣਗੇ -

- ਰੁੱਤਾਂ ਨੇ ਵੀ / ਵਾਰੋ ਵਾਰੀ ਗੇੜੇ ਮਾਰਦੀਆਂ / ਪਰ ਨਾ ਆਸਾਂ ਪੁੱਗਣ ਵੇ / ਤੇਰੀ ਮੁਟਿਆਰ ਦੀਆਂ। (ਸਫ਼ਾ 103)

- ਗੁੱਡੀਆਂ ਪਟੋਲਿਆਂ ਨੇ / ਬਚਪਨ ਖਾ ਲਿਆ / ਦੂਰ ਹੋਈਆਂ / ਮਾਵਾਂ ਦੀਆਂ ਲੋਰੀਆਂ
ਹੁੰਦੀਆਂ ਜਵਾਨ ਕਦੇ / ਵਤਨਾਂ ਦੀ ਮਿੱਟੀ ਉੱਤੇ / ਧੀਆਂ ਪ੍ਰਦੇਸੀਂ ਕਾਹਤੋਂ ਤੋਰੀਆਂ। ( 20)

- ਉਹਦੇ ਸਾਹੀਂ ਖ਼ੁਸ਼ਬੋਈ / ਗੁਲਕੰਦ ਵਰਗੀ / ਕੁੜੀ ਸੱਚੀਂ-ਮੁੱਚੀ / ਪੁੰਨਿਆਂ ਦੇ ਚੰਦ ਵਰਗੀ। (45)

- ਘੁੱਟਾਂ-ਬਾਟੀ ਪੀ ਜਾਂ ਹਾਣੀਆਂ / ਜੇ ਤੂੰ ਹੋਵੇਂ ਅੰਮ੍ਰਿਤ ਦੀ ਧਾਰਾ / ਸਵਾਂਤੀ ਬੂੰਦ ਬਿਨਾ ਸੱਜਣਾ / ਕਿਵੇਂ ਚਾਤ੍ਰਿਕ ਕਰੇ ਗੁਜ਼ਾਰਾ / ਸੁਣਾਂ ਜੇ ਸੰਦੇਸ਼ਾ ਆਉਣ ਦਾ / ਸਾਰਾ ਵਿਹੜਾ ਕਲੀ ਕਰਾਵਾਂ। (78)

- ਲੋਕਾਂ ਦੀਆਂ ਕਲਮਾਂ 'ਚੋਂ / ਮੁਕਦੀ ਸਿਆਹੀ ਜਦੋਂ / ਗੀਤਾਂ ਸਾਡਿਆਂ ਦੀ / ਸ਼ੁਰੂਆਤ ਹੁੰਦੀ ਏ / ਉਡਦੇ ਨੇ ਮਨ ਵਿੱਚੋਂ / ਜਜ਼ਬੇ ਪੰਖੇਰੂ ਬਣ / ਕਾਗਜ਼ਾਂ ਦੀ ਸੰਵਰੀ / ਸਵਾਤ ਹੁੰਦੀ ਏ। (82)

ਪੁਸਤਕ 'ਅਰਪਨ' ਦੀਆਂ ਕਵਿਤਾਵਾਂ ਸਰੋਦੀ ਅਤੇ ਪ੍ਰਗੀਤਕ ਲੈਅ ਨੂੰ ਬਰਕਰਾਰ ਰਖਦਿਆਂ ਧਾਰਮਿਕ, ਸਿਆਸੀ, ਸਭਿਆਚਾਰਕ, ਸਮਾਜਿਕ ਅਤੇ ਆਰਥਿਕ ਸਰੋਕਾਰਾਂ ਨੂੰ ਵੀ ਕਲਾਵੇ ਵਿਚ ਲੈਂਦੀਆਂ ਹਨ। ਮੁੱਖ ਤੌਰ ਉਤੇ ਕੇਂਦਰੀ ਧੁਰਾ ਸਿੱਖੀ ਸੋਚ ਅਤੇ ਗੁਰਬਾਣੀ ਦੀ ਸੇਧ ਹੈ। - ਜੇ ਤੂੰ ਸੁਣ ਲੇਂ ਧੁਨਾਂ ਰਬਾਬ ਦੀਆਂ (21)

- ਗੁਰੂ ਗ੍ਰੰਥ ਤੇਰਾ / ਸਭਿਅਤਾ ਦੀ ਚਾਬੀ ਏ (23)

- ਪੱਲਾ ਫੜੋ ਨਾਨਕ ਦੀ ਬਾਣੀ ਦਾ (38)

- ਸਾਰੇ ਮਸਲੇ ਹੱਲ ਹੋਣਗੇ / ਬੈਠੋ ਗੁਰੂ ਨਾਨਕ ਘਰ ਆ ਕੇ (126)

- ਬਾਬਰ ਨੂੰ ਗੁੱਠੇ ਲਾਉਂਦੀ / ਨਾਨਕ ਦੀ ਅੰਮ੍ਰਿਤ ਬਾਣੀ (22)

ਮਾਂ-ਧੀ ਦੇ ਰਿਸ਼ਤੇ ਦੀ ਪਾਕੀਜ਼ਗੀ ਬਾਰੇ ਕਈ ਕਵਿਤਾਵਾਂ ਹਨ ਜਿਨ੍ਹਾਂ ਵਿਚ ਜਜ਼ਬਾਤਾਂ ਦਾ ਕਾਵਿ-ਮਈ ਪ੍ਰਗਟਾਵਾ ਕੀਤਾ ਹੈ। 'ਮਾਂ ਦੀਆਂ ਲੋਰੀਆਂ' ਨਾਮੀ ਕਵਿਤਾ ਵਿਚ ਧੀਆਂ ਨਾਲ ਹੁੰਦੀਆਂ ਬੇ-ਇਨਸਾਫ਼ੀਆਂ ਬਾਰੇ ਟਕੋਰਾਂ ਹਨ ਅਤੇ ਭਰੂਣ-ਹੱਤਿਆ ਦੇ ਖਿਲਾਫ਼ ਤਰਕ-ਸੰਗਤ ਆਵਾਜ਼ ਉਠਾਈ ਹੈ - ਰੱਬ ਦਿੱਤੀ ਜਿੰਦ ਨੂੰ / ਜਿਉਣ ਦਾ ਤਾਂ ਹੱਕ ਏ / ਧੁਰਾਂ ਤੋਂ ਇਹ ਹੁੰਦਾ ਆਇਆ / ਅੱਜ ਵੀ ਇਹ ਸੱਚ ਏ। (28)। ਖਾਲਸੇ ਦੀ ਚੜ੍ਹਦੀ ਕਲਾ ਬਾਰੇ ਪੂਰੇ ਭਰੋਸੇ ਨਾਲ਼ ਦਾਅਵਾ ਕੀਤਾ ਹੈ - ਅਸੀਂ ਜਿੱਤਾਂਗੇ, ਨਾ ਹਾਰੇ ਸੀ / ਅਸੀਂ ਪੱਕੇ ਦੁਸ਼ਮਣ ਬਦੀਆਂ ਦੇ / ਅਸੀਂ ਪਲਾਂ 'ਚ ਭਾਜੀ ਮੋੜਾਂਗੇ / ਗਿਣ ਗਿਣ ਕੇ ਬਦਲੇ ਸਦੀਆਂ ਦੇ (34)। - ਜਾਹੋ-ਜਲਾਲ ਖਾਲਸੇ ਦਾ, ਚਹੁੰ ਕੂੰਟੀਂ ਚੜ੍ਹਤ ਬਣਾਵੇ (52)। ਕਵਿਤਾ 'ਵੰਗਾਰ' ਵਿਚ ਤਖ਼ਤ ਬਦਲਣ ਅਤੇ ਬਰਾਬਰੀ ਦੇ ਹੱਕ ਲੈਣ ਦੀ ਨਾਬਰੀ ਹੈ - ਸੱਚ ਜਿਨ੍ਹਾਂ ਦੇ ਪੱਲੇ ਹੋਵੇ / ਮੌਤੋਂ ਕਦੇ ਨਾ ਡਰਦੇ (50)। ਇਕ ਹੋਰ ਕਵਿਤਾ 'ਵਿਛੜੇ ਹੋਏ ਸ਼ਬਦ' ਵਿਚ ਸਾਡੇ ਵਿਰਾਸਤੀ ਸ਼ਬਦਾਂ ਅਤੇ ਮਾਂ-ਬੋਲੀ ਪ੍ਰਤੀ ਸਾਡੀ ਮੁਜਰਮਾਨਾ ਅਣਗਹਿਲੀ ਵੱਲ ਧਿਆਨ ਦੁਆ ਕੇ ਸੁਚੇਤ ਕੀਤਾ ਹੈ - ਏ ਬੀ ਸੀ ਦੇ ਪਿੱਛੇ ਪੈ ਅਸੀਂ ਤਾਂ ਊੜਾ ਆੜਾ ਭੁੱਲਗੇ (61)। ਕਵੀ ਸਮੇਂ ਦੀ ਆਵਾਜ਼ ਹੁੰਦਾ ਹੈ ਅਤੇ ਵਾਪਰਦੀਆਂ ਇਤਿਹਾਸਕ ਘਟਨਾਵਾਂ ਦਾ ਗਵਾਹ ਹੁੰਦਾ ਹੈ। ਗੁਰਚਰਨ ਸਿੰਘ ਨੇ ਅੱਖੀਂ ਵੇਖੇ ਇਤਿਹਾਸਿਕ ਕਿਸਾਨ ਅੰਦੋਲਨ ਬਾਰੇ ਕਈ ਕਵਿਤਾਵਾਂ ਰਚ ਕੇ ਆਪਣਾ ਕਰਤੱਵ ਨਿਭਾਇਆ ਹੈ। ਨਮੂਨੇ ਵਜੋਂ ਇਕ ਕਵਿਤਾ ਦੀਆਂ ਸਤਰਾਂ ਹਨ - ਤੁਸੀਂ ਸੜਕਾਂ 'ਤੇ ਕਿੱਲ ਲਗਾਉਂਦੇ / ਅਸੀਂ ਤਾਂ ਫੁੱਲ ਉਗਾਉਂਦੇ ਹਾਂ (63)। ਅਖੌਤੀ ਹਰੀ ਕ੍ਰਾਂਤੀ ਨੇ ਪੰਜਾਬ ਦੀ ਜ਼ਰਖ਼ੇਜ਼ ਧਰਤੀ, ਫਸਲਾਂ ਦੇ ਰਵਾਇਤੀ ਚੱਕਰ, ਰਵਾਇਤੀ ਜੀਵਨ-ਢੰਗ, ਵਾਤਾਵਰਣ ਅਤੇ ਕਿਸਾਨੀ ਦੇ ਕਰਜ਼ਾ-ਸੰਗਤ ਅਰਥਚਾਰੇ ਉਪਰ ਜੋ ਮਾਰੂ ਅਸਰ ਪਾਇਆ ਹੈ, ਉਸ ਬਾਰੇ ਕਵੀ ਅਸਲੀ ਸਥਿਤੀ ਇਉਂ ਉਜਾਗਰ ਕਰਦਾ ਹੈ - ਮਿੱਟੀ ਲਾ ਤੀ ਅਮਲ 'ਤੇ / ਜੱਟ ਖਾਂਦੇ ਫ਼ੀਮਾਂ / --- ਝੋਨੇ ਨੂੰ ਟੁੱਟ ਕੇ ਪੈ ਗਏ / ਖੂਹ ਕਰ 'ਤੇ ਖਾਲੀ / --- ਦੇਸੀ ਬੀਜ ਗੁਆ ਲਏ ਹੋਏ ਅਕਲੋਂ ਥੋੜ੍ਹੇ / ਚਬਦੇ ਸੀ ਛੱਲੀਆਂ ਜਿਨ੍ਹਾਂ ਨਾਲ਼ / ਮੂੰਹ ਹੋ ਗਏ ਬੋੜੇ (69-70)। ਇਕ ਲੰਮੀ ਕਵਿਤਾ 'ਬਾਗਾਂ ਦੀ ਬੁਲਬੁਲ' ਵਿਚ ਜਿੱਥੇ ਧੀ ਦੇ ਵਲਵਲੇ, ਚਾਅ-ਮਲ੍ਹਾਰ, ਉਮੀਦਾਂ, ਸੱਧਰਾਂ ਹਨ ਉੱਥੇ ਹੋਣ ਵਾਲ਼ੇ ਵਰ ਲਈ ਸੰਜੋਏ ਸੁਪਨੇ ਹਨ ਜਿਨ੍ਹਾਂ ਦੀ ਬੁਨਿਆਦ ਧਾਰਮਿਕ ਰਹੁ-ਰੀਤਾਂ ਉਪਰ ਹੈ - ਕਿਰਪਾ ਉਸ ਮਾਲਕ ਦੀ / ਬਖ਼ਸ਼ੇ ਮੈਨੂੰ ਗੁਰਮੁਖ ਮਾਪੇ / ਨਿੱਤਨੇਮ ਦੀਆਂ ਕਦਰਾਂ / ਮੈਨੂੰ ਛੋਹਣ ਲੱਗੀਆਂ ਆਪੇ / --- ਮੈਂ ਸੱਜਣ ਲੋੜਾਂਗੀ / ਜੋ ਤਾਂ ਹੋਵੇ ਸਾਬਤ ਸੂਰਤ / --- ਮੁਜੱਸਮਾ ਗੁਰਬਾਣੀ ਦਾ / ਮੈਨੂੰ ਬੜਾ ਹੀ ਚੰਗਾ ਲੱਗਦਾ / ਸਿੱਖੀ ਦੀਆਂ ਕਦਰਾਂ ਨਾ / ਖਾਂਦਾ ਮੇਲ ਬੜਾ ਹੀ ਫੱਬਦਾ (83-86)। ਵੋਟਾਂ ਦੀ ਰਾਜਨੀਤੀ, ਸਿਆਸਤ ਅਤੇ ਧਰਮ ਦੀ ਨਿੱਜ ਹਿੱਤਾਂ ਲਈ ਕੀਤੀ ਜਾ ਰਹੀ ਵਰਤੋਂ ਨੂੰ ਨੰਗਾ ਕੀਤਾ ਹੈ - ਘਰ ਜਿਨ੍ਹਾਂ ਦੇ ਭੰਗ ਭੁਜਦੀ ਸੀ / ਅੱਜ ਉਹ ਬੈਠੇ ਅੰਬਰ 'ਤੇ / ਗੋਲਕ ਦੇ ਪੈਸੇ ਨੂੰ ਲੁਟਦੇ / ਕਬਜ਼ਾ ਕਰਦੇ ਲੰਗਰ ਤੇ (100)।

ਸਮੁੱਚੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਕਵਿਤਾਵਾਂ ਵਿਚ ਆਮ ਬੋਲਚਾਲ ਦੀ ਭਾਸ਼ਾ, ਪ੍ਰਚਲਤ ਵਿਰਾਸਤੀ ਤੇ ਰਵਾਇਤੀ ਸ਼ਬਦ,ਰਹੁ-ਰੀਤਾਂ, ਸੱਜਰੇ ਮੈਟਾਫਰ, ਬਿੰਬ ਤੇ ਅਲੰਕਾਰਾਂ ਦੀ ਢੁਕਵੀਂ ਵਰਤੋਂ ਕੀਤੀ ਗਈ ਹੈ। ਅਜਿਹੇ ਸ਼ਬਦਾਂ ਦੀ ਵੀ ਵਰਤੋਂ ਕੀਤੀ ਗਈ ਹੈ ਜਿਨ੍ਹਾਂ ਦੇ ਅਲੋਪ ਹੋਣ ਦਾ ਡਰ ਹੈ ਜਿਵੇਂ - ਕੌੜਤੁੰਮੇ, ਸਣਕ ਨਮੋਲ਼ੀ, ਲੇਹ, ਸਣ ਦੇ ਘੁੰਗਰੂ, ਕਲੀਂਡਰ, ਅੱਕਾਂ ਦੀਆਂ ਛਾਵਾਂ. ਤੁੱਕੇ ਆਦਿ। ਕਵਿਤਾ ਪਾਠਕ ਨੂੰ ਸ਼ੁਰੂ ਤੋਂ ਅਖੀਰ ਤੱਕ ਆਪਣੇ ਸਹਿਜ ਵਹਾਅ ਵਿਚ ਲੈ ਤੁਰਦੀ ਹੈ। ਇਹ ਕਵਿਤਾਵਾਂ ਗੁਰਚਰਨ ਸਿੰਘ ਦੀ ਸ਼ਖ਼ਸੀਅਤ ਦਾ ਬਿੰਬ ਹਨ, ਸਮਾਜ ਦਾ ਸ਼ੀਸ਼ਾ ਹਨ ਜੋ ਸੁਚੇਤ ਕਰਦੀਆਂ ਤੇ ਸੇਧ ਦਿੰਦੀਆਂ ਹਨ। ਕਿਤਾਬ ਦੀ ਛਪਾਈ ਸੁੰਦਰ ਹੈ, ਕਿਤੇ ਵੀ ਸ਼ਬਦ-ਜੋੜਾਂ ਜਾਂ ਲਗਾਂ-ਮਾਤਰਾਂ ਵਗੈਰਾ ਦੀ ਕੋਈ ਗ਼ਲਤੀ ਨਹੀਂ ਮਿਲਦੀ। ਇਸ ਲਈ ਪ੍ਰਕਾਸ਼ਕ ਦੀ ਵੀ ਪ੍ਰਸ਼ੰਸਾ ਕਰਨੀ ਬਣਦੀ ਹੈ। ਪੁਸਤਕ ਦੇ ਮੁੱਢ ਵਿਚ ਕਵੀ ਆਪਣੇ ਵੱਲੋਂ ਕਥਨ ਦੇ ਅੰਤ ਵਿਚ ਲਿਖਦਾ ਹੈ,"ਅਰਪਨ ਪੜ੍ਹ ਕੇ ਗਾ ਕੇ ਦੱਸਣਾ ਕਿ ਵੱਟ ਪਾਉਂਦੀ ਹੈ ਜਾਂ ਵੱਟ ਕੱਢਦੀ ਏ। ਇਸ ਬਾਰੇ ਤਾਂ ਇਹੋ ਕਿਹਾ ਜਾ ਸਕਦਾ ਹੈ ਕਿ ਪਾਠਕ ਦੇ ਮਨ ਨੂੰ ਟੁੰਬਦੀ ਏ ਤੇ ਇਹ ਕਾਵਿ-ਸੰਗ੍ਰਹਿ ਗੁਰਚਰਨ ਸਿੰਘ 'ਹੇਹਰ' ਨੂੰ ਇਕ ਸਫਲ ਉਭਰਦੇ ਕਵੀ ਵਜੋਂ ਸਥਾਪਤ ਕਰਦਾ ਹੈ। ਪੁਸਤਕ ਪੜ੍ਹਨ, ਮਾਨਣ ਅਤੇ ਸਾਂਭਣਯੋਗ ਹੈ। ਅਜਿਹੀ ਕਾਵਿ-ਪ੍ਰਤਿਭਾ ਦੇ ਮਾਲਕ ਤੋਂ ਮਾਂ-ਬੋਲੀ ਦੇ ਸਾਹਿਤ-ਪ੍ਰੇਮੀਆਂ ਨੂੰ ਬਹੁਤ ਉਮੀਦਾਂ ਹਨ।

ਸਫ਼ਾ ਇੱਕ ਦੀ ਬਾਕੀ

## ਜ਼ਬਰੀ ਉਗਰਾਹੀ ਅਤੇ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਿਲ 4 ਪੰਜਾਬੀ ਨੌਜਵਾਨਾਂ ਨੂੰ ਦੇਸ਼ ਨਿਕਾਲਾ

ਹਾਲਾਂਕਿ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੇ ਡਿਪੋਰਟ ਕੀਤੇ ਗਏ ਸਾਰੇ ਵਿਅਕਤੀਆਂ ਦੀ ਰਾਸ਼ਟਰੀਅਤਾ ਦਾ ਅਧਿਕਾਰਤ ਖੁਲਾਸਾ ਕਰਨ ਤੋਂ ਗੁਰੇਜ਼ ਕੀਤਾ ਹੈ, ਪਰ ਸੂਤਰਾਂ ਅਨੁਸਾਰ ਡਿਪੋਰਟ ਕੀਤੇ ਗਏ 111 ਲੋਕਾਂ ਵਿੱਚੋਂ 7 ਨੂੰ ਛੱਡ ਕੇ ਬਾਕੀ ਜ਼ਿਆਦਾਤਰ ਭਾਰਤੀ ਮੂਲ ਦੇ ਸਨ। ਇਨ੍ਹਾਂ ਵਿੱਚੋਂ ਬਹੁਤੇ ਵਿਅਕਤੀ ਬ੍ਰਿਟਿਸ਼ ਕੋਲੰਬੀਆ ਅਤੇ -ਨਟਾਰੀ- ਸੂਬਿਆਂ ਵਿੱਚ ਰਹਿ ਰਹੇ ਸਨ। ਏਜੰਸੀ ਦੇ ਅੰਕੜਿਆਂ ਮੁਤਾਬਕ ਸਾਲ 2025 ਵਿੱਚ ਕੁੱਲ 23,160 ਲੋਕਾਂ ਨੂੰ ਉਨ੍ਹਾਂ ਦੇ ਪਿੱਤਰੀ ਦੇਸ਼ਾਂ ਵਿੱਚ ਵਾਪਸ ਭੇਜਿਆ ਗਿਆ ਸੀ, ਜਿਨ੍ਹਾਂ ਵਿੱਚੋਂ 1,010 ਵਿਅਕਤੀ ਗੰਭੀਰ ਅਪਰਾਧਿਕ ਗਤੀਵਿਧੀਆਂ ਵਿੱਚ ਸਾਮਿਲ ਸਨ। ਏਜੰਸੀ ਨੇ ਮੰਨਿਆ ਕਿ ਪਹਿਲਾਂ ਸਟਾਫ ਦੀ ਘਾਟ ਕਾਰਨ ਕਾਨੂੰਨ ਵਿਰੋਧੀ ਅਨਸਰਾਂ ਨੂੰ ਖੁੱਲ੍ਹ ਕੇ ਗਤੀਵਿਧੀਆਂ ਚਲਾਉਣ ਦਾ ਮੌਕਾ ਮਿਲ ਗਿਆ ਸੀ। ਪਰ ਹੁਣ ਇਸ ਸਮੱਸਿਆ ਨਾਲ ਨਜਿੱਠਣ ਲਈ ਕੇਂਦਰ ਸਰਕਾਰ ਵੱਲੋਂ ਬਜਟ ਵਧਾਇਆ ਗਿਆ ਹੈ। ਪਹਿਲਾਂ ਏਜੰਸੀ ਕੋਲ 530 ਅਧਿਕਾਰੀ ਸਨ, ਜਦਕਿ ਹੁਣ 1,000 ਹੋਰ ਨਵੇਂ ਅਧਿਕਾਰੀਆਂ ਦੀ ਭਰਤੀ ਕੀਤੀ ਜਾ ਰਹੀ ਹੈ ਤਾਂ ਜੋ ਸਰਹੱਦੀ ਅਤੇ ਅੰਦਰੂਨੀ ਸੁਰੱਖਿਆ ਨੂੰ ਹੋਰ ਮਜ਼ਬੂਤ ਕੀਤਾ ਜਾ ਸਕੇ।ਫੈਡਰਲ ਲੋਕ ਸੁਰੱਖਿਆ ਮੰਤਰੀ ਗੈਰੀ ਅਨੰਦਾਸੰਗਰੀ ਨੇ ਕਿਹਾ ਕਿ ਕੈਨੇਡਾ ਸਰਕਾਰ ਦੱਖਣੀ ਏਸ਼ਿਆਈ ਮੂਲ ਦੇ ਲੋਕਾਂ ਵੱਲੋਂ ਫੈਲਾਏ ਜਾ ਰਹੇ ਫਿਰੌਤੀ ਅਤੇ ਅੱਤਵਾਦੀ ਮਾਹੌਲ ਦੇ ਖਾਤਮੇ ਲਈ ਪੂਰੀ ਗੰਭੀਰਤਾ ਨਾਲ ਕੰਮ ਕਰ ਰਹੀ ਹੈ। ਮੰਤਰੀ ਨੇ ਸੰਕੇਤ ਦਿੱਤਾ ਕਿ ਗ੍ਰਿਫ਼ਤਾਰ ਅਤੇ ਪੁੱਛਗਿੱਛ ਕੀਤੇ ਜਾ ਰਹੇ ਅਪਰਾਧੀਆਂ ਤੋਂ ਇਹ ਵੀ ਪਤਾ ਲਾਇਆ ਜਾ ਰਿਹਾ ਹੈ ਕਿ ਕੀ ਉਹ ਕਿਸੇ ਬਾਹਰੀ ਵੱਡੀ ਤਾਕਤ ਦੇ ਇਸ਼ਾਰੇ 'ਤੇ ਕੈਨੇਡਾ ਦੀ ਸ਼ਾਂਤੀ ਨੂੰ ਭੰਗ ਕਰਨ ਦੀ ਸਾਜ਼ਿਸ਼ ਰਚ ਰਹੇ ਹਨ?

ਗੱਲ ਤਾਂ ਪਰਦੇ ਦੀ ਹੀ ਹੈ!
ਘਰ ਨਵਾਂ ਹੋਵੇ ਜਾਂ ਪੁਰਾਣਾ ਉਹਦੀ ਦਿੱਖ ਤਾਂ ਪਰਦਿਆਂ ਨਾਲ ਹੀ ਬਣਦੀ ਐ!
ਕਾਲ: 403 953 1000
E Mail: Info@twcoverings.com
Web: www.twcoverings.com
Timelesswindowcoverings



ਸਾਡੇ ਕੋਲ ਵਿੰਡੋ ਬਲਾਈਂਡ ਦੀ ਬੇ-ਸ਼ੁਮਾਰ ਵਰਾਇਟੀ ਹੈ
ਸਾਡੀ ਟੀਮ ਦੇ ਮੈਂਬਰ ਤੁਹਾਡੇ ਘਰ ਆਕੇ ਹੀ ਤੁਹਾਨੂੰ ਡਿਜ਼ਾਈਨ ਦਿਖਾਕੇ ਤੁਹਾਡੀ ਪਸੰਦ ਦੇ ਬਲਾਈਂਡ ਬਣਾਕੇ ਦੇਣਗੇ।
TWC TIMELESS WINDOW COVERINGS


ਇੱਕ ਆਖਰੀ ਮੌਕਾ
ਅਣਗਿਣਤ ਨਵੀਆਂ ਸ਼ੁਰੂਆਤਾ
ਆਖਿਰੀ ਫੇਸ ਹੁਣ ਵੇਚ ਰਹੇ ਹਾਂ
Homes Starting from the High $500s
ਚੈਸਟਰਮੀਰ ਦੇ ਝੀਲ-ਕੰਢੇ ਵਸੇ ਸ਼ਹਿਰ ਵਿੱਚ ਸਥਿਤ 'ਡਾਸਨਜ਼ ਲੈਂਡਿੰਗ' (Dawson's Landing) ਇੱਕ ਸਥਾਪਿਤ ਭਾਈਚਾਰਾ ਹੈ, ਜਿੱਥੋਂ ਸਕੂਲਾਂ, ਪਾਰਕਾਂ, ਖਰੀਦਦਾਰੀ ਅਤੇ ਹੋਰ ਸਹੂਲਤਾਂ ਤੱਕ ਆਸਾਨ ਪਹੁੰਚ ਮਿਲਦੀ ਹੈ। ਤੁਸੀ ਇੱਥੋਂ ਦੇ 5 ਪਾਰਕਾਂ ਵਿੱਚੋਂ ਕਿਸੇ ਇੱਕ ਵਿੱਚ ਦੋਸਤਾਂ ਨਾਲ ਇਕੱਠੇ ਹੋ ਸਕਦੇ ਹੋ, ਖੇਡ-ਮੈਦਾਨ (playground) ਵਿੱਚ ਦੁਪਹਿਰ ਦਾ ਸਮਾਂ ਬਿਤਾ ਸਕਦੇ ਹੋ, ਬਾਸਕਟਬਾਲ ਕੋਰਟ 'ਤੇ ਖੇਡ ਸਕਦੇ ਹੋ, ਜਾਂ ਸੁੰਦਰ ਪੈਦਲ-ਮਾਰਗਾਂ 'ਤੇ ਸੈਰ ਦਾ ਆਨੰਦ ਲੈ ਸਕਦੇ ਹੋ। ਡੌਂਗ ਪਾਰਕ ਅਤੇ ਈਕੋ ਪਾਰਕ ਦੇ ਖੁੱਲਹਣ ਨਾਲ, ਡਾਸਨਜ਼ ਲੈਂਡਿੰਗ ਸੱਚਮੁੱਚ ਆਰਾਮ ਅਤੇ ਸਹੂਲਤ ਦਾ ਇੱਕ ਵਧੀਆ ਸੁਮੇਲ ਪੇਸ਼ ਕਰਦਾ ਹੈ।
ਤੁਹਾਨੂੰ ਸੱਦਾ ਹੈ
Eco Park Opening
Saturday, October 3, 2026
1:00 PM – 4:00 PM
DAWSON'S LANDING
CHESTERMERE
Visit Us Today! liveindawsonslanding.ca
• Broadview Homes • Sterling Homes • Trico Homes
• NuVista Homes • Truman • Genesis Builders
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


ਉਹ ਜ਼ਿੰਦਗੀ ਜੀਓ, ਜਿਸਦੀ
ਤੁਸੀ ਹਮੇਸ਼ਾ ਕਲਪਨਾ ਕੀਤੀ ਹੈ
ਨਵੀਆਂ ਲਾਟਾਂ ਆ ਗਈਆਂ ਹਨ
ਚੈਸਟਰਮੀਅਰ ਦੇ ਪੱਛਮੀ ਸਿਰੇ 'ਤੇ ਸਥਿਤ,ਬਿਰ੍ਜਪੋਰਟ ਸ਼ਾਂਤ ਝੀਲ ਦੇ ਰਹਿਣ-ਸਹਿਣ ਅਤੇ ਸ਼ਹਿਰੀ ਸਹੂਲਤ ਦਾ ਸੰਤੁਲਨ ਪੇਸ਼ ਕਰਦਾ ਹੈ। ਭਾਈਚਾਰੇ ਦੇ ਦੂਜੇਪੜਾਅ ਵਿੱਚ ਦੁਰਲੱਭ ਕੁਲ-ਡੀ-ਸੈਕ, ਵਾਕਆਊਟ, ਅਤੇ ਪਾਈ-ਆਕਾਰ ਵਾਲੇ ਲਾਟ ਸ਼ਾਮਲ ਹਨ, ਜਿਨਹ੍ਾਂ ਵਿੱਚੋਂ ਕੁਝ ਹਰੇ-ਭਰੇ ਸਥਾਨਾਂ ਅਤੇ ਭਵਿੱਖ ਦੇ ਸਕੂਲ ਸਾਈਟ 'ਤੇ ਵਾਪਸ ਆਉਦੇ ਹਨ
bridgeport CHESTERMERE
ਅੱਜ ਹੀ ਆਪਣਾ ਲਾਟ ਲੱਭੋ!
liveinbridgeport.com
• Shane Homes • Broadview Homes • NuVista Homes • Excel Homes New
• Truman Homes • Trico Homes • Sterling Homes
LANED DUPLEXES from the Low $500s
LANED HOMES from the Mid $500s
FRONT GARAGE from the High $600s
TOWNHOMES New COMING SOON
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


VANTAGE RISE
AIRDRIE
ਗਰੈਂਡ ਓਪਨਿੰਗ
ਸਨਿੱਚਰਵਾਰ 26 ਸਤੰਬਰ
ਦੁਪਹਿਰ 1:00 ਤੋਂ 4:00 ਵਜੇ ਤੱਕ
160 ACRES OF SCENIC LIVING
12.25 ACRE COMMERCIAL SITE
15 ACRES OF ACTIVE OUTDOOR SPACE
ਵੈਂਟੇਜ ਰਾਈਜ਼ ਵਿੱਚ ਬਿਹਤਰ ਰਹਿਣ-ਸਹਿਣ ਵਿੱਚ ਵਾਧਾ ਕਰੋ।
ਵੈਂਟੇਜ ਰਾਈਜ਼ ਏਅਰਡਰ੍ਹੀ ਦਾ ਸਭ ਤੋਂ ਨਵਾਂ ਭਾਈਚਾਰਾ ਹੈ ਜੋ ਸ਼ਹਿਰੀ ਸਹੂਲਤ ਨੂੰ ਬਾਹਰੀ ਆਕਰਸ਼ਣ ਨਾਲ ਸਹਿਜੇ ਹੀ ਮਿਲਾਉਣ ਲਈ ਤਿਆਰ ਕੀਤਾ ਗਿਆ ਹੈ। ਇਸ ਸੋਚ-ਸਮਝ ਕੇ ਯੋਜਨਾਬੱਧ ਆਂਢ-ਗੁਆਂਢ ਵਿੱਚ ਇੱਕ ਗਤੀਸ਼ੀਲ ਵਪਾਰਕ ਸਾਈਟ ਅਤੇ ਉੱਚ-ਗੁਣਵੱਤਾ ਵਾਲੀਆਂ ਬਾਹਰੀ ਥਾਵਾਂ ਹੋਣਗੀਆਂ। ਕਮਿਊਨਿਟੀ ਕਨੈਕਸ਼ਨ ਅਤੇ ਜੀਵੰਤ ਬਾਹਰੀ ਰਹਿਣ-ਸਹਿਣ 'ਤੇ ਆਪਣੇ ਧਿਆਨ ਦੇ ਨਾਲ, ਵੈਂਟੇਜ ਰਾਈਜ਼ ਏਅਰਡਰ੍ਹੀ ਦੇ ਦੱਖਣ-ਪੱਛਮ ਵਿੱਚ ਇੱਕ ਜੀਵੰਤ ਅਤੇ ਸਵਾਗਤਯੋਗ ਜੋੜ ਹੋਣ ਦਾ ਵਾਅਦਾ ਕਰਦਾ ਹੈ।
Townhomes from the high $400s
Laned Homes from the mid $500s
Front Garage from the low $700s
liveinvantagerise.com
Reach out to a builder to put your lot on hold!
• Broadview Homes • Shane Homes • StreetSide Developments
• McKee Homes • Sterling Homes
• NuVista Homes • Trico Homes
WE CREATE LEGACY COMMUNITIES THAT INSPIRE PRIDE, ENRICH LIVES AND ENDURE IN VALUE.
QUALICO communities


BHINDER EXTERIORS LTD.
BHINDER EXTERIOR
ਕੁਦਰਤ ਦੀ ਗੜੇਮਾਰੀ ਕਾਰਣ ਘਰਾਂ ਦੇ ਹੋਏ ਨੁਕਸਾਨ ਦਾ ਹੁਣ ਕੀ ਕਰੀਏ ?
ਤੁਸੀਂ ਕੁੱਝ ਨਹੀਂ ਕਰਨਾ ਸਿਰਫ ਭਿੰਡਰ ਐਕਸਟੀਰੀਅਰ ਵਾਲਿਆਂ ਨੂੰ ਫੋਨ ਕਾਲ ਹੀ ਕਰਨੀ ਹੈ।
ਹੁਣ ਤੁਸੀਂ ਸਾਈਡਿੰਗ ਚੇਂਜ ਕਰਕੇ ਸਟੱਕੋ ਵੀ ਕਰਵਾ ਸਕਦੇ ਹੋ
ਇੰਸ਼ੋਰੈਂਸ ਕੰਪਨੀ ਨਾਲ ਉਹ ਆਪੇ ਹੀ ਡੀਲ ਕਰਕੇ ਤੁਹਾਡੇ ਘਰ ਨੂੰ ਪਹਿਲਾਂ ਨਾਲੋਂ ਵੀ ਸੋਹਣਾ ਅਤੇ ਨਵਾਂ ਨਕੋਰ ਬਣਾ ਦੇਣਗੇ।
* ਸਾਨੂੰ ਵਰਕਰਾਂ ਦੀ ਲੋੜ ਹੈ
All kind of Exterior Service
* Siding * Soffit
* Fascia * Cedar
* Smart Board
* Paper Wire
* Stucco & Roofing
* Eavestrough
FREE Estimate
Call: 403 680 0436
Email: sandeeptoor72@gmail.com